
ਸਿਰਜਣਾ
ਜਨਵਰੀ-ਮਾਰਚ 2025
215
50 ਰੁਪਏ

# ਸਿਰਜਣਾ

**215**

**ਜਨਵਰੀ-ਮਾਰਚ 2025**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**



1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

***SIRJANA***
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਢਾਹਾਂ ਇਨਾਮ 2024 ਬਾਰੇ/1

ਰਵਿੰਦਰ ਰਵੀ/ਕਵਿਤਾ/ਇਸ਼ਕ ਦੇ ਅਮਰ ਨਿਸ਼ਾਨ/3

ਦੇਵਿੰਦਰ ਬਿਮਰਾ/ਕਵਿਤਾ/ਬੱਸ ਲਿਖ ਲੈਂਦਾ ਹਾਂ/4

ਨਿਰੰਜਨ/ਅੱਠ ਕਵਿਤਾਵਾਂ/5

ਵਰਿਆਮ ਸਿੰਘ ਸੰਧੂ/ਸ਼ਬਦ ਚਿੱਤਰ/ਸੁਹੇਲੜਾ ਸੱਜਣ- ਸੁਹੇਲ/11

ਸਾਧੂ ਸਿੰਘ/ਕਹਾਣੀ/ਦਫ਼ਾ 188/30

ਮੇਜਰ ਮਾਂਗਟ/ਕਹਾਣੀ/ਘੁੰਮਣਘੇਰ/39

ਅਲੀ ਉਸਮਾਨ ਬਾਜਵਾ/ਕਹਾਣੀ/ਗੁੱਝੀ ਸੱਟ/49

ਜੋਗੇ ਭੰਗਲ/ਕਹਾਣੀ/ਕੋਈ ਨਵਾਂ ਦੇਸ਼ ਪੰਜਾਬ/57

ਜਸਵੰਤ ਰਾਏ/ਕਹਾਣੀ/ਇਕ ਬੱਤੀ ਵਾਲਾ ਮੀਟਰ/62

ਬਲਜੀਤ ਬਾਸੀ/ਸ਼ਬਦ ਝਰੋਖਾ/ਟਾਟਾ ਕਿ ਤੱਤਾ/65

ਗੁਰਦੇਵ ਸਿੰਘ ਸਿੱਧੂ/ਲੇਖ/ਸਿੱਖ ਧਰਮ ਵਿਚ ਵਰਣ ਵੰਡ ਦੇ ਪਹਿਰੂਏ- ਗੁਰੂ ਬੰਸਜ/68

ਜਤਿੰਦਰ ਸਿੰਘ/ਰਿਵਿਊ ਲੇਖ/ਸਮੁੰਦਰ ਨੂੰ ਪੁੱਛੇ ਨਦੀ/77

ਜਸਬੀਰ/ਰਿਵਿਊ/ਸੁਪਨੇ ਤੇ ਪਰਛਾਵੇਂ/82

ਪਰਗਟ ਸਿੰਘ ਬਰਾੜ/ਰਿਵਿਊ/ਫਨੀਅਰ/84/ਅੜੇ ਥੁੜੇ/88

ਪੁਸ਼ਵਿੰਦਰ ਕੌਰ/ਨਿੱਕੀਆਂ ਵੱਡੀਆਂ ਗੱਲਾਂ/86/ਮਨ-ਕਸੁੰਭਾ/90

ਰਘਬੀਰ ਸਿੰਘ/ਰਿਵਿਊ/ਜ਼ਰਦ ਰੰਗਾਂ ਦਾ ਮੌਸਮ/


---

**ਟਾਈਟਲ ਚਿੱਤਰ : ਦੇਵ**

---


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਪੰਜ ਸਾਲ : 100 ਅਮਰੀਕਨ ਡਾਲਰ**

*ਸੰਪਾਦਕੀ*

# *ਢਾਹਾਂ ਇਨਾਮ 2024 ਬਾਰੇ*

*ਢਾਹਾਂ ਇਨਾਮ ਨੂੰ ਸਥਾਪਤ ਹੋਇਆਂ ਗਿਆਰਾਂ ਵਰ੍ਹੇ ਹੋ ਗਏ ਹਨ। ਪੰਜਾਬੀ ਵਿਚ ਸਭ ਤੋਂ ਵੱਡੀ ਰਾਸ਼ੀ ਵਾਲਾ ਇਹ ਇਨਾਮ ਵੈਨਕੂਵਰ ਕੈਨੇਡਾ ਵਸਦੇ ਪੰਜਾਬੀ ਮੂਲ ਦੇ ਇਕ ਸਫਲ ਕਾਰੋਬਾਰੀ ਮਨੁੱਖ ਬਾਰਜ ਢਾਹਾਂ ਵੱਲੋਂ 2013 ਵਿਚ ਸ਼ੁਰੂ ਕੀਤਾ ਗਿਆ ਸੀ। ਉਦੋਂ 25 ਹਜ਼ਾਰ ਕੈਨੇਡੀਅਨ ਡਾਲਰ ਇਨਾਮ ਜੇਤੂ ਨੂੰ ਅਤੇ ਪੰਜ ਪੰਜ ਹਜ਼ਾਰ ਕੈਨੇਡੀਅਨ ਡਾਲਰ ਦੋ ਫਾਈਨਲਿਸਟਾਂ ਨੂੰ ਦੇਣ ਦਾ ਐਲਾਨ ਕੀਤਾ ਗਿਆ ਸੀ। ਮਗਰੋਂ ਦੋ ਫਾਈਨਲਿਸਟ ਇਨਾਮਾਂ ਦੀ ਰਾਸ਼ੀ ਵਧਾ ਕੇ ਦਸ ਦਸ ਹਜ਼ਾਰ ਕਰ ਦਿੱਤੀ ਗਈ ਸੀ। ਪੰਜਾਬੀ ਤਾਂ ਕੀ, ਭਾਰਤ ਤੇ ਪਾਕਿਸਤਾਨ ਦੀਆਂ ਹੋਰ ਜ਼ੁਬਾਨਾਂ ਵਿਚ ਵੀ ਏਡੀ ਵੱਡੀ ਰਕਮ ਵਾਲਾ ਕੋਈ ਇਨਾਮ ਮੌਜੂਦ ਨਹੀਂ ਸੀ। ਇਸ ਲਈ ਪੰਜਾਬੀ ਸਾਹਿਤ ਜਗਤ ਨੇ ਹੈਰਾਨੀ ਭਰੀ ਖ਼ੁਸ਼ੀ ਨਾਲ 'ਢਾਹਾਂ ਸਾਹਿਤ ਇਨਾਮ' ਦਾ ਸਵਾਗਤ ਕੀਤਾ। ਇਸ ਇਨਾਮ ਦੀ ਫੰਡਿੰਗ ਦਾ ਸਾਰਾ ਪ੍ਰਬੰਧ ਬਾਰਜ ਢਾਹਾਂ ਨੇ ਆਪਣੇ ਨਿੱਜੀ ਪਰਿਵਾਰਕ ਵਸੀਲਿਆਂ ਅਤੇ ਨੇੜਲੇ ਸਕੇ ਸੰਬੰਧੀਆਂ ਦੇ ਸਹਿਯੋਗ ਨਾਲ ਕੀਤਾ ਸੀ। ਆਮ ਰੂਪ ਵਿਚ ਇਨਾਮ ਦੇ ਸੰਸਥਾਪਕ ਵਜੋਂ ਬਾਰਜ ਢਾਹਾਂ ਦੀ ਸ਼ਲਾਘਾ ਹੋਈ, ਭਾਵੇਂ ਕੁਝ ਹਲਕੇ ਅਜਿਹੇ ਵੀ ਹੋ ਸਕਦੇ ਹਨ ਜੋ ਓਹਲੇ ਵਿਚ ਕੁਝ ਹੋਰ ਕਹਿਣ ਦੀ ਕੋਸ਼ਿਸ਼ ਕਰਦੇ ਹੋਣ। ਸਾਰੀ ਪ੍ਰਕਿਰਿਆ ਮੁਕੰਮਲ ਕਰ ਕੇ ਪਹਿਲਾ ਢਾਹਾਂ ਇਨਾਮ 2014 ਵਿਚ ਵੈਨਕੂਵਰ ਵਿਚ ਇਕ ਭਰਵੇਂ ਸਮਾਰੋਹ ਵਿਚ ਦਿੱਤਾ ਗਿਆ। ਉਸਤੋਂ ਮਗਰੋਂ ਹਰ ਸਾਲ ਇਸੇ ਤਰ੍ਹਾਂ ਕੀਤਾ ਜਾਂਦਾ ਰਿਹਾ ਹੈ।*

*ਇਨਾਮ ਸ਼ੁਰੂ ਕਰਨ ਤੋਂ ਪਹਿਲਾਂ ਬਾਰਜ ਢਾਹਾਂ ਨੇ ਕੈਨੇਡਾ ਅਤੇ ਹੋਰ ਪੱਛਮੀ ਦੇਸ਼ਾਂ ਵਿਚ ਦਿੱਤੇ ਜਾਂਦੇ ਸਾਹਿਤ ਇਨਾਮਾਂ ਦੀ ਪ੍ਰਕਿਰਿਆ ਜਾਨਣ ਦੇ ਨਾਲ ਨਾਲ ਸਥਾਨਕ ਅਤੇ ਭਾਰਤ ਪਾਕਿਸਤਾਨ ਵਿਚਲੇ ਉੱਘੇ ਪੰਜਾਬੀ ਲੇਖਕਾਂ, ਆਲੋਚਕਾਂ ਤੇ ਵਿਦਵਾਨਾਂ ਨਾਲ ਰਾਬਤਾ ਬਣਾਇਆ ਸੀ ਅਤੇ ਲੰਮੇ ਵਿਚਾਰ-ਵਟਾਂਦਰੇ ਪਿੱਛੋਂ ਇਸ ਇਨਾਮ ਦੀ ਕਾਰਜ ਪ੍ਰਣਾਲੀ ਤੈਅ ਕੀਤੀ ਸੀ। ਭਾਰਤ ਤੇ ਪਾਕਿਸਤਾਨ ਵਿਚਲੇ ਦੋਹਾਂ ਪੰਜਾਬਾਂ ਸਮੇਤ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਵਿਚੋਂ ਲੇਖਕਾਂ ਵਿਦਵਾਨਾਂ ਦੀ ਚੋਣ ਕਰ ਕੇ ਦਸ ਮੈਂਬਰਾਂ 'ਤੇ ਆਧਾਰਤ ਇਕ ਸਲਾਹਕਾਰ ਕਮੇਟੀ ਬਣਾਈ ਗਈ, ਜਿਸ ਦੀ ਬਣਤਰ ਵਿਚ ਸਮੇਂ ਸਮੇਂ ਤਬਦੀਲੀ ਵੀ ਹੁੰਦੀ ਰਹੀ ਹੈ। ਹੁਣ ਤਕ ਕੁੱਲ ਪੰਦਰਾਂ ਵਿਦਵਾਨਾਂ ਨੇ ਸਲਾਹਕਾਰ ਵਜੋਂ ਸੇਵਾ ਨਿਭਾਈ ਹੈ। ਸਲਾਹਕਾਰ ਇਨਾਮ ਦੀ ਪ੍ਰਕਿਰਿਆ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਚਾਰ ਕਰਨ ਅਤੇ ਜਿਊਰੀਆਂ ਦੇ ਗਠਨ ਬਾਰੇ ਆਪਣੀ ਸਲਾਹ ਦੇਣ ਵਿਚ ਹਿੱਸੇਦਾਰ ਹੁੰਦੇ ਹਨ, ਪਰ ਕਿਸੇ ਵੀ ਪੱਧਰ ਉੱਤੇ ਫੈਸਲੇ ਲੈਣ ਵਿਚ ਉਹਨਾਂ ਦਾ ਕੋਈ ਦਖਲ ਨਹੀਂ ਹੁੰਦਾ। ਸਲਾਹਕਾਰ ਕਮੇਟੀ ਦਾ ਮੁਖੀ ਅਵੱਸ਼ ਵੱਡੀ ਜ਼ਿੰਮੇਵਾਰੀ ਨਿਭਾਉਂਦਾ ਹੈ।*

*ਢਾਹਾਂ ਇਨਾਮ ਦੀ ਚੋਣ ਪ੍ਰਕਿਰਿਆ ਬਹੁਤ ਸਾਫ ਸਪਸ਼ਟ ਹੈ ਜੋ ਤਿੰਨ ਤਿੰਨ ਮੈਂਬਰਾਂ ਉੱਤੇ ਆਧਾਰਤ ਤਿੰਨ ਜਿਊਰੀਆਂ ਰਾਹੀਂ ਦੋ ਪੜਾਵਾਂ ਵਿਚ ਨੇਪਰੇ ਚੜ੍ਹਦੀ ਹੈ। ਇਨਾਮ ਦੀ ਚੋਣ ਦਾ ਆਧਾਰ ਸਿਰਫ ਕਿਤਾਬ ਦੀ ਉੱਤਮਤਾ ਹੈ, ਇਸ ਵਿਚ ਲੇਖਕ ਦੇ ਨਾਂ, ਉਮਰ, ਰੁਤਬੇ, ਪਿਛੋਕੜ, ਦੇਸ਼, ਜਾਤੀ, ਮਜ਼ਹਬ, ਵਿਸ਼ਵਾਸ ਆਦਿ ਦਾ ਕੋਈ ਦਖਲ ਨਹੀਂ। ਪਹਿਲਾਂ ਤੋਂ ਬਣੇ ਪੈਨਲ ਅਤੇ ਢਾਹਾਂ ਇਨਾਮ ਦੀ ਪ੍ਰਬੰਧਕੀ ਟੀਮ ਤੇ ਸਲਾਹਕਾਰਾਂ ਵੱਲੋਂ ਸੁਝਾਏ ਗਏ ਨਵੇਂ ਨਾਵਾਂ ਵਿਚੋਂ ਸਲਾਹਕਾਰ ਕਮੇਟੀ ਦਾ ਮੁਖੀ ਜਿਊਰੀਆਂ ਦੇ ਮੈਂਬਰਾਂ ਦੀ ਚੋਣ ਕਰਦਾ ਹੈ ਅਤੇ ਜਿਊਰੀਆਂ ਦੇ ਸਮੁੱਚੇ ਕਾਰਜ ਲਈ ਸੂਤਰਧਾਰ ਦਾ ਫਰਜ਼ ਵੀ ਨਿਭਾਉਂਦਾ ਹੈ। ਸੌਂਪੇ ਕੰਮ ਨੂੰ ਵਿਧੀਵਤ ਰੂਪ*

*ਵਿਚ ਨੇਪਰੇ ਚਾੜ੍ਹਨ ਲਈ ਜਿਊਰੀ ਮੈਂਬਰਾਂ ਨੇ ਨੇਮਾਂ ਦੀ ਪਾਲਣਾ ਦਾ ਅਹਿਦਨਾਮਾ ਕਬੂਲਣਾ ਹੁੰਦਾ ਹੈ , ਜਿਨ੍ਹਾਂ ਵਿਚ ਇਨਾਮ ਦੇ ਫੈਸਲੇ ਦਾ ਰਸਮੀ ਐਲਾਨ ਹੋਣ ਤਕ ਸਾਰੀ ਅੰਦਰੂਨੀ ਵਿਚਾਰ ਚਰਚਾ ਅਤੇ ਫੈਸਲਾ ਨਸ਼ਰ ਨਾ ਕਰਨ ਦਾ ਵਚਨ ਸ਼ਾਮਲ ਹੈ। ਇਹ ਸਾਰਾ ਕੁਝ ਢਾਹਾਂ ਇਨਾਮ ਦੀ ਵੈੱਬਸਾਈਟ ਉੱਤੇ ਮੌਜੂਦ ਹੈ। ਗਿਆਰਾਂ ਸਾਲਾਂ ਵਿਚ 75 ਵਿਦਵਾਨਾਂ ਆਲੋਚਕਾਂ ਨੇ ਜਿਊਰੀ ਮੈਂਬਰਾਂ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ ਹਨ।*

*ਇਹਨਾਂ ਸਾਰੇ ਸਾਲਾਂ ਦੌਰਾਨ ਨਾਮਜ਼ਦਗੀਆਂ ਮੰਗਣ ਜਾਂ ਨਾ ਮੰਗਣ ਬਾਰੇ ਬਹਿਸ ਮੁਬਾਹਸਾ ਤਾਂ ਹੋਇਆ ਹੈ, ਉਤਸੁਕਤਾ ਵਸ ਇਨਾਮ ਜੇਤੂਆਂ ਜਾਂ ਜਿਊਰੀਆਂ ਬਾਰੇ ਕਿਆਸ ਆਰਾਈਆਂ ਦੇ ਰੂਪ ਵਿਚ ਸੋਸ਼ਲ ਮੀਡੀਆ ਉੱਤੇ ਟਿੱਪਣੀਆਂ ਵੀ ਹੁੰਦੀਆਂ ਰਹੀਆਂ ਹਨ, ਪਰ ਕਿਸੇ ਨੇ ਪ੍ਰਬੰਧਕਾਂ ਦੇ ਆਸ਼ਿਆਂ ਬਾਰੇ ਕਦੇ ਕੋਈ ਉਂਗਲ਼ ਨਹੀਂ ਉਠਾਈ, ਸਗੋਂ ਸਾਲ ਦਰ ਸਾਲ ਇਨਾਮ ਦੀ ਪ੍ਰਤਿਸ਼ਠਾ ਵਿਚ ਵਾਧਾ ਹੁੰਦਾ ਗਿਆ ਹੈ।*

*ਗਿਆਰਵਾਂ ਸਮਾਰੋਹ 14 ਨਵੰਬਰ 2024 ਨੂੰ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਸਮਾਰੋਹ ਉੱਤੇ ਦੋ ਲੇਖਕ ਜਿੰਦਰ ਅਤੇ ਸੁਰਿੰਦਰ ਨੀਰ ਪਹੁੰਚੇ ਸਨ, ਜਦਕਿ ਵੀਜ਼ਾ ਹਾਸਲ ਕਰ ਸਕਣ ਦੀਆਂ ਮੁਸ਼ਕਲਾਂ ਕਾਰਨ ਸ਼ਹਿਜ਼ਾਦ ਅਸਲਮ ਪਹੁੰਚਣ ਤੋਂ ਖੁੰਝ ਗਏ ਸਨ। ਪਹਿਲਾਂ ਵਾਂਗ ਸਮਾਰੋਹ ਲਈ ਪਹੁੰਚੇ ਦੋਹਾਂ ਲੇਖਕਾਂ ਦੀ ਵੈਨਕੂਵਰ ਵਿਚ ਠਹਿਰ ਦੌਰਾਨ ਮੀਡੀਆ ਇੰਟਰਵਿਊ ਵੀ ਕਰਵਾਏ ਗਏ। ਮੁਖ ਸਮਾਰੋਹ ਤੋਂ ਬਿਨਾਂ ਜੇਤੂ ਲੇਖਕਾਂ ਨਾਲ ਮਿਲਣੀ ਦੇ ਹੋਰ ਪ੍ਰੋਗਰਾਮ ਵੀ ਖ਼ੂਬਸੂਰਤੀ ਨਾਲ ਨਿਪਟ ਗਏ।*

*ਐਪਰ 20 ਦਸੰਬਰ ਨੂੰ ਜਿਵੇਂ ਇਕ ਅਚੰਭਾ ਵਾਪਰਿਆ ਜਦੋਂ ਬਾਰਜ ਢਾਹਾਂ ਨੇ ਮੀਡੀਆ ਉੱਤੇ ਇਕ ਵੀਡੀਉ ਪੋਸਟ ਪਾਈ ਅਤੇ ਨਾਲ ਹੀ ਲਿਖਤੀ ਬਿਆਨ ਜਾਰੀ ਕੀਤਾ, ਜਿਸ ਵਿਚ ਉਹਨਾਂ 2024 ਦੇ ਢਾਹਾਂ ਇਨਾਮ ਜੇਤੂ ਜਿੰਦਰ ਅਤੇ ਫਾਈਨਲਿਸਟ ਸ਼ਹਿਜ਼ਾਦ ਅਸਲਮ ਦੇ ਵਿਹਾਰ ਉੱਤੇ ਪਰੇਸ਼ਾਨੀ ਤੇ ਨਿਰਾਸ਼ਾ ਪ੍ਰਗਟ ਕੀਤੀ ਸੀ। ਦੋਹਾਂ ਲੇਖਕਾਂ ਨੇ ਪਹਿਲਾਂ ਵੀ ਢਾਹਾਂ ਇਨਾਮ ਲਈ ਨਾਮਜ਼ਦਗੀਆਂ ਭਰੀਆਂ ਸਨ, ਜਿੰਦਰ ਨੇ ਆਪਣੀ ਕਿਤਾਬ 'ਸਿਆਸਤ ਖੇਡ ਸਿਆਸਤ' ਲਈ 2021 ਵਿਚ ਅਤੇ ਸ਼ਹਿਜ਼ਾਦ ਅਸਲਮ ਨੇ ਦੋ ਵਾਰ, 'ਵਾਵਰੋਲੇ' ਲਈ 2021 ਅਤੇ 'ਦਰਿਆਵਾਂ ਦੇ ਹਾਣੀ' ਲਈ 2022 ਵਿਚ। ਸ਼ਾਇਦ ਦੋਹਾਂ ਲੇਖਕਾਂ ਦੇ ਕੋਈ ਪੁਰਾਣੇ ਗਿਲੇ ਸ਼ਿਕਵੇ ਹੋਣ। ਜਿੰਦਰ ਨੇ ਢਾਹਾਂ ਇਨਾਮ ਦੇ ਸਮਾਰੋਹਾਂ ਦੇ ਦੌਰਾਨ ਸਰੀ ਵਿਚ ਨਵਜੋਤ ਢਿੱਲੋਂ ਦੇ ਪ੍ਰੋਗਰਾਮ ਵਿਚ ਜੋ ਇੰਟਰਵਿਊ ਦਿੱਤੀ, ਉਸ ਵਿਚ ਬਾਰਜ ਢਾਹਾਂ ਅਨੁਸਾਰ ਸਵੈ ਮਹਿਮਾ ਦੇ ਨਾਲ ਢਾਹਾਂ ਪ੍ਰਾਈਜ਼ ਦੇ ਲਗਪਗ ਹਰ ਪਹਿਲੂ ਨੂੰ ਵੀ ਬਦਨਾਮ ਕੀਤਾ ਗਿਆ ਸੀ। ਜਿੰਦਰ ਨੇ ਇਹ ਵੀ ਆਖਿਆ ਸੀ ਕਿ ਕਿਤਾਬਾਂ ਦੀ ਛੋਟੀ ਸੂਚੀ ਦੇ ਐਲਾਨ ਤੋਂ ਬਾਅਦ ਉਸ ਨੂੰ ਪਤਾ ਸੀ ਕਿ ਉਮਰ ਵਿਚ ਵੱਡੇ ਹੋਣ ਕਰ ਕੇ ਢਾਹਾਂ ਪ੍ਰਾਈਜ਼ ਦੇ ਜੇਤੂ ਉਹ ਹੀ ਹੋਣਗੇ, ਜਦਕਿ ਉਮਰ ਵਿਚ ਵੱਡੇ ਹੋਣ ਦੀ ਧਾਰਨਾ ਢਾਹਾਂ ਇਨਾਮ ਦੇ ਨੇਮਾਂ ਦਾ ਹਿੱਸਾ ਨਹੀਂ। ਜਿੰਦਰ ਨੇ ਹੀ 2022 ਵਿਚ ਸ਼ਹਿਜ਼ਾਦ ਅਸਲਮ ਨਾਲ ਇਕ ਮੁਲਾਕਾਤ ਕੀਤੀ ਜੋ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਹੁੰਦੇ ਤਿਮਾਹੀ ਰਿਸਾਲੇ 'ਵਾਹਗਾ' ਵਿਚ ਛਪਵਾਈ ਗਈ ਸੀ। ਇਹੋ ਮੁਲਾਕਾਤ ਅਸਲਮ ਨੇ 2023 ਵਿਚ 'ਜੰਗਲ਼ ਰਾਖੇ ਜੱਗ ਦੇ' ਕਿਤਾਬ ਵਿਚ ਸ਼ਾਮਲ ਕੀਤੀ। ਇਸ ਮੁਲਾਕਾਤ ਵਿਚ ਅਸਲਮ ਨੇ ਵੀ ਜਿੰਦਰ ਵਾਂਗ ਢਾਹਾਂ ਪ੍ਰਾਈਜ਼, ਢਾਹਾਂ ਪਰਿਵਾਰ, ਸਲਾਹਕਾਰ ਮੈਂਬਰਾਂ, ਜਿਊਰੀਆਂ ਆਦਿ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਗਈਆਂ ਹਨ। ਬਾਰਜ ਢਾਹਾਂ ਨੇ ਸੰਦੇਹ ਪ੍ਰਗਟ ਕੀਤਾ ਕਿ ਇਹ ਸਭ ਕੁਝ ਜਿੰਦਰ ਤੇ ਸ਼ਹਿਜ਼ਾਦ ਅਸਲਮ ਨੇ ਗਿਣੀ ਮਿਥੀ ਯੋਜਨਾ ਨਾਲ ਕੀਤਾ ਸੀ, ਜੋ ਡੂੰਘੀ ਪਰੇਸ਼ਾਨੀ ਤੇ ਚਿੰਤਾ ਦਾ ਵਿਸ਼ਾ ਹੈ।*

*ਇਹ ਸਾਰੀ ਸਥਿਤੀ ਹੈ ਤਾਂ ਚੋਖੀ ਵਿਅੰਗਮਈ, ਪਰ ਬਾਰਜ ਢਾਹਾਂ ਦੀ ਇਸ ਵੀਡੀਉ ਵਾਰਤਾ ਨਾਲ 2024 ਦੇ ਢਾਹਾਂ ਇਨਾਮ ਦੇ ਫੈਸਲੇ ਉੱਤੇ ਕੋਈ ਅਸਰ ਨਹੀਂ ਪਿਆ। ਜੇਤੂ ਤੇ ਫਾਈਨਲਿਸਟ ਪੁਸਤਕਾਂ ਵਜੋਂ 'ਸੇਫਟੀ ਕਿੱਟ' ਤੇ 'ਜੰਗਲ ਰਾਖੇ ਜੱਗ ਦੇ' ਮਹਿਫੂਜ਼ ਹਨ। 000*

## ਰਵਿੰਦਰ ਰਵੀ: ਕਵਿਤਾ: ਇਸ਼ਕ ਦੇ ਅਮਰ ਨਿਸ਼ਾਨ

ਸ਼ਬਦ ਕਲਾ ਤੋਂ, ਇਕ ਸ਼ਿਅਰ ਹੀ
ਬਣ ਜਾਵੇ ਦੀਵਾਨ
ਇਕੋ ਸੂਤਰ ਵਿਚ ਸਮਾਵੇ
ਸਦੀਆਂ ਦਾ ਵਿਖਿਆਨ

ਕਲਪਨਾ, ਅੱਖਰ, ਸ਼ਬਦ ਤੇ ਬੋਲੀ
ਹੈ ਅੱਜ ਦਾ ਇਨਸਾਨ
ਕਥ ਮਿੱਥ, ਛਿਣ-ਸੱਚ, ਅਰਥ ਬਣੇ, ਇਹ
ਚਿੰਤਨ ਦੀ ਸੰਤਾਨ

ਨਾਨਕ, ਈਸਾ, ਬੁੱਧ, ਮੁਹੰਮਦ
ਗੀਤਾ, ਗ੍ਰੰਥ, ਕੁਰਾਨ
ਮਾਨਵ ਹੱਥੋਂ ਬਣਦੇ ਰਹੇ ਹਨ
ਛੋਟੇ ਵੱਡੇ ਸਭ ਭਗਵਾਨ

ਜੀਵਨ, ਦੁਨੀਆ, ਖੇਡ ਸ਼ਬਦ ਦੀ
ਸ਼ਬਦ ਹੀ ਗਿਆਨ, ਵਿਗਿਆਨ
'ੴ' 'ਚ ਸਿਮਟ ਗਿਆ ਸੀ
ਦਿਸ, ਅਦਿਸ ਜਹਾਨ

ਕਲਮ ਦਵਾਤ, ਸਲੇਟ ਤੇ ਫੱਟੀ
ਕੰਪਿਊਟਰ ਵਿਚ ਢਲ਼ ਗਏ
ਬਦਲੀ ਵਿਚ ਰੁੱਤਾਂ ਦਾ ਵਾਸਾ
ਬਦਲੀ ਵਿਚ ਰਹਿੰਦਾ ਹੈ ਗਿਆਨ

ਪਲਾਂ, ਛਿਣਾਂ ਵਿਚ ਬੀਤੇ ਜੀਵਨ
ਹੱਥ ਪਰ ਕੁਝ ਨਾ ਆਵੇ
ਸਭ ਕੁਝ ਹੈ ਪਰ ਕੁਝ ਵੀ ਨਹੀਂ ਹੈ
ਇਹ ਅੱਜ ਦਾ ਇਨਸਾਨ

ਬੁਲਬੁਲੇ ਵਿਚੋਂ ਨੂਰ ਵਿਖਾਵੇ
ਤ੍ਰੇਲ 'ਚੋਂ ਜੰਮਣ, ਬਿਨਸਣ
ਇਕ ਨੁਕਤੇ ਵਿਚ ਸਹਿਜ ਸਿਮਟਦਾ

ਬ੍ਰਹਮੰਡ ਜੇਡ ਗਿਆਨ

ਇਸ਼ਕ ਹੀ ਬੰਦਾ, ਇਸ਼ਕ ਹੀ ਔਰਤ
ਇਸ਼ਕ ਹੀ ਮਰ, ਮੁੜ ਜੰਮਣਾ
'ਕੁਦਰਤ' ਜੇਵਡ ਅੰਬਰੀਂ ਝੁੱਲਦੇ
ਇਸ਼ਕ ਦੇ ਅਮਰ ਨਿਸ਼ਾਨ !!!

***(116-3530 Kalum Street, Terrace, BC CANADA V8G 2P2***
***Phone: +1- 250-635-4455)***

## ਦੇਵਿੰਦਰ ਬਿਮਰਾ: ਕਵਿਤਾ: ਬੱਸ ਲਿਖ ਲੈਂਦਾ ਹਾਂ

ਮੈਂ ਕਿਹੜੇ
ਰੋਜ਼ ਇਕ ਕਵਿਤਾ ਲਿਖਣ ਦੀ
ਸਹੁੰ ਖਾਧੀ ਹੈ

ਬੱਸ ਲਿਖ ਲੈਂਦਾ ਹਾਂ ਕਦੀ
ਜਦ ਹਨੇਰੀ ਆਉਂਦੀ ਹੈ
ਕਿਸੇ ਖੂੰਜੇ 'ਚ
ਲੈ ਜਾਂਦੀ ਹੈ ਉਡਾ ਕੇ, ਡੇਰਾ ਡੰਡਾ
ਕਰ ਜਾਂਦੀ ਹੈ ਉਜਾੜਾ, ਦੂਰ ਤਕ

ਬੇਬਸੀ ਦੀ ਚੀਕ ਸੁਣਦੀ ਹੈ ਜਦ
ਕੋਈ ਭੁੱਖਾ ਨਿਆਣਾ
ਰੋਟੀ ਦੀ ਥਾਂ ਚੁਪੇੜ ਖਾਂਦਾ ਹੈ
ਪੁਲਸ ਦੀ ਮਾਰ ਝੱਲਦਾ ਹੈ
ਜਦ ਕੋਈ ਬੇਵਜ੍ਹਾ
ਜਾਂ ਗਾਲ਼੍ਹਾਂ ਖਾਂਦਾ ਹੈ, ਬੇਸੁਆਦੀਆਂ

ਦੇਖਦਾ ਹਾਂ ਜਦੋਂ ਸੈਰ ਕਰਦਿਆਂ
ਉਸ ਬੋਰੇ ਵਾਲੀ ਕੁੜੀ ਨੂੰ
ਜਦੋਂ ਚੁੰਬਕ ਨਾਲ, ਲੱਭ ਲੱਭ ਕੇ ਵੀ
ਨਹੀਂ ਮਿਲਦਾ ਸਵੇਰੇ ਸਵੇਰੇ
ਛੋਟਾ ਮੋਟਾ ਲੋਹੇ ਦਾ ਟੁਕੜਾ
ਫਿਰ ਵੀ, ਮੁਸਕਰਾ ਕੇ ਦੇਖਦੀ ਹੈ
ਮੂੰਹ ਸੁਰਖ ਜਿਹਾ ਹੋ ਜਾਂਦਾ ਹੈ, ਉਸਦਾ
ਇਕ ਪਛਾਣ ਜੋ ਹੋ ਗਈ ਹੈ

ਸੁਪਨੇ ਤਿੜਕ ਗਏ ਹਨ ਜਦੋਂ

ਲੋਕਾਂ ਦੇ, ਕਾਮਿਆਂ ਦੇ
ਮਜ਼ੂਰੀ ਭੋਰਾ ਕੁ ਜਦ
ਹੱਥ 'ਤੇ ਧਰਦਾ ਹੈ ਕੋਈ ਧਨੀ
ਉਦੋਂ ਲਿਖਦਾ ਹਾਂ

ਪਿਆਰ ਦੀ ਕਵਿਤਾ ਵੀ
ਲਿਖ ਹੋ ਜਾਂਦੀ ਹੈ
ਜਦ ਤੇਰੇ ਚਿਹਰੇ 'ਤੇ ਵਾਲ਼ਾਂ ਦੀ
ਕਾਲ਼ੀ ਘਟਾ ਫੈਲ ਜਾਂਦੀ ਹੈ
ਜਾਂ ਤੇਰਾ ਕੋਈ, ਮੁਚੜਿਆ ਜਿਹਾ ਖਤ
ਚੀਕਦਾ ਹੈ
ਜਿਹੜਾ ਗ਼ੁੱਸੇ 'ਚ ਆ, ਇਕ ਦਿਨ ਮੁੱਠੀ ਵਿਚ
ਘੁੱਟ ਲਿਆ ਸੀ ਮੈਂ

ਬੱਸ, ਇੰਝ ਹੀ ਲਿਖ ਹੋ ਜਾਂਦੀਆਂ ਹਨ
ਕਵਿਤਾਵਾਂ ਮੈਥੋਂ
ਨਾਲ਼ੇ ਮੈਂ ਕਿਹੜੇ ਸਹੁੰ ਖਾਧੀ ਹੈ
ਰੋਜ਼ ਇਕ ਕਵਿਤਾ ਲਿਖਣ ਦੀ 000

***(373, ਬੈਂਕ ਐਨਕਲੇਵ, ਜਲੰਧਰ-144 003 ਫੋਨ: +91-98141-18435)***

## ਨਿਰੰਜਨ: ਅੱਠ ਕਵਿਤਾਵਾਂ

### ਕਾਇਆ

ਬਹੁ-ਆਯਾਮੀ ਮੇਰੀ ਕਾਇਆ...
ਲੰਮਾ ਚੌੜਾ ਗੌਰਾ ਭਾਰਾ
ਸੱਜੇ ਖੱਬੇ ਉੱਤਰ ਦੱਖਣ
ਮੇਰੀ ਹੀ ਚਰਚਾ ਦੇ ਡੰਡੇ
ਜ਼ੱਰਾ ਜ਼ੱਰਾ ਮੇਰਾ ਸਇਆ
ਬਹੁ-ਆਯਾਮੀ ਮੇਰੀ ਕਾਇਆ!

ਬਹੁ-ਆਯਾਮੀ ਤੇਰੀ ਕਾਇਆ
ਬਿਜਲੀਆਂ ਦੀ ਲਿਸ਼ਕੋਰ ਕਿੱਥੇ ਹੈ?
ਸਾਵਣ ਦੀ ਰਿਮ ਝਿਮ ਹੈ ਕਿੱਥੇ?
ਆਬਸ਼ਾਰਾਂ ਦੀ ਕਲਕਲ ਕਿੱਥੇ?
ਮਟਕ ਤੋਰ ਨਾ ਨਦੀਆਂ ਵਾਲੀ
ਦਰਿਆਵਾਂ ਦੇ ਵਹਿਣ ਨੇ ਮਨਫੀ
ਨਾ ਧਰਤੀ ਦਾ ਜੇਰਾ ਤੇਰਾ

ਨੀਲ ਗਗਨ ਦੀ ਹੱਦ ਦੇਖੀ ਹੈ?
ਕਿੱਥੇ ਸਾਗਰ ਦੀ ਗਹਿਰਾਈ?
ਕਿੱਥੇ ਰੂਹਾਂ ਦੀ ਅਫਜ਼ਾਈ?
ਨਾ ਲਟਬੌਰਾ ਨਾ ਤੂੰ ਭੌਰਾ
ਅਉਧ ਵਿਹਾਜੇ ਰੁੱਖ ਦਾ ਛੌਰਾ
ਰੇਤਛੱਲਾਂ ਦਾ ਦੰਭੀ ਝੌਲ਼ਾ
ਸਥੂਲ ਤੇ ਸੂਖਮ ਮਰਮ ਨਾ ਪਾਇਆ
ਬਹੁ-ਆਯਾਮੀ ਤੇਰੀ ਕਾਇਆ!

ਛੱਡ ਨਿਰੰਜਣਾ ਆਪਣਾ ਰੌਲ਼ਾ
ਖਾਮੋਸ਼ੀ ਦੀਆਂ ਸੁਣ ਸਿਸਕੀਆਂ
ਖ਼ੂਨ ਪਸੀਨਾ ਭੋਇੰ ਰਲ਼ਿਆ
ਪਰ ਕਿਸੇ ਤੱਕੜੀ ਨਾ ਤੁਲਿਆ
ਆਪਣਾ ਵੀ ਤੂੰ ਸੀਰ ਰਲ਼ਾ ਦੇ
ਅਰਥ ਜਾਣ ਲੈ ਜੀਵਨ-ਰੌਂਅ ਦੇ

ਤੂੰ ਵੀ ਇਸ ਮਿੱਟੀ ਦਾ ਜਾਇਆ!
ਕੰਚਨ ਕੰਚਨ ਤੇਰੀ ਕਾਇਆ। 000

## ਘਰ ਦੇ ਬਾਹਰ ਘਰ ਦੇ ਅੰਦਰ

ਰਾਹੇ ਰਾਹੇ ਤੁਰਿਆ ਜਾਂਦਾ, ਵਾਹੋਦਾਹੀ
ਅੱਡੀਆਂ ਚੁੱਕ ਚੁੱਕ, ਸਾਹੋ ਸਾਹੀ
ਇੱਧਰ ਉੱਧਰ ਚਾਰ ਚੁਫੇਰੇ
ਬਹੁ ਵਿਧ, ਬਹੁਰੰਗੀ ਪਾਸਾਰਾ
ਕਾਗ਼ਜ਼-ਫੁੱਲੀ ਰੌਣਕ ਮੇਲਾ!
ਘਰ ਦੇ ਨੇੜੇ ਮੋੜ 'ਤੇ ਆ ਕੇ
ਜਣਿਆਂ, ਤੂੰ ਤਾਂ ਰੁਕਣਾ ਭੁੱਲਿਆ, ਮੁੜਨਾ ਭੁੱਲਿਆ!

ਮੇਲੇ ਵਿਚ ਜਿਉਂ ਗੁਆਚ ਜਾਏ ਕੋਈ
ਲਾਵਾਰਿਸ ਜਿਹਾ ਨਿੱਕੜਾ ਬੱਚਾ
ਲੱਖ ਰੌਣਕਾਂ ਮਨ ਨਾ ਭਾਵਨ
ਡੌਰ ਭੌਰ ਤੂੰ ਦਵੰਦ ਹੰਢਾਉਂਦਾ, ਬਉਰਾ ਹੋਇਆ

ਘਰ ਤਾਂ ਤੇਰਾ ਭਰਿਆ ਭਰਿਆ
ਤੈਨੂੰ ਐਪਰ ਖਾਣ ਨੂੰ ਆਉਂਦਾ
ਨਾ ਜੋਗੀ ਤੇ ਨਾ ਤੂੰ ਭੋਗੀ
ਬਣ ਬੈਠਾ ਉਮਰਾਂ ਦਾ ਰੋਗੀ

ਬਾਹਰ ਰੇਤਛਲਾਂ ਨੇ ਛਲਿਆ
ਅੰਦਰ ਤੇਰੇ ਖਲਾਅ ਪਸਰਿਆ

ਮੁੜ ਆ ਜਣਿਆਂ ! ਆਪਣੇ ਘਰ ਨੂੰ
ਘਰ ਵੀ ਤੇਰਾ ਹੀ ਵਿਸਥਾਰਾ
ਬਾਹਰ ਵੱਲ ਨੂੰ ਦੂਰ ਦੁਮੇਲੀਂ
ਪਰਬਤ ਪਰਬਤ, ਸਾਗਰ ਸਾਗਰ
ਰੰਗ ਸਹੇਜੇ ਰਾਹ ਜੋ ਖੁਲ੍ਹਦੇ
ਘਰ ਦੇ ਵਿਚੋਂ ਹੋ ਕੇ ਜਾਂਦੇ
ਬੂਹੇ ਬਾਰੀਆਂ ਅਤੇ ਝਰੋਖੇ
ਉਮੰਗ, ਤਰੰਗ, ਸੁਗੰਧ ਪਰੁੱਤੀਆਂ
ਪਉਣਾਂ ਦੇ ਸਿਰਨਾਵੇਂ ਹੁੰਦੇ !

ਕਾਸ਼ ਕਦੇ ਵੀ ਬੰਦ ਨਾ ਹੋਵਣ
ਦਰ ਦਰਵਾਜ਼ੇ ਕਿਸੇ ਵੀ ਘਰ ਦੇ ! 000

## ਬੱਚਾ ਅਤੇ ਕਵਿਤਾ

ਮਾਂ ਦੀ ਗੋਦ ਦੇ ਨਿੱਘ 'ਚ ਬੱਚਾ
ਦੁੱਧ ਪਿਆ ਚੁੰਘੇ
ਅੰਮ੍ਰਿਤ ਦੇ ਵਿਚ ਮਮਤਾ ਬਣਕੇ
ਘੁਲ਼ਦੀ ਜਾਵੇ ਕਵਿਤਾ

ਖੇਡੇ ਕੁੱਦੇ ਹੱਸੇ ਨਿੱਕੜਾ
ਨਿੱਕੇ ਨੂੰ ਕੰਧਾੜੇ ਚੁੱਕੀ
ਭਰੇ ਚੁੰਗੀਆਂ ਕਵਿਤਾ

ਬੋਲ ਤੋਤਲੇ ਬੋਲੇ ਗੀਗਾ
ਅੱਧਕਹੇ, ਅਣਬੋਲੇ ਸ਼ਬਦੀਂ
ਅਰਥ ਸਿਰਜਦੀ ਕਵਿਤਾ

ਖੁਸ਼ੀ 'ਚ ਖੀਵਾ ਖਿੜ ਖਿੜ ਹੱਸੇ
ਮੁਸਕਾਨ ਬਣਕੇ ਬੁਲ੍ਹੀਆਂ ਸੰਗ ਫਿਰ
ਲਿਪਟ ਜਾਂਦੀ ਹੈ ਕਵਿਤਾ
ਰੋਂਦਾ ਬੱਚਾ, ਚੁੱਪ ਨਾ ਹੋਵੇ
ਹਉਕਾ ਬਣਕੇ ਫਿਜ਼ਾ 'ਚ ਪਸਰੇ
ਸੋਗ ਮਨਾਵੇ ਕਵਿਤਾ! 000

## ਆਈਸਬਰਗ

ਖਾਰੇ ਪਾਣੀਆਂ 'ਚ ਤੈਰਦਾ
ਚੱਪਾ ਕੁ ਸਾਹਵੇਂ, ਹੱਥ ਭਰ ਉਹਲੇ
ਕਿੰਨਾ ਕੁ ਗੌਰਾ, ਕਿੰਨਾ ਕੁ ਭਾਰਾ
ਹਾਥ ਨਾ ਪਾਈ ਜਾ!

ਕੋਈ ਟਾਈਟੈਨਿਕ ਆਪਣੀ ਚਾਲੇ
ਪ੍ਰੇਮ ਪਰੁੱਤੀਆਂ ਰੂਹਾਂ ਤਾਈਂ, ਲੈ ਕੇ ਤੁਰਦਾ
ਆਈਸਬਰਗ ਹੈ ਕਹਿਰ ਕਮਾਉਂਦਾ
ਟੋਟੇ ਟੋਟੇ ਬੇੜਾ ਕਰਦਾ
ਅੱਧਮੀਟੇ ਨੈਣਾਂ ਦੇ ਸੁਪਨੇ, ਸਾਗਰ ਵਿਚ ਅੱਧਵਾਟੇ ਟੁੱਟਦੇ
ਸਾਗਰ ਕੰਢਾ ਬੇਵੱਸ ਤੱਕਦਾ!

ਆਈਸਬਰਗ ਜੋ ਮੇਰੇ ਅੰਦਰ
ਦੋ ਹੱਥ ਜ਼ਾਹਿਰ, ਕੋਹ ਕੋਹ ਗ਼ਾਇਬ
ਪੂਰਨ ਰੂਪ ਨਾ ਕਦੇ ਥਿਆਉਂਦਾ! 000

## ਬੁੱਧੀਜੀਵੀ

ਮੈਂ ਅੱਜ ਕਲ
ਬਹੁਤ ਕੰਮ ਕਰਦਾ ਹਾਂ
ਵਾਤਾਨੁਕੂਲ ਬੈਠਕ 'ਚ
ਹਾਈਡਰਾਲਿਕ ਚੇਅਰ ਦੀ ਗੋਦ 'ਚ
ਕਾਫੀ ਦੀਆਂ ਘੁੱਟਾਂ ਭਰਦਾ ਹਾਂ
'ਰੋਟੀ ਦੀ ਕਾਣੀ-ਵੰਡ' ਵਿਸ਼ੇ 'ਤੇ
ਸੰਦਰਭ ਕੋਸ਼ਾਂ ਦੀ ਓਟ 'ਚ
ਸ਼ੋਧ ਗ੍ਰੰਥ ਤਿਆਰ ਕਰਦਾ ਹਾਂ
ਮੈਂ ਅੱਜਕਲ ਬਹੁਤ ਕੰਮ ਕਰਦਾ ਹਾਂ! 000

## ਕਦੋਂ ਮੈਂ ਚਾਨਣ ਨੂੰ ਪੀਵਾਂਗਾ

ਕੋਟਿਮ ਕੋਟਿ ਵਰ੍ਹੇ ਪਹਿਲਾਂ ਜੋ
ਦ੍ਰਿਸ਼ਟਮਾਨ ਤੇ ਅਦ੍ਰਿਸ਼ਟਾ ਹੈ
ਅੰਤ੍ਰੀਵ ਗਤੀ ਵਿਚ ਲੀਨ ਹੋਈ ਕੋਈ
ਖਲਾਅ 'ਚ ਪਸਰੀ ਸੁੰਨ ਸਮਾਧੀ
ਸੁੰਨ 'ਚ ਚਿਣਗ ਮਘੀ ਕੋਈ ਫਿਰ
ਬ੍ਰਹਿਮੰਡ ਦਾ ਹੋਇਆ ਪਾਸਾਰਾ
ਲੱਖ ਕਰੋੜਾਂ ਅਰਬਾਂ ਖਰਬਾਂ ਜੋਤਾਂ ਜਗੀਆਂ
ਜਗਮਗ ਹੋਇਆ ਕੁਲ ਆਲਮ ਤਦ

ਅਨੰਤ ਜੋਤਿ ਪੁੰਜ ਜਗਦੇ ਬੁਝਦੇ
ਇਹ ਨਹੀਂ ਕੋਈ ਗ਼ੈਬੀ ਭਟਕਣ...
ਕਾਇਨਾਤ ਦਾ ਆਪਣਾ ਭ੍ਰਮਣ

ਅਨੰਤ ਕਾਲ ਤੋਂ ਮੈਂ ਇਸ ਅੰਦਰ
ਬੀਜ ਰੂਪ ਵਿਚ ਵਿਦਮਾਨ ਸਾਂ
ਯੱਖ ਹਨੇਰੇ ਦੀ ਬੁੱਕਲ਼ ਵਿਚ
ਨ੍ਹੇਰ ਪਾਲ਼ਦਾ ਨ੍ਹੇਰ ਅੰਗਾ ਸਾਂ
ਮੁੱਦਤਾਂ ਹੋਈਆਂ, ਕੋਟਿ ਜੁਗ ਬਦਲੇ
ਜਗਦੇ ਬੁਝਦੇ ਸੰਗ ਸੂਰਜਾਂ
ਮੈਂ ਵੀ ਧੁਰੋਂ ਗਿਆ ਰੁਸ਼ਨਾਇਆ
ਧਰਤ ਸੁਹਾਵੀ ਨੇ ਵਿਗਸਾਇਆ

ਲੰਮੀਆਂ ਵਾਟਾਂ ਦਾ ਮੈਂ ਪਾਂਧੀ
ਮੇਰੀ ਹੋਂਦ ਫੈਲਦੀ ਜਾਂਦੀ
ਪਰ ਇਕ ਹੂਕ ਮਾਂ ਸ੍ਰਿਸ਼ਟੀ ਦੇ
ਨਰਮ ਕਾਲ਼ਜੇ ਨੂੰ ਤੜਫਾਂਦੀ

ਸੁੰਨ 'ਚੋਂ ਜੰਮਿਆਂ, ਸੁੰਨ 'ਚ ਨਿੰਮਿਆਂ
ਭਾਵੇਂ ਫੈਲ ਰਿਹਾਂ ਸੰਗ ਬ੍ਰਹਿਮੰਡ
ਤਾਂ ਵੀ ਰੌਸ਼ਨੀਆਂ ਵੱਲ ਹੀ ਕੰਡ
ਬੀਜ ਤੋਂ ਪੌਦਾ ਪੌਦੇ ਤੋਂ ਰੁੱਖ, ਬਣ ਚੱਲਿਆ ਹਾਂ
ਘੁੱਪ ਹਨੇਰਾ ਮੇਰੇ ਅੰਦਰ!

ਕਦੋਂ ਮੈਂ ਚਾਨਣ ਨੂੰ ਪੀਵਾਂਗਾ
ਕਦੋਂ ਮੈਂ ਸ੍ਰਿਸ਼ਟਾ ਬਣ ਜੀਵਾਂਗਾ?? 000

## ਲੋਕਰਾਜ

ਉਹ, ਸ਼ਬਦਾਂ ਦੀ ਨੇ ਅਰਥੀ ਸਜਾਉਂਦੇ
ਅਰਥਾਂ ਦੀ ਫਿਰ ਨੁਮਾਇਸ਼ ਲਗਾਉਂਦੇ

ਸ਼ਬਦ ਨੇ ਜਿਹੜੇ ਤਨ ਤੋਂ ਨੰਗੇ
ਸ਼ਬਦ ਨੇ ਜਿਹੜੇ ਰੂਹ ਤੋਂ ਸੱਖਣੇ
ਅਰਥਾਂ ਦੀ ਨੁਮਾਇਸ਼ 'ਚ ਕਿੰਞ ਉਹ
ਭਰਮਾ ਲੈਂਦੇ ਨੇ, ਕੱਚੀ ਮਿੱਟੀ, ਲਹੂ ਦੇ ਨਿੱਘ ਨੂੰ

ਸੰਮੋਹਨੀ ਅਦਾਵਾਂ, ਤੇ ਤਲਿਸਮੀ ਤਾਨਾਂ

ਕਾਲ਼ੇ ਅੰਬਰੀਂ ਘੂਕਰ ਪਾਵਣ
ਕਲਾਕਾਰੀ ਦੇ ਜੌਹਰ ਵਿਖਾਵਣ!

ਉਂਝ, ਸ਼ਬਦਾਂ ਦੀ ਸ਼ਕਤੀ ਦਾ
ਅਰਥਾਂ ਦੀਆਂ ਪਰਤਾਂ ਦਾ
ਪਾਰਾਵਾਰ ਨਾ ਕੋਈ
ਪਰ, ਕੁਰਸੀ ਦੀਆਂ ਲੱਤਾਂ ਨੂੰ ਜਦ ਵੀ
ਲਕਬੇ ਦਾ ਹੈ ਖਤਰਾ ਹੁੰਦਾ
ਮੁਲਕ ਦੀ ਨਾਭੀ, ਦਰਦ ਤਦ ਉਠਦਾ
ਲਹੂ ਨੂੰ ਚਿੱਟਾ ਲਿਬਾਸ ਪਹਿਨਾਉਂਦੇ
ਮਿੱਟੀ ਨੂੰ ਕਲਰਾਠੀ ਕਰਦੇ, ਰਾਮਕਾਰ ਦੇ ਘੇਰੇ ਘੱਤਦੇ
ਕੁੱਲੀ ਗੁੱਲੀ ਜੁੱਲੀ ਭੁੱਲਦੀ, ਦੇਸ਼ ਪ੍ਰੇਮ ਦੀ ਨ੍ਹੇਰੀ ਝੁੱਲਦੀ
ਵੀਹ ਅੱਸੀ ਦਾ ਗਣਿਤ ਪੜ੍ਹਾਉਂਦੇ
ਬਿਰਖ ਡਿੱਗੇ ਤਾਂ ਧਰਤ ਹਿਲਾਉਂਦੇ
ਤਵਾਰੀਖ ਦੇ ਅੱਖਰ ਮਿੱਧਦੇ, ਮਿਥਿਆ ਨੂੰ ਇਤਿਹਾਸ ਬਣਾਉਂਦੇ

ਉਂਝ ਤਾਂ ਸਭਨਾਂ ਦਾ ਹੈ ਸੋਮਾ ਇੱਕੋ
ਪਰ ਉਹ ਹਰੇ ਕੇਸਰੀ ਨੀਲੇ, ਪੀਲ਼ੇ ਚਿੱਟੇ ਰਾਗ ਨੇ ਗਾਉਂਦੇ
ਸਤਰੰਗੀ ਦਾ ਸਤਿ ਭੰਗ ਕਰਦੇ, ਪਿੱਛਲਖੁਰੀ ਨੇ ਦੁੜਕੀ ਲਾਉਂਦੇ

ਆਪਾ ਧਾਪੀ ਕਹਿਰ ਵਰਤਦਾ
ਦੰਭੀ ਕਾਰਾ ਅਰਥ ਸਿਰਜਦਾ
ਕੁਰਸੀ ਦਾ ਹੈ ਪੂਰਕ ਬਣਦਾ
ਸੁੰਨੀਆਂ ਗਲ਼ੀਆਂ ਦੇ ਵਿਚ ਬੁੱਕਦਾ
ਲੋਕਰਾਜ ਦੇ ਮੂੰਹ 'ਤੇ ਥੁੱਕਦਾ! 000

## ਜੀਵਨ-ਮੌਤ

ਰੁਮਕਦੀ ਪਉਣ, ਰੁੰਡ ਮਰੁੰਡ ਰੁੱਖ
ਪਰ, ਫਿਜ਼ਾ 'ਚ ਪਈ ਲਰਜ਼ੇ
ਸੁਰਾਂ ਦੀ ਸਰਗਮ

ਧਰਤੀ 'ਤੇ ਬਿਖਰੇ ਪਏ, ਪੀਲ਼ੇ ਜੋ ਪੱਤੇ
ਸਰਸਰਾਹਟ ਉਨ੍ਹਾਂ ਦੀ
ਫੁੱਟਦੀਆਂ ਕਰੂੰਬਲ਼ਾਂ ਨੂੰ
ਜਾਪੇ ਪਈ ਦਿੰਦੀ ਜੀਵਨ-ਸੁਨੇਹਾ! 000

***(ਗੌਰਮਿੰਟ ਕਾਲਿਜ ਦੇ ਪਿਛਵਾੜੇ, ਗੋਵਿੰਦ ਨਗਰ, ਉੜਮੁੜ ਟਾਂਡਾ,
ਜ਼ਿਲ੍ਹਾ ਹੁਸ਼ਿਆਰਪੁਰ-144 204)***

# ਵਰਿਆਮ ਸਿੰਘ ਸੰਧੂ: ਸ਼ਬਦ ਚਿੱਤਰ: ਸੁਹੇਲੜਾ ਸੱਜਣ- ਸੁਹੇਲ

ਸੁਹੇਲ ਸਿੰਘ ਨਾਲ ਮੇਰਾ ਕਦੀ ਵੀ ਮਿੱਤਰਚਾਰਾ ਜਾਂ ਸਹਿਚਾਰ ਨਹੀਂ ਰਿਹਾ।

ਇਸ ਲਈ ਮੈਂ ਉਹਦਾ ਕਦੀ ਵੀ ਨਿਕਟ-ਦਰਸ਼ਕ ਨਹੀਂ ਰਿਹਾ।

ਮੈਂ ਉਹਦਾ 'ਦੂਰ-ਦਰਸ਼ਕ' ਹੀ ਸਾਂ।

ਉਹਦੇ ਤੁਰ ਜਾਣ ਬਾਅਦ ਉਹਦੀ ਪਤਨੀ ਰਘਬੀਰ ਕੌਰ ਜਦੋਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਸਕੱਤਰ ਬਣੀ ਤਾਂ ਉਸ ਨਾਲ ਨੇੜਲਾ ਸੰਪਰਕ ਬਣਿਆ। ਬਹੁਤ ਸਾਰੇ ਸੁਹੇਲ ਸਿੰਘ ਨੂੰ ਮੈਂ ਰਘਬੀਰ ਕੌਰ ਦੇ ਝਰੋਖੇ ਵਿਚੋਂ ਵੀ ਵੇਖਦਾ ਹਾਂ। ਰਘਬੀਰ ਕੌਰ ਨਾਲ ਨਿਕਟ-ਸਾਂਝ ਬਣਨ ਤੋਂ ਪਹਿਲਾਂ ਮੈਂ ਸੁਹੇਲ ਸਿੰਘ ਨੂੰ ਉਹਦੇ ਨੇੜਲੇ ਦੋਸਤਾਂ ਦੀਆਂ ਐਨਕਾਂ ਰਾਹੀਂ ਹੀ ਵੇਖਦਾ ਰਿਹਾਂ। ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ, ਮਲੂਕ ਸਿੰਘ, ਜਗਦੀਸ਼ ਸਿੰਘ 'ਵਰਿਆਮ', ਭਗਤ ਸਿੰਘ ਬਿਲਗਾ, ਕਾਮਰੇਡ ਹਰਦਿਆਲ ਸਿੰਘ ਚੱਠਾ, ਨੌ ਨਿਹਾਲ ਸਿੰਘ ਚੱਠਾ, ਪ੍ਰੇਮ ਸਿੰਘ ਚੱਠਾ ਤੇ ਜਲੰਧਰ ਦੇ ਹੋਰ ਲੇਖਕਾਂ ਪੱਤਰਕਾਰਾਂ ਦੇ ਹਵਾਲੇ ਨਾਲ ਜਿੰਨਾ ਕੁ ਸੁਹੇਲ ਸਿੰਘ ਮੇਰੇ ਕੋਲ਼ ਪਹੁੰਚਿਆ, ਆਪਾਂ ਓਨੇ ਕੁ ਸੁਹੇਲ ਸਿੰਘ ਦੀ ਗੱਲ ਕਰ ਸਕਦੇ ਹਾਂ।

## ਡਰ ਸੁਹੇਲ ਸਿੰਘ ਦੀ 'ਖਲੜੀ' ਵਿਚ ਵੀ ਨਹੀਂ ਸੀ ਜਾਪਦਾ

ਸੁਹੇਲ ਸਿੰਘ ਦਾ ਨਾਂ ਮੈਂ ਪਹਿਲੀ ਵਾਰ 'ਸ਼ਾਇਦ' 1965 ਵਿਚ ਪੜ੍ਹਿਆ/ਸੁਣਿਆ ਸੀ।

ਸਾਡੇ ਪਿੰਡ ਦੀ ਮਹਿਲਾਂ ਦੀ ਪੱਤੀ ਦਾ ਅਜੀਤ ਸਿੰਘ ਪੰਜਾਬ ਪੁਲਿਸ ਵਿਚ ਡੀ ਐੱਸ ਪੀ ਦੇ ਅਹੁਦੇ 'ਤੇ ਤਾਇਨਾਤ ਸੀ। ਉਹ ਅੰਮ੍ਰਿਤਸਰ ਵਿਚ ਕਿਰਾਏ 'ਤੇ ਦੋ ਕਮਰਿਆਂ ਵਾਲਾ ਚੁਬਾਰਾ ਲੈ ਕੇ ਰਹਿੰਦਾ ਸੀ। ਅੰਮ੍ਰਿਤਸਰ ਜਾਂਦੇ ਤਾਂ ਮੇਰਾ ਦੋਸਤ ਭੁਪਿੰਦਰ ਤੇ ਮੈਂ ਕਦੀ-ਕਦੀ ਉਹਦੇ ਚੁਬਾਰੇ ਵਿਚ ਉਹਨੂੰ ਮਿਲਣ ਚਲੇ ਜਾਂਦੇ। ਚੁਬਾਰੇ ਦੇ ਸਿਹਨ ਵਿਚ ਉਹਦੇ ਸਟੂਲ 'ਤੇ ਕਈ ਅਖ਼ਬਾਰਾਂ ਪਈਆਂ ਹੁੰਦੀਆਂ। ਇਕ ਵਾਰ ਜਦੋਂ ਅਸੀਂ ਗਏ ਤਾਂ ਵੇਖਿਆ, ਉਹ 'ਲ਼ੋਕ ਲਹਿਰ' ਅਖ਼ਬਾਰ ਪੜ੍ਹ ਰਿਹਾ ਸੀ। ਅਖ਼ਬਾਰ ਆਮ ਅਖ਼ਬਾਰਾਂ ਨਾਲੋਂ ਆਕਾਰ ਵਿਚ ਛੋਟੀ ਸੀ। ਮੈਂ ਇਹ ਅਖ਼ਬਾਰ ਪਹਿਲਾਂ ਨਹੀਂ ਸੀ ਵੇਖੀ। ਅਜੀਤ ਸਿੰਘ ਨੂੰ ਪੁੱਛਿਆ ਤਾਂ ਕਹਿੰਦਾ, "ਇਹ ਖੱਬੇ ਕਮਿਊਨਿਸਟਾਂ ਦੀ ਅਖ਼ਬਾਰ ਹੈ। ਇਹਨਾਂ ਦੀ ਪਾਰਟੀ ਨੂੰ ਮਾਰਕਸਵਾਦੀ ਕਮਿਊਨਿਸਟ ਪਾਰਟੀ ਕਹਿੰਦੇ ਨੇ।"

ਇਸ ਨਵੀਂ ਪਾਰਟੀ ਦਾ ਤਾਂ ਮੈਨੂੰ ਪਤਾ ਸੀ, ਪਰ ਇਸ ਅਖ਼ਬਾਰ ਦਾ ਨਹੀਂ। ਮੈਂ ਤਾਂ ਉਦੋਂ ਤਕ ਕਮਿਊਨਿਸਟਾਂ ਦੀ ਅਖ਼ਬਾਰ 'ਨਵਾਂ ਜ਼ਮਾਨਾ' ਨੂੰ ਹੀ ਸਮਝਦਾ ਸਾਂ। ਅਜੀਤ ਸਿੰਘ ਨੇ ਦੱਸਿਆ ਕਿ 'ਨਵਾਂ ਜ਼ਮਾਨਾ' ਹੁਣ ਸੀ ਪੀ ਆਈ ਵਾਲਿਆਂ ਕੋਲ਼ ਹੀ ਏ।

"ਇਹਦਾ ਸੰਪਾਦਕ ਕੌਣ ਹੈ?"

ਮੇਰੇ ਲਈ ਸੰਪਾਦਕ ਵੱਡੇ ਬੰਦੇ ਹੁੰਦੇ ਸਨ।

"ਸੁਹੇਲ ਸਿੰਘ ਏ ਇਹਦਾ ਸੰਪਾਦਕ। ਉਂਝ ਤਾਂ ਮੁੱਖ ਸੰਪਾਦਕ ਹਰਕਿਸ਼ਨ ਸਿੰਘ ਸੁਰਜੀਤ ਹੈ, ਪਰ ਅਸਲੀ ਸੰਪਾਦਕ ਸੁਹੇਲ ਸਿੰਘ ਹੀ ਏ। ਪਹਿਲਾਂ ਪਹਿਲਾਂ ਇਹ ਵੀ 'ਨਵਾਂ ਜ਼ਮਾਨਾ' ਵਿਚ ਹੁੰਦਾ ਸੀ।

ਅਜੀਤ ਸਿੰਘ ਉੱਠ ਕੇ ਕਿਸੇ ਕੰਮ ਕਮਰੇ ਵਿਚ ਗਿਆ ਤਾਂ ਮੈਂ ਅਖ਼ਬਾਰ ਚੁੱਕ ਕੇ ਸੁਹੇਲ ਸਿੰਘ ਦਾ ਲਿਖਿਆ ਸੰਪਾਦਕੀ ਪੜ੍ਹਨ ਲੱਗਾ। ਹੁਣ ਤਾਂ ਕੁਝ ਵੀ ਯਾਦ ਨਹੀਂ। ਕੇਵਲ ਏਨਾ ਕੁ ਯਾਦ ਹੈ ਕਿ ਉਹਦੀਆਂ ਕੁਝ ਸਤਰਾਂ ਹੇਠਾਂ ਅਜੀਤ ਸਿੰਘ ਨੇ ਲਾਲ ਪੈੱਨ ਨਾਲ ਲੀਕਾਂ ਵਾਹੀਆਂ ਹੋਈਆਂ ਸਨ। ਮੋਟਾ ਜਿਹਾ ਯਾਦ ਹੈ ਕਿ ਸੰਪਾਦਕੀ ਵਿਚ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦੀ

ਨਿੰਦਾ ਕੀਤੀ ਗਈ ਸੀ। ਮੇਰੇ 'ਤੇ ਚੜ੍ਹਦੀ ਜਵਾਨੀ ਤੋਂ ਹੀ ਕਮਿਊਨਿਸਟਾਂ ਦਾ ਗੂੜ੍ਹਾ ਅਸਰ ਸੀ। ਕਮਿਊਨਿਸਟ ਮੈਨੂੰ ਸਦਾ ਚੰਗੇ ਲੱਗਦੇ; ਜਦੋਂ ਉਹ ਲੈਕਚਰਾਂ ਵਿਚ ਕਹਿੰਦੇ, "ਸਰਕਾਰ ਤੇ ਉਹਦੀ ਪੁਲਿਸ ਕੰਨ ਖੋਲ੍ਹ ਕੇ ਸੁਣ ਲਵੇ। ਆਹ ਜਿਹੜੇ ਉਹਨਾਂ ਦੇ ਕਾਰਿੰਦੇ ਸੀ ਆਈ ਡੀ ਵਾਲੇ ਜਲਸੇ ਵਿਚ ਬੈਠੇ ਨੇ, ਉਹ ਵੀ ਨੋਟ ਕਰ ਲੈਣ..."

ਮੈਂ ਕਮਿਊਨਿਸਟਾਂ ਦੀ ਸੋਚ ਤੇ ਦਲੇਰੀ ਦਾ ਕਾਇਲ ਸਾਂ। ਅਸੀਂ ਬਚਪਨ ਵਿਚ ਉਹ ਦਿਨ ਵੀ ਵੇਖੇ ਸਨ ਕਿ ਪਿੰਡ ਵਿਚ ਪੁਲਿਸ ਦਾ ਇਕ ਸਿਪਾਹੀ ਆ ਜਾਵੇ ਤਾਂ ਸਾਰਾ ਪਿੰਡ ਡਰ ਜਾਂਦਾ ਸੀ। ਪਰ ਕਮਿਊਨਿਸਟਾਂ ਦੀ ਖਲੜੀ ਵਿਚ ਡਰ ਨਾਂ ਦੀ ਸ਼ੈਅ ਨਹੀਂ ਸੀ। ਕਮਿਊਨਿਸਟ ਮੈਨੂੰ ਸੂਰਮੇ ਲੱਗਦੇ।

ਡਰ ਸੁਹੇਲ ਸਿੰਘ ਦੀ 'ਖਲੜੀ' ਵਿਚ ਵੀ ਨਹੀਂ ਸੀ ਜਾਪਦਾ। ਸੁਹੇਲ ਸਿੰਘ ਦੀ ਲਿਖਤ ਵੀ ਇੰਝ ਦੀ ਬੇਖ਼ੌਫ਼ ਲਲਕਾਰਦੀ ਜਾਪੀ ਸੀ।

ਮੈਂ ਇਸ ਗੱਲ 'ਤੇ ਵੀ ਖ਼ੁਸ਼ ਸਾਂ ਕਿ ਮੇਰਾ ਗਿਰਾਈਂ ਪੁਲਿਸ ਅਫ਼ਸਰ ਅਜੀਤ ਸਿੰਘ ਕਮਿਊਨਿਸਟ ਵਿਚਾਰਾਂ ਦਾ ਸੀ।

ਚੁਬਾਰੇ ਤੋਂ ਉੱਤਰ ਰਹੇ ਸਾਂ ਤਾਂ ਮੈਂ ਭੁਪਿੰਦਰ ਨੂੰ ਕਿਹਾ, "ਭਾਅ ਜੀ ਅਜੀਤ ਸਿੰਘ ਵੀ ਕਮਿਊਨਿਸਟ ਵਿਚਾਰਾਂ ਦੇ ਨੇ, ਇਹ ਜਾਣ ਕੇ ਮੈਨੂੰ ਬੜੀ ਖ਼ੁਸ਼ੀ ਹੋਈ ਹੈ!"

ਭੁਪਿੰਦਰ ਉਹਨਾਂ ਦੀ ਪੱਤੀ ਦਾ ਤੇ ਉਹਨਾਂ ਦਾ ਗਵਾਂਢੀ ਸੀ। ਉਹ ਮੇਰੇ ਨਾਲੋਂ ਅਜੀਤ ਸਿੰਘ ਬਾਰੇ ਵੱਧ ਜਾਣਦਾ ਸੀ। ਹੱਸ ਕੇ ਕਹਿੰਦਾ, "ਕਮਿਊਨਿਸਟ-ਕਮਿਊਨਿਸਟ ਕੋਈ ਨਹੀਂ। ਇਹਦੀ ਡਿਊਟੀ ਸੀ ਆਈ ਡੀ ਵਿਚ ਹੈ। ਇਹਦਾ ਕੰਮ ਸਰਕਾਰ ਨੂੰ ਖ਼ੁਫ਼ੀਆ ਰਿਪੋਰਟਾਂ ਘੱਲਣ ਦਾ ਹੈ। ਨਵੀਂ ਪਾਰਟੀ ਸਭ ਤੋਂ ਵੱਧ 'ਗਰਮ' ਹੈ। ਇਹ ਉਹਨਾਂ ਦੀ ਅਖ਼ਬਾਰ ਵਧੇਰੇ ਧਿਆਨ ਨਾਲ ਪੜ੍ਹਦਾ ਹੈ। ਜਿਹੜੀਆਂ ਲਾਈਨਾਂ 'ਤੇ ਇਹਨੇ ਨਿਸ਼ਾਨੀਆਂ ਲਾਈਆਂ ਨੇ, ਹੋ ਸਕਦਾ, ਖ਼ੁਫ਼ੀਆ ਰਿਪੋਰਟ ਵਿਚ ਦਰਜ ਕਰਨੀਆਂ ਹੋਣ!"

ਤਾਂ ਇਹ ਗੱਲ ਸੀ!

ਮੇਰੀਆਂ ਨਜ਼ਰਾਂ ਵਿਚ ਸੁਹੇਲ ਸਿੰਘ ਦਾ ਮੁੱਲ ਹੋਰ ਵਧ ਗਿਆ। ਮੈਨੂੰ ਲੱਗਾ, ਸਟੇਜ 'ਤੇ ਬੋਲਦੇ ਕਮਿਊਨਿਸਟ ਲੀਡਰਾਂ ਵਾਂਗ ਉਹਦਾ ਸੰਪਾਦਕੀ ਅਜੀਤ ਸਿੰਘ ਨੂੰ ਸੁਣਾ ਕੇ ਕਹਿ ਰਿਹਾ, "ਸਰਕਾਰ ਤੇ ਉਹਦੀ ਪੁਲਿਸ ਕੰਨ ਖੋਲ੍ਹ ਕੇ ਸੁਣ ਲਵੇ। ਆਹ ਜਿਹੜੇ ਅਜੀਤ ਸਿੰਘ ਡੀ ਐੱਸ ਪੀ ਵਰਗੇ, ਉਹਦੇ ਕਰਿੰਦੇ ਨੇ, ਉਹ ਵੀ ਮੇਰੇ ਸ਼ਬਦਾਂ ਹੇਠਾਂ ਲਾਲ ਲਕੀਰਾਂ ਵਾਹ ਲੈਣ ਤੇ ਆਪਣੀ ਖ਼ੁਫ਼ੀਆ ਡਾਇਰੀ ਵਿਚ ਨੋਟ ਕਰ ਲੈਣ..."

## ਸੁਹੇਲ ਦਾ ਕਮਿਊਨਿਸਟ ਲਹਿਰ ਨਾਲ ਜੁੜਨਾ

ਜਵਾਨੀ ਚੜ੍ਹਨ ਦੇ ਦਿਨਾਂ ਵਿਚ ਹੀ ਸੁਹੇਲ ਸਿੰਘ ਕਮਿਊਨਿਸਟਾਂ ਦੇ ਜਾਦੂ-ਅਸਰ ਹੇਠ ਆ ਗਿਆ ਸੀ। ਮਾਝੇ ਦੇ ਪਿੰਡ ਨਿੱਬਰ ਵਿੰਡ ਵਿਚ ਬਾਠ ਜੱਟਾਂ ਦੇ ਘਰ ਜਨਮੇਂ ਹੋਣਹਾਰ ਮੁੰਡੇ ਨੇ ਮਾਝੇ ਦੇ ਵੱਡੇ ਕਮਿਊਨਿਸਟ ਆਗੂਆਂ ਦੇ ਲੈਕਚਰ ਸੁਣੇ ਸਨ। ਸੋਹਨ ਸਿੰਘ ਜੋਸ਼, ਅੱਛਰ ਸਿੰਘ ਛੀਨਾ, ਦਲੀਪ ਸਿੰਘ ਟਪਿਆਲਾ, ਫੌਜਾ ਸਿੰਘ ਭੁੱਲਰ, ਜਗਜੀਤ ਸਿੰਘ ਆਨੰਦ ਤੇ ਮੱਖਣ ਸਿੰਘ ਤਰਸਿੱਕਾ ਵਰਗੇ ਵੱਡੇ ਕਮਿਊਨਿਸਟ ਆਗੂਆਂ ਦਾ ਵਿਚਰਨ-ਖ਼ੇਤਰ ਭਾਵੇਂ ਸਾਰਾ ਪੰਜਾਬ ਹੀ ਸੀ, ਪਰ ਮਾਝੇ ਵਿਚ ਉਹਨਾਂ ਦਾ ਫੇਰਾ-ਤੋਰਾ ਵਧੇਰੇ ਹੁੰਦਾ। ਉਹ ਪਿੰਡ ਪਿੰਡ ਜਾਂਦੇ, ਜਲਸੇ ਕਰਦੇ, ਭਾਸ਼ਨ ਦਿੰਦੇ।

ਪਰਤਾਪ ਸਿੰਘ ਕੈਰੋਂ ਦਾ ਰਾਜ ਸੀ। ਉਹਦੀ ਪਿੱਠ ਪਿੱਛੇ ਜਵਾਹਰ ਲਾਲ ਨਹਿਰੂ ਸੀ। ਉਹ ਕਹਿੰਦਾ, 'ਜੱਟ ਸੁਹਾਗੇ 'ਤੇ ਚੜ੍ਹਿਆ ਮਾਣ ਨਹੀਂ ਹੁੰਦਾ, ਮੈਂ ਤਾਂ ਪੰਜਾਬ ਦੀ ਰਾਜ-ਗੱਦੀ 'ਤੇ ਬੈਠਾ ਹਾਂ। ਉਹਦੇ ਖ਼ਿਲਾਫ਼ ਬੋਲਣ ਦਾ ਜਿਗਰਾ ਹਾਰੀ-ਸਾਰੀ ਕੋਲ਼ ਨਹੀਂ ਸੀ। ਪਰ ਕਮਿਊਨਿਸਟਾਂ ਦੀ 'ਖਲੜੀ' ਵਿਚ ਡਰ ਨਹੀਂ ਸੀ।

ਤਰਸਿੱਕੇ ਦੇ ਜਿਹੜੇ ਸਕੂਲ ਵਿਚੋਂ ਸੁਹੇਲ ਨੇ ਦਸਵੀਂ ਪਾਸ ਕੀਤੀ, ਓਸੇ ਪਿੰਡ ਦਾ ਕਾਮਰੇਡ

ਮੱਖਣ ਸਿੰਘ ਤਰਸਿੱਕਾ ਕੈਰੋਂ-ਸ਼ਾਹੀ ਦੇ ਖ਼ਿਲਾਫ਼ ਗਰਜਦਾ। ਕਾਮਰੇਡ ਤਰਸਿੱਕਾ ਸੁਹੇਲ ਦਾ ਆਦਰਸ਼ ਬਣ ਗਿਆ। ਉਹ ਕਮਿਊਨਿਸਟ ਲਹਿਰ ਵੱਲ ਝੁਕ ਰਿਹਾ ਸੀ।

ਦਸਵੀਂ ਪਾਸ ਕਰਨ ਤੋਂ ਬਾਅਦ ਸੁਹੇਲ ਆਰਟ ਐਂਡ ਕਰਾਫ਼ਟ ਦਾ ਕੋਰਸ ਕਰਨ ਲਈ ਜਲੰਧਰ ਵਿਚ ਜਾ ਦਾਖ਼ਲ ਹੋਇਆ। ਜਲੰਧਰ ਉਹਨੀਂ ਦਿਨੀਂ ਰਾਜਨੀਤੀ ਦਾ ਗੜ੍ਹ ਸੀ। ਸਾਰੀਆਂ ਵੱਡੀਆਂ ਅਖ਼ਬਾਰਾਂ ਜਲੰਧਰ ਤੋਂ ਛਪਦੀਆਂ ਸਨ। ਜਲੰਧਰ ਦੇ ਕੰਪਨੀ ਬਾਗ ਵਿਚ ਵੱਖ ਵੱਖ ਪਾਰਟੀਆਂ ਦੇ ਜਲਸੇ ਹੁੰਦੇ। ਪਹਿਲਾਂ ਸੁਣੇ ਤੇ ਜਲੰਧਰ ਵਿਚ ਹੁੰਦੇ ਪਾਰਟੀ ਜਲਸਿਆਂ ਨੇ ਸੁਹੇਲ ਨੂੰ ਪੂਰੀ ਤਰ੍ਹਾਂ ਆਪਣੇ ਵੱਲ ਖਿੱਚ ਲਿਆ। ਕਾਮਰੇਡ ਮੱਖਣ ਸਿੰਘ ਤਰਸਿੱਕਾ ਉਹਦੀ ਸਭ ਤੋਂ ਵੱਡੀ ਮਿਕਨਾਤੀਸੀ ਖਿੱਚ ਸੀ। ਉਹਦੇ ਰਾਹੀਂ ਉਹ ਪਾਰਟੀ ਨਾਲ ਜੁੜ ਕੇ ਪਾਰਟੀ ਦਾ ਪੱਕਾ ਸਿਪਾਹੀ ਬਣ ਗਿਆ ਸੀ। ਪਾਰਟੀ ਨੇ ਉਹਦੀ ਲਿਖਣ-ਪੜ੍ਹਨ ਦੀ ਯੋਗਤਾ ਵੇਖ ਕੇ 'ਨਵਾਂ ਜ਼ਮਾਨਾਂ' ਅਖ਼ਬਾਰ ਵਿਚ ਕੰਮ ਕਰਨ ਲਈ ਉਹਦੀ ਡਿਊਟੀ ਲਾ ਦਿੱਤੀ। ਉਹਨੇ ਪੂਰੇ ਸਮਰਪਣ ਭਾਵ ਨਾਲ ਇਹ ਡਿਊਟੀ ਨਿਭਾਈ। ਜਗਜੀਤ ਸਿੰਘ ਆਨੰਦ, ਸੁਰਜਨ ਜ਼ੀਰਵੀ ਵਰਗੇ ਨਾਮਵਰ ਪੱਤਰਕਾਰਾਂ ਦਾ ਸੰਗ-ਸਾਥ ਮਾਣਿਆ ਤੇ ਉਹਨਾਂ ਕੋਲੋਂ ਬਹੁਤ ਕੁਝ ਸਿੱਖਿਆ ਵੀ।

ਉਹਨੀ ਦਿਨੀਂ ਪੰਜਾਬ ਵਿਚ ਕਮਿਊਨਿਸਟਾਂ ਨੇ 'ਖ਼ੁਸ਼ ਹੈਸੀਅਤੀ ਟੈਕਸ' ਵਿਰੁੱਧ ਮੋਰਚਾ ਲਾਇਆ ਹੋਇਆ ਸੀ। ਥਾਂ ਥਾਂ 'ਤੇ, ਪਿੰਡ ਪਿੰਡ ਮੁਜ਼ਾਹਰੇ ਹੁੰਦੇ। ਜਲਸੇ ਹੁੰਦੇ। ਲੈਕਚਰ ਹੁੰਦੇ। ਪੰਜਾਬ ਸਰਕਾਰ ਨੇ ਕਮਿਊਨਿਸਟਾਂ ਦੀ 'ਕਲਮ ਦੀ ਤਾਕਤ' ਭੰਨਣ ਲਈ 'ਨਵਾਂ ਜ਼ਮਾਨਾ' ਦੇ ਸੰਪਾਦਕੀ ਮੰਡਲ 'ਤੇ ਵੀ ਹਮਲਾ ਬੋਲ ਦਿੱਤਾ। ਜਗਜੀਤ ਸਿੰਘ ਆਨੰਦ, ਸੁਹੇਲ ਸਿੰਘ ਤੇ ਕੁਝ ਹੋਰਨਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਮੋਰਚੇ ਵਿਚ ਗ੍ਰਿਫ਼ਤਾਰੀ ਦੇ ਕੇ ਜੇਲ੍ਹ ਵਿਚ ਜਾਣ ਨਾਲ ਉਹਦਾ ਪਾਰਟੀ ਨਾਲ ਨਾਤਾ ਹੋਰ ਵੀ ਗੂੜ੍ਹਾ ਹੋ ਗਿਆ। ਉਹਨੇ ਪਾਰਟੀ ਨੂੰ ਆਪਣਾ ਜੀਵਨ ਹੀ ਸਮਰਪਤਿ ਕਰ ਦਿੱਤਾ। 'ਖ਼ੁਸ਼ ਹੈਸੀਅਤੀ ਟੈਕਸ' ਵਿਰੁੱਧ ਲਾਏ ਮੋਰਚੇ ਕਾਰਨ ਗ੍ਰਿਫ਼ਤਾਰ ਹੋਣ ਵਾਲੇ ਕਮਿਊਨਿਸਟਾਂ ਵਿਚ ਗੁਰਦੀਪ ਸਿੰਘ ਅਣਖ਼ੀ ਵੀ ਸੀ। ਉਹਨੇ ਉਸ ਜੇਲ੍ਹ-ਯਾਤਰਾ ਦੀਆਂ ਯਾਦਾਂ ਸਾਂਝੀਆਂ ਕਰਦਿਆ ਦੱਸਿਆ ਕਿ ਸੁਹੇਲ ਉਦੋਂ ਅਜੇ ਅਸਲੋਂ ਹੀ ਨਵਾਂ ਨਵਾਂ ਜਵਾਨੀ ਚੜ੍ਹਿਆ ਖ਼ੂਬਸੂਰਤ ਗੱਭਰੂ ਸੀ। ਲੋਕ-ਸੇਵਾ ਦੀ ਭਾਵਨਾ ਉਸ ਵਿਚ ਉਦੋਂ ਹੀ ਕੁੱਟ ਕੁੱਟ ਕੇ ਭਰੀ ਹੋਈ ਸੀ। ਉਹ ਜੇਲ੍ਹ ਵਿਚ ਦੂਜੇ ਹਵਾਲਾਤੀਆਂ ਦੀ ਉੱਡ ਉੱਡ ਕੇ ਸੇਵਾ ਕਰਦਾ ਸੀ!

ਤੇ ਫੇਰ ਚੱਲ ਸੋ ਚੱਲ...

ਪਾਰਟੀ ਦੋ-ਫਾੜ ਹੋ ਗਈ ਤਾਂ ਉਹਨੇ ਨਵੀਂ ਬਣੀ ਪਾਰਟੀ ਦੀ ਸਪਤਾਹਕ ਅਖ਼ਬਾਰ 'ਲੋਕ ਲਹਿਰ' ਦੀ ਵਾਗ-ਡੋਰ ਆਣ ਸੰਭਾਲੀ।

## ਜਦੋਂ ਆਨੰਦ ਤੇ ਸੁਹੇਲ 'ਝਗੜ' ਰਹੇ ਹੁੰਦੇ

ਮੈਂ 'ਲੋਕ ਲਹਿਰ' ਦਾ ਬਾਕਾਇਦਾ ਪਾਠਕ ਨਹੀਂ ਸਾਂ। ਸਾਡੇ ਪਿੰਡ ਤਰਨਤਾਰਨ ਤੋਂ ਇਕ ਬੰਦਾ ਅਖ਼ਬਾਰਾਂ ਲੈ ਕੇ ਆਉਂਦਾ। ਉਰਦੂ ਤੇ ਪੰਜਾਬੀ ਦੀਆਂ। ਉਹਦੇ ਕੋਲ਼ ਕਮਿਊਨਿਸਟਾਂ ਦੀਆਂ ਅਖ਼ਬਾਰਾਂ ਨਹੀਂ ਸਨ ਹੁੰਦੀਆਂ। ਕਾਮਰੇਡ ਉਜਾਗਰ ਸਿੰਘ ਬੀਰ 'ਸੋਵੀਅਤ ਦੇਸ਼' ਤੇ 'ਨਵਾਂ ਜ਼ਮਾਨਾ' ਤਾਂ ਲੈ ਕੇ ਆਉਂਦਾ ਸੀ, 'ਲੋਕ ਲਹਿਰ' ਨਹੀਂ।

1971 ਵਿਚ ਮੈਂ ਪਿੰਡ ਦੇ ਕੁਝ ਨੌਜਵਾਨਾਂ ਨਾਲ ਮਿਲ ਕੇ ਪਿੰਡ ਦੇ ਗ਼ਦਰੀ ਸ਼ਹੀਦਾਂ ਦੀ ਯਾਦਗਾਰ ਵਿਚ ਲਾਇਬਰੇਰੀ ਕਾਇਮ ਕੀਤੀ। ਪਿੰਡ ਦੇ ਮੁੱਖ-ਬਾਜ਼ਾਰ ਵਿਚ ਕਮਰਾ ਕਿਰਾਏ 'ਤੇ ਲੈ ਕੇ ਉਸ ਵਿਚ ਲੰਮੇ ਬੈਂਚ ਤੇ ਮੇਜ਼ ਰਖਵਾ ਦਿੱਤੇ। ਉਸ ਵਿਚ ਪੜ੍ਹਨ ਲਈ ਕਿਤਾਬਾਂ, ਰਿਸਾਲੇ ਤੇ ਰੋਜ਼ਾਨਾ ਅਖ਼ਬਾਰਾਂ ਰੱਖੀਆਂ ਹੁੰਦੀਆਂ। ਕਿਤਾਬਾਂ ਰਿਸਾਲੇ ਪੜ੍ਹਨ ਵਾਲੇ ਤਾਂ ਕੋਈ ਵਿਰਲੇ ਹੀ ਹੁੰਦੇ, ਪਰ, ਅਖ਼ਬਾਰਾਂ ਪੜ੍ਹਨ ਵਾਲੇ ਪੰਜ ਦਸ ਬੰਦੇ ਹਰ ਵੇਲ਼ੇ ਬੈਠੇ ਹੁੰਦੇ। ਜਲੰਧਰ ਤੋਂ ਛਪਣ ਵਾਲੀਆਂ ਸਾਰੀਆਂ ਜ਼ਿਕਰਯੋਗ ਅਖ਼ਬਾਰਾਂ ਮੰਗਵਾਈਆਂ ਜਾਂਦੀਆਂ। 'ਹਿੰਦ ਸਮਾਚਾਰ', 'ਅਜੀਤ', 'ਅਕਾਲੀ ਪੱਤ੍ਰਿਕਾ', 'ਨਵਾਂ ਜ਼ਮਾਨਾ', 'ਲੋਕ ਲਹਿਰ' ਤੇ ਇਕ ਦੋ ਹੋਰ ਵੀ।

ਰਾਜਨੀਤਕ ਤੌਰ ’ਤੇ ਸਾਡਾ ਪਿੰਡ ਵਧੇਰੇ ਕਰ ਕੇ ‘ਪੰਥਕ’ ਹੀ ਸੀ। ਪਿੰਡ ਦੀ ਬਹੁਤੀ ਹਿੰਦੂ ਬਰਾਦਰੀ ਕਾਂਗਰਸ ਨਾਲ ਹੁੰਦੀ। ਖੱਬੇ-ਪੱਖੀ ਵਿਚਾਰਾਂ ਵਾਲੇ ਬਹੁਤ ਘੱਟ ਲੋਕ ਸਨ। ਸਾਡੇ ਵਰਗਾ ਨਵਾਂ ਖ਼ੂਨ ਬੇਸ਼ੱਕ ਖੱਬੇ ਵਿਚਾਰਾਂ ਤੋਂ ਪ੍ਰਭਾਵਤ ਸੀ, ਪਰ ਪੁਰਾਣੇ ਬੰਦਿਆਂ ਵਿਚੋਂ ਦੋ ਜਣੇ ‘ਕੱਟੜ ਕਾਮਰੇਡ’ ਸਨ। ਮਾਣਾ ਕੀ ਪੱਤੀ ਵਾਲਾ ਕਾਮਰੇਡ ਹਰਬੰਸ ਸਿੰਘ ਤੇ ਨੰਗਲ ਦੀ ਪੱਤੀ ਦਾ ਕਾਮਰੇਡ ਸ਼ੇਰ ਸਿੰਘ ਬੱਗੜ। ਕਾਮਰੇਡ ਹਰਬੰਸ ਸਿੰਘ ਦਾ ਪਿਤਾ ਫ਼ਤਹਿ ਸਿੰਘ ਪਾਰਟੀ ਦਾ ਪੁਰਾਣਾ ਵਰਕਰ ਰਿਹਾ ਸੀ। ਉਹਦੇ ਨਾਲ ਦੇ ਉਹਦੇ ਹਮ-ਉਮਰ ਕੁਝ ਬੰਦੇ ਹੋਰ ਵੀ ਸਨ। ਸਾਂਝੀ ਪਾਰਟੀ ਵੇਲ਼ੇ ਜਦੋਂ ਕੋਈ ਕਾਨਫ਼ਰੰਸ ਜਾਂ ਜਲਸਾ ਹੋਣਾ ਹੁੰਦਾ ਤਾਂ ਬਾਬਾ ਫ਼ਤਿਹ ਸਿੰਘ ਸੰਗੀਆਂ-ਸਾਥੀਆਂ ਨੂੰ ਲੈ ਕੇ ਪਿੰਡ ਵਿਚੋਂ ਉਗਰਾਹੀ ਕਰ ਲੈਂਦਾ। ਰਾਤ ਨੂੰ ਡਰਾਮੇ ਹੁੰਦੇ ਤੇ ਲੀਡਰਾਂ ਦੇ ਭਾਸ਼ਨ। ਲੋਕ ਹੁੰਮ-ਹੁਮਾ ਕੇ ਪਹੁੰਚਦੇ। ਬਾਬਾ ਫ਼ਤਿਹ ਸਿੰਘ ਵੇਲ਼ੇ ਪਿੰਡ ਵਿਚ ਪਾਰਟੀ ਦਾ ਕੁਝ ਆਧਾਰ ਸੀ। ਅਸੀਂ ਬੱਚੇ ਸਾਂ, ਜਦੋਂ ਸਾਡੇ ਪਿੰਡ ਸੁਰ ਸਿੰਘ ਵਿਚ ਦੋ ਦਿਨਾਂ ਪਾਰਟੀ ਕਾਨਫ਼ਰੰਸ ਹੋਈ। ਬਾਅਦ ਵਿਚ ਅਸੀਂ ਬੱਚੇ ਕਾਮਰੇਡਾਂ ਵੱਲੋਂ ਗਾਇਆ ਗੀਤ ਗ਼ਲੀਆਂ ਵਿਚ ਗਾਉਂਦੇ ਫਿਰਦੇ, “ਨਿੰਮ ਦਾ ਘੋਟਣਾ, ਨਿੰਮ ਦਾ ਘੋਟਣਾ! ਜਵਾਹਰ ਲਾਲ ਨਹਿਰੂ ਦੀ ਟਿੰਡ ’ਚ ਠੋਕਣਾ!”

ਚੀਨ ਦੀ ਜੰਗ ਤੋਂ ਬਾਅਦ ਪਾਰਟੀ ਦੋ ਭਾਗਾਂ ਵਿਚ ਵੰਡੀ ਗਈ। ਬਾਬਾ ਫ਼ਤਹਿ ਸਿੰਘ ਦਾ ਪੁੱਤ ਹਰਬੰਸ ਸਿੰਘ ਸੀ ਪੀ ਆਈ ਨਾਲ ਹੀ ਰਿਹਾ ਜਦ ਕਿ ਕਾਮਰੇਡ ਸ਼ੇਰ ਸਿੰਘ ਬੱਗੜ ਸੀ ਪੀ ਐੱਮ ਦਾ ਬੁਲਾਰਾ ਬਣ ਗਿਆ। ਦੋਵੇਂ ਕਾਮਰੇਡ ਮਸਾਂ ਪੰਜਵੀ ਕੁ ਤਕ ਹੀ ਪੜ੍ਹੇ ਹੋਏ ਸਨ। ਸਿਧਾਂਤਕ ਤੌਰ ’ਤੇ ਬਹੁਤੇ ਪੜ੍ਹੇ ਗੁੜ੍ਹੇ ਵੀ ਨਹੀਂ ਸਨ। ਪਰ ਆਪੋ ਆਪਣੀਆਂ ਪਾਰਟੀਆਂ ਦੇ ਪੂਰੇ ਵਫ਼ਾਦਾਰ। ਪਾਰਟੀ ਆਗੂਆਂ ਵੱਲੋਂ ਦੱਸੀ ਲਕੀਰ ਦੇ ਫ਼ਕੀਰ!

ਜਦੋਂ ਦੋਵੇਂ ਕਦੀ ਇਕੱਠੇ ਲਾਇਬਰੇਰੀ ਵਿਚ ਬੈਠੇ ਹੁੰਦੇ ਤਾਂ ਹਰਬੰਸ ਸਿੰਘ ‘ਨਵਾਂ ਜ਼ਮਾਨਾ’ ਪੜ੍ਹਦਾ ਤੇ ਸ਼ੇਰ ਸਿੰਘ ‘ਲੋਕ ਲਹਿਰ’। ਦੋਵਾਂ ਪਾਰਟੀਆਂ ਦੇ ਵਿਚਾਰਧਾਰਕ ਵਿਰੋਧ ਦਾ ਪ੍ਰਗਟਾਵਾ ਅਖ਼ਬਾਰੀ ਖ਼ਬਰਾਂ ਤੇ ਸੰਪਾਦਕੀਆਂ ਵਿਚੋਂ ਝਲਕਦਾ। ਕਈ ਵਾਰ ਕਿਸੇ ਇਕੋ ਨੁਕਤੇ ’ਤੇ ਦੋਵਾਂ ਅਖ਼ਬਾਰਾਂ ਦੇ ਸੰਪਾਦਕੀਆਂ ਵਿਚ ਟਕਰਾਵੇਂ ਵਿਚਾਰ ਹੁੰਦੇ। ਕਾਮਰੇਡ ਸ਼ੇਰ ਸਿੰਘ ਕੁਝ ਗਰਮ-ਮਿਜ਼ਾਜ ਸੀ। ਉਹ ਛੇਤੀ ਭੜਕ ਪੈਂਦਾ।

ਇਕ ਦਿਨ ਉਹਨਾਂ ਦੋਵਾਂ ਨਾਲ ਮੈਂ ਵੀ ਲਾਇਬਰੇਰੀ ਵਿਚ ਬੈਠਾ ਹੋਇਆ ਸਾਂ। ‘ਲੋਕ ਲਹਿਰ’ ਦੀ ਕਿਸੇ ਖ਼ਬਰ ਜਾਂ ਸੁਹੇਲ ਸਿੰਘ ਦੇ ਲਿਖੇ ਸੰਪਾਦਕੀ ਤੋਂ ਪ੍ਰੇਰਤ ਹੋ ਕੇ ਸ਼ੇਰ ਸਿੰਘ ਨੇ ਹਰਬੰਸ ਸਿੰਘ ਨੂੰ ਸੁਣਾ ਕੇ ਆਖਿਆ, “ਸੋਧਵਾਦੀ! ਰੂਸ ਦੇ ਚਿਮਚੇ! ਆਹ ਸੁਣ ਵਰਿਆਮ ਸਿਹਾਂ...” ਤੇ ਉਹ ਸੁਹੇਲ ਸਿੰਘ ਦੇ ਸੰਪਾਦਕੀ ਦੀਆਂ ਸੀ ਪੀ ਆਈ ਦੇ ‘ਸਟੈਂਡ’ ’ਤੇ ਤਿੱਖਾ ਹਮਲਾ ਕਰਦੀਆਂ ਸਤਰਾਂ ਉੱਚੀ ਉੱਚੀ ਪੜ੍ਹਨ ਲੱਗਾ।

ਕਾਮਰੇਡ ਹਰਬੰਸ ਸਿੰਘ ਵੀ ਬੋਲ ਪਿਆ, “ਸ਼ੇਰ ਸਿਹਾਂ! ਐਵੇਂ ਤੈਸ਼ ਵਿਚ ਨਾ ਆ। ਦਲੀਲ ਨਾਲ ਗੱਲ ਕਰ ਤੇ ਸੁਣ। ਆਹ ਵੇਖ ਆਨੰਦ ਇਸ ਮਸਲੇ ’ਤੇ ਕੀ ਲਿਖਦਾ! ਉਂਝ ਜੇ ਅਸੀਂ ਰੂਸ ਦੇ ਚਿਮਚੇ ਆਂ ਤਾਂ ਤੁਸੀਂ ਵੀ ਚੀਨ ਦੀਆਂ ਕੜਛੀਆਂ ਓ!”

ਉਹ ਆਪਣੇ ਹਿੱਸੇ ਦੀਆਂ ਜਗਜੀਤ ਸਿੰਘ ਆਨੰਦ ਦੀਆਂ ਲਿਖੀਆਂ ਸਤਰਾਂ ਉਚਾਰਨ ਲੱਗਾ।

ਹਰਬੰਸ ਸਿੰਘ ਤੇ ਸ਼ੇਰ ਸਿੰਘ ਖਹਿਬੜ ਪਏ। ਜਗਜੀਤ ਸਿੰਘ ਆਨੰਦ ਤੇ ਸੁਹੇਲ ਸਿੰਘ ਆਪ ਜਲੰਧਰ ਬੈਠੇ ਸਨ ਤੇ ਏਧਰ ਸਾਡੇ ਕਾਮਰੇਡ ਮੂੰਹਾਂ ਵਿਚੋਂ ਝੱਗ ਸੁੱਟ ਰਹੇ ਸਨ।

ਅਸਲ ਵਿਚ ਤਾਂ ਇਹ ਆਨੰਦ ਤੇ ਸੁਹੇਲ ‘ਝਗੜ’ ਰਹੇ ਹੁੰਦੇ। ਸੱਜੀ-ਖੱਬੀ ਪਾਰਟੀ ਝਗੜ ਰਹੀ ਹੁੰਦੀ। ਰੂਸ ਤੇ ਚੀਨ ਝਗੜ ਰਹੇ ਹੁੰਦੇ। ਕੋਲ਼ ਬੈਠੇ ਲੋਕ ਉਹਨਾਂ ਦਾ ਤਮਾਸ਼ਾ ਵੇਖ ਰਹੇ ਹੁੰਦੇ।

ਮੈਂ ਵੀ ਦੋਵੇਂ ਅਖ਼ਬਾਰਾਂ ਪੜ੍ਹਦਾ। ਕਦੀ ਕਿਸੇ ਨੁਕਤੇ ’ਤੇ ਮੈਨੂੰ ਆਨੰਦ ਠੀਕ ਲੱਗਦਾ ਤੇ ਕਿਸੇ ਹੋਰ ਨੁਕਤੇ ’ਤੇ ਸੁਹੇਲ ਦੀ ਗੱਲ ਠੀਕ ਲੱਗਦੀ। ਪਰ ਸਾਡੇ ਕਾਮਰੇਡਾਂ ਨੂੰ ਦੂਜੇ ਵਿਚੋਂ ਕਦੀ ਵੀ ਕੁਝ ਠੀਕ ਨਹੀਂ ਸੀ ਲੱਗਦਾ। ਉਹ ਸਦਾ ਆਪ ਹੀ ਠੀਕ ਹੁੰਦੇ ਸਨ!

ਜਿੱਥੋਂ ਤਕ ਮੈਨੂੰ ਯਾਦ ਹੈ, ਸਾਡੇ ਪਿੰਡ ਦੇ ਇਹਨਾਂ ਦੋਵਾਂ ਕਾਮਰੇਡਾਂ ਨੇ ਮੇਰੀ ਸੰਭਾਲ ਵਿਚ

ਸ਼ਾਇਦ ਹੀ ਕੋਈ ਹੋਰ ਬੰਦਾ ਆਪੋ ਆਪਣੀ ਪਾਰਟੀ ਨਾਲ ਜੋੜਿਆ ਹੋਵੇ!

ਇੰਝ ਸੁਹੇਲ ਸਿੰਘ ਦੂਰ ਹੋ ਕੇ ਵੀ ਮੇਰੇ ਨੇੜੇ ਨੇੜੇ ਹੀ ਰਿਹਾ ਸੀ। ਜ਼ਾਹਿਰ ਹੈ ਕਿ ਉਹਦੇ ਸੰਪਾਦਕੀ ਤਿੱਖੇ ਹੁੰਦੇ ਸਨ। ਵਾਰ ਕਰਨ ਅਤੇ ਵਾਰ ਸਹਿ ਕੇ ਮੁੜ ਵਾਰ ਕਰਨ ਵਾਲੇ। ਉਹ ਆਪਣੀ ਪਾਰਟੀ ਦੀ ਲੜਾਈ ਲੜ ਰਿਹਾ ਸੀ।

## ਇਹ 'ਉਹ ਸੁਹੇਲ ਤਾਂ ਨਹੀਂ!'

ਚੁਰਾਸੀ ਦਾ ਦੌਰ ਆਇਆ। ਬੜੇ ਮਾੜੇ ਹਾਲਾਤ ਸਨ। ਦੋ-ਧਿਰੀ ਦਹਿਸ਼ਤ ਨੇ ਪੰਜਾਬ ਦਰੜ ਛੱਡਿਆ ਸੀ। ਮੁੰਡਿਆਂ ਨੇ ਤਾਂ ਅੱਤ ਚੁੱਕੀ ਹੀ ਹੋਈ ਸੀ, ਪਰ ਪੁਲਿਸ ਵੀ ਘੱਟ ਨਹੀਂ ਸੀ ਕਰ ਰਹੀ। ਝੂਠੇ ਮੁਕਾਬਲੇ ਬਣਾਏ ਜਾ ਰਹੇ ਸਨ। ਉਹਨਾਂ ਦਿਨਾਂ ਵਿਚ ਤਥਾ-ਕਥਿਤ ਖਾੜਕੂਆਂ ਦੇ ਖ਼ਿਲਾਫ਼ ਕੁਝ ਪੱਤਰਕਾਰ ਦੂਰਦਰਸ਼ਨ ਤੋਂ ਪ੍ਰਵਚਨ ਕਰਦੇ। ਉਹ ਖਾੜਕੂਆਂ ਦੀ ਹਿੰਸਾ ਦੀ ਵਾਜਬ ਨਿੰਦਾ ਕਰਦੇ, ਕਰਨੀ ਬਣਦੀ ਵੀ, ਉਹਨਾਂ ਅੱਤ ਵੀ ਬੜੀ ਚੁੱਕੀ ਹੋਈ ਸੀ। ਪਰ ਬੋਲਣ ਵਾਲੇ ਸਰਕਾਰੀ ਦਹਿਸ਼ਤ ਤੋਂ ਚੁੱਪ ਵੱਟ ਜਾਂਦੇ। ਉਹਨਾਂ ਦੀ ਪਹੁੰਚ ਸੰਤੁਲਤ ਨਹੀਂ ਸੀ ਰਹਿ ਗਈ। ਉਹ ਇਕ-ਪਾਸੜ ਤੇ ਉਲਾਰ ਹੋ ਗਏ ਸਨ।

ਦੂਰਦਰਸ਼ਨ 'ਤੇ ਬੋਲਣ ਵਾਲਿਆਂ ਵਿਚ ਸੁਹੇਲ ਸਿੰਘ ਵੀ ਹੁੰਦਾ। ਉਹ ਮੁੰਡਿਆਂ ਵੱਲੋਂ ਫੈਲਾਈ ਦਹਿਸ਼ਤ ਤੇ ਕਤਲੋ-ਗ਼ਾਰਤ ਦੀ ਖੁੱਲ੍ਹ ਕੇ ਮੁਖ਼ਾਲਫ਼ਤ ਕਰਦਾ। ਮੈਂ ਵੀ ਇਸ ਦਹਿਸ਼ਤ ਦੇ ਖ਼ਿਲਾਫ਼ ਸਾਂ। ਉਹਨਾਂ ਖ਼ਿਲਾਫ਼ ਬੋਲਣਾ ਸੌਖਾ ਨਹੀਂ ਸੀ। ਜਾਨ ਤਲ਼ੀ 'ਤੇ ਧਰ ਕੇ ਲੜਨ ਵਾਲੀ ਗੱਲ ਸੀ। ਸੁਹੇਲ ਨੇ ਵੀ ਆਪਣੀ ਜਾਨ ਤਲ਼ੀ 'ਤੇ ਧਰੀ ਹੋਈ ਸੀ। ਉਹਦੀਆਂ ਦਲੀਲਾਂ ਜ਼ੋਰਦਾਰ ਹੁੰਦੀਆਂ। ਅਸਰ ਅੰਦਾਜ਼ ਹੁੰਦੀਆਂ। ਚੰਗੀਆਂ ਵੀ ਲੱਗਦੀਆਂ। ਪਰ ਮੈਂ ਚਾਹੁੰਦਾ ਸਾਂ ਕਿ ਉਹ ਸਰਕਾਰੀ ਦਹਿਸ਼ਤ ਬਾਰੇ ਵੀ ਤਾਂ ਗੱਲ ਕਰੇ। ਪਰ ਦੂਰਦਰਸ਼ਨ ਸਰਕਾਰੀ ਅਦਾਰਾ ਸੀ। ਉਹਨੇ ਸਰਕਾਰੀ ਬੋਲੀ ਹੀ ਸੁਨਾਉਣੀ ਸੀ। ਪਰ ਸੁਹੇਲ ਤਾਂ ਸਰਕਾਰੀ ਬੰਦਾ ਨਹੀਂ ਸੀ। ਕਮਿਊਨਿਸਟ ਤਾਂ ਸਦਾ ਸਰਕਾਰ ਦੇ ਜ਼ੁਲਮਾਂ ਖ਼ਿਲਾਫ਼ ਬੋਲਦੇ ਆਏ ਸਨ। ਪਰ ਹੁਣ ਸਰਕਾਰੀ ਜ਼ੁਲਮਾਂ ਬਾਰੇ ਚੁੱਪ ਕਿਉਂ ਸਨ! ਸੁਹੇਲ ਸਿੰਘ ਚੁੱਪ ਕਿਉਂ ਸੀ! ਸੁਹੇਲ ਵੱਲੋਂ ਅੱਧਾ ਸੱਚ ਬੋਲਣਾ ਠੀਕ ਨਹੀਂ ਸੀ।

ਮੈਨੂੰ ਲੱਗਦਾ ਇਹ 1965 ਵਾਲਾ ਸੁਹੇਲ ਸਿੰਘ ਨਹੀਂ।

## ਜਦੋਂ ਸੁਹੇਲ ਨੇ ਮੇਰੀ ਕਹਾਣੀ ਦੀ ਮੁਖ਼ਾਲਿਫ਼ਤ ਕੀਤੀ

ਇਹਨਾਂ ਦਿਨਾਂ (1986) ਵਿਚ ਹੀ ਪੰਜਾਬ ਦੇ ਤਤਕਾਲੀ ਮਾਹੌਲ ਨੂੰ ਬਿਆਨ ਕਰਦੀ ਮੇਰੀ ਕਹਾਣੀ 'ਭੱਜੀਆਂ ਬਾਹੀਂ' ਤ੍ਰੈ-ਮਾਸਕ 'ਸਿਰਜਣਾ' ਵਿਚ ਪ੍ਰਕਾਸ਼ਿਤ ਹੋਈ।

ਜਲੰਧਰ ਦੇ ਹਰਦਿਆਲ ਨਗਰ ਵਿਚ ਪ੍ਰੇਮ ਸਿੰਘ ਚੱਠਾ ਦੇ ਘਰ ਕਹਾਣੀ ਗੋਸ਼ਟੀ ਹੋਈ। ਮੰਨੇ-ਪਰਮੰਨੇ ਲੇਖਕਾਂ ਦੀ ਹਾਜ਼ਰੀ ਵਿਚ ਮੇਰੀ ਕਹਾਣੀ 'ਭੱਜੀਆਂ ਬਾਹੀਂ' ਅਤੇ ਰਘੁਬੀਰ ਢੰਡ ਦੀ ਕਹਾਣੀ 'ਸ਼ਾਨੇ-ਪੰਜਾਬ' ਬਾਰੇ ਚਰਚਾ ਹੋਈ। ਪ੍ਰਬੰਧਕਾਂ ਵੱਲੋਂ ਪਾਠਕਾਂ ਦੀਆਂ ਪ੍ਰਾਪਤ ਚਿੱਠੀਆਂ ਦੇ ਆਧਾਰ 'ਤੇ ਇਹ ਦੋ ਕਹਾਣੀਆਂ ਪਿਛਲੇ ਸਾਲ ਦੀਆਂ ਬਿਹਤਰੀਨ ਕਹਾਣੀਆਂ ਮੰਨੀਆਂ ਗਈਆਂ ਸਨ। ਇਸ ਗੋਸ਼ਟੀ ਵਿਚ ਪੰਜਾਬ ਦੇ ਕਹਾਣੀਕਾਰਾਂ ਤੇ ਵਿਦਵਾਨਾਂ ਤੋਂ ਇਲਾਵਾ ਗੁਰਦਿਆਲ ਸਿੰਘ ਤੇ ਸੰਤੋਖ ਸਿੰਘ ਧੀਰ ਵਰਗੇ ਵੱਡੇ ਲੇਖਕ ਵੀ ਸ਼ਾਮਲ ਸਨ। ਗੋਸ਼ਟੀ ਦਾ ਕਰਤਾ-ਧਰਤਾ ਪ੍ਰੇਮ ਪ੍ਰਕਾਸ਼ ਸੀ।

'ਭੱਜੀਆਂ ਬਾਹੀਂ' ਬਾਰੇ 'ਬਹਿਸ ਦੀ ਸ਼ੁਰੂਆਤ' ਕਰਦਿਆਂ ਭੂਸ਼ਨ ਨੇ ਪਰਚਾ ਪੜ੍ਹਿਆ। ਉਸਨੇ ਜਿੱਥੇ ਕਹਾਣੀ ਦੀ ਪ੍ਰਸ਼ੰਸਾ ਕੀਤੀ ਓਥੇ ਇਹ ਸਵਾਲ ਵੀ ਉਠਾਇਆ ਕਿ ਇਸ ਕਹਾਣੀ ਵਿਚ ਪੰਜਾਬ ਵਿਚਲੀ ਘੱਟ-ਗਿਣਤੀ ਦੇ ਲੋਕ ਹੌਲ਼ੀ ਤੇ ਘੱਟ ਬੋਲਦੇ ਹਨ ਜਦ ਕਿ ਭਾਰੂ ਫ਼ਿਰਕੇ ਦੇ ਲੋਕ ਉੱਚੀ ਅਤੇ ਵਧੇਰੇ ਬੋਲਦੇ ਹਨ! ਕਹਾਣੀ ਬਾਰੇ ਹੋਈ ਚਰਚਾ ਵਿਚ ਜਿੱਥੇ ਕਹਾਣੀ ਦੀ ਤਾਰੀਫ਼ ਹੋਈ ਓਥੇ ਸੰਤੋਖ ਸਿੰਘ ਧੀਰ ਤੇ 'ਲੋਕ ਲਹਿਰ' ਦੇ ਸੰਪਾਦਕ ਸੁਹੇਲ ਸਿੰਘ ਨੇ ਉੱਚੀ ਆਵਾਜ਼ ਵਿਚ ਕਹਾਣੀ ਨੂੰ 'ਕਮਿਊਨਿਸਟ-ਵਿਰੋਧੀ' ਐਲਾਨਿਆਂ। ਉਹਨਾਂ ਨੂੰ ਕਹਾਣੀ ਸਿੱਖਾਂ ਜਾਂ ਅੱਤਵਾਦੀਆਂ

ਦੇ ਹੱਕ ਵਿਚ ਭੁਗਤਦੀ ਲੱਗਦੀ ਸੀ। ਮੇਰੇ ਮਿੱਤਰ ਸਾਧੂ ਸਿੰਘ ਨੂੰ ਵੀ ਅਜਿਹਾ ਹੀ ਲੱਗਦਾ ਸੀ!

ਕਹਾਣੀ ਦੇ ਖ਼ਿਲਾਫ਼ ਬੋਲਦਿਆਂ ਸੁਹੇਲ ਸਿੰਘ ਨੇ ਕਿਹਾ, "ਭੱਜੀਆਂ ਬਾਹੀਂ ਕਹਾਣੀ ਕੇਵਲ ਕਮਿਊਨਿਸਟਾਂ ਦੇ ਖ਼ਿਲਾਫ਼ ਹੀ ਨਹੀਂ ਭੁਗਤਦੀ ਸਗੋਂ ਸੁਧੀ ਅੱਤਵਾਦੀਆਂ ਦੇ ਹੱਕ ਵਿਚ ਭੁਗਤਦੀ ਹੈ। ਕਮਿਊਨਿਸਟਾਂ ਨੂੰ ਕਹਾਣੀ ਵਿਚ ਕਮਜ਼ੋਰ ਤੇ ਪ੍ਰਸੰਗਹੀਣ ਵੀ ਦਰਸਾਇਆ ਗਿਆ ਹੈ। ਜਦ ਕਿ ਇਹ ਕਮਿਊਨਿਸਟ ਹੀ ਹਨ ਜਿਹੜੇ ਡਟ ਕੇ ਅੱਤਵਾਦੀਆਂ ਖ਼ਿਲਾਫ਼ ਬੋਲੇ ਤੇ ਲੜੇ ਹਨ ਅਤੇ ਆਪਣੀਆਂ ਜਾਨਾਂ ਤਕ ਕੁਰਬਾਨ ਕੀਤੀਆਂ ਹਨ।..."

ਕਹਾਣੀ ਵਿਚ ਮੇਰੇ ਅੰਦਰਲਾ ਲੇਖਕ ਕਮਿਊਨਿਸਟਾਂ ਨੂੰ ਆਪਣੀ ਧਿਰ ਸਮਝ ਕੇ ਉਹਨਾਂ ਦੀ ਵਾਜਬ ਕਮਜ਼ੋਰੀ 'ਤੇ ਉਂਗਲੀ ਰੱਖ ਰਿਹਾ ਸੀ। ਪਰ ਸੁਹੇਲ ਸਿੰਘ, ਸੰਤੋਖ ਸਿੰਘ ਧੀਰ ਤੇ ਕੁੱਝ ਹੋਰ ਕਮਿਊਨਿਸਟਾਂ ਨੂੰ ਆਪਣੀ ਵਾਜਬ ਆਲੋਚਨਾ ਵੀ ਪਸੰਦ ਨਹੀਂ ਸੀ। ਉਹ ਤਾਂ ਉਸ ਵੇਲ਼ੇ ਦੀ ਫਿਰਕੂ ਧਿਰ ਦੀ 'ਬੇਕਿਰਕ' ਆਲੋਚਨਾ ਕਰਨ ਵਿਚ ਵਿਸ਼ਵਾਸ ਰੱਖਦੇ ਸਨ ਤੇ ਉਸ ਧਿਰ ਦੇ ਵਾਜਬ ਗ਼ੁੱਸੇ ਅਤੇ ਨਾਰਾਜ਼ਗੀ ਨੂੰ ਅਸਲੋਂ ਘਟਾ ਕੇ ਵੇਖਦੇ ਤੇ ਉਸਦਾ ਗਲ਼ ਘੁੱਟਣਾ ਚਾਹੁੰਦੇ ਸਨ। ਪਰ ਸਾਹਿਤ ਦਾ ਕੰਮ 'ਬੇਕਿਰਕ' ਆਲੋਚਨਾ ਕਰਨਾ ਨਹੀਂ ਸਗੋਂ ਸਭ ਧਿਰਾਂ ਦੇ ਦੁੱਖ ਨੂੰ ਉਸਦੇ ਨੇੜੇ ਹੋ ਕੇ ਸੁਣਨਾ ਤੇ ਉਸਦੇ ਹਿੱਸੇ ਦੀ ਪੀੜ ਲਈ ਬਣਦਾ ਹਉਕਾ ਭਰਨਾ ਹੁੰਦਾ ਹੈ। ਮੈਂ ਇਹੋ ਹੀ ਕੰਮ ਕੀਤਾ ਸੀ।

ਸੁਹੇਲ ਸਿੰਘ ਨੂੰ ਗੋਸ਼ਟੀ ਵਾਲੇ ਦਿਨ ਕਹਾਣੀ ਦੇ ਖ਼ਿਲਾਫ਼ ਬੋਲ ਕੇ ਰੱਜ ਨਹੀਂ ਸੀ ਆਇਆ। ਉਹਨੇ 'ਲੋਕ ਲਹਿਰ' ਵਿਚ ਕਹਾਣੀ ਦੇ ਖ਼ਿਲਾਫ਼ 'ਭਰਵਾਂ' ਸੰਪਾਦਕੀ ਲਿਖਿਆ। ਮੈਂ ਉਦੋਂ ਆਪਣੇ ਪਿੰਡ ਹੀ ਹੁੰਦਾ ਸਾਂ। ਕਹਾਣੀ ਬਾਰੇ ਸੰਪਾਦਕੀ ਲਿਖਣ ਦੀ ਸੂਚਨਾ ਮੈਨੂੰ ਮੇਰੇ ਕਿਸੇ ਮਿੱਤਰ-ਪਿਆਰੇ ਨੇ ਹੀ ਦਿੱਤੀ ਸੀ। ਮੈਂ ਹੈਰਾਨ ਹੋਇਆ ਤੇ ਦੁਖੀ ਵੀ ਕਿ ਜਦੋਂ ਮੈਂ ਉਸ ਦਿਨ ਧੀਰ ਅਤੇ ਸੁਹੇਲ ਸਿੰਘ ਦੀਆਂ ਟਿੱਪਣੀਆਂ ਦਾ ਵਾਜਬ ਜਵਾਬ ਦੇ ਦਿੱਤਾ ਸੀ ਤਾਂ ਫੇਰ ਵੀ ਸੁਹੇਲ ਸਿੰਘ ਨੂੰ ਸੰਪਾਦਕੀ ਲਿਖਣ ਦੀ ਲੋੜ ਕਿਉਂ ਪਈ?

ਮੈਨੂੰ ਸੁਹੇਲ ਸਿੰਘ, ਸੰਤੋਖ ਸਿੰਘ ਧੀਰ ਤੇ ਹੋਰ ਕਮਿਊਨਿਸਟਾਂ ਦੀ 'ਸਾਹਿਤ ਦੀ ਸਮਝ' ਬਾਰੇ ਕਿੰਤੂ ਸੀ। ਉਹ ਮੇਰੀ ਕਹਾਣੀ ਨੂੰ, ਮੇਰੀ ਰਚਨਾ-ਦ੍ਰਿਸ਼ਟੀ ਨੂੰ ਸਮਝਣ ਤੋਂ ਉੱਕ ਗਏ ਸਨ। ਕਹਾਣੀ ਨਾ ਤਾਂ ਕਮਿਊਨਿਸਟ ਵਿਰੋਧੀ ਸੀ ਤੇ ਨਾ ਹੀ ਅੱਤਵਾਦੀਆਂ ਦੇ ਹੱਕ ਵਿਚ। ਇਹਨਾਂ ਦਿਨਾਂ ਵਿਚ ਮੈਂ ਕਾਮਰੇਡ ਸੁਹੇਲ ਸਿੰਘ ਨੂੰ ਥੋੜ੍ਹੇ ਥੋੜ੍ਹੇ ਵਕਫ਼ੇ ਬਾਅਦ ਤਿੰਨ ਚਿੱਠੀਆਂ ਲਿਖੀਆਂ ਕਿ ਉਹ 'ਲੋਕ ਲਹਿਰ' ਵਿਚ ਕਹਾਣੀ ਦੇ ਖ਼ਿਲਾਫ਼ ਲਿਖੇ ਸੰਪਾਦਕੀ ਦੀ ਕਾਪੀ ਮੈਨੂੰ ਭੇਜ ਦੇਵੇ ਤਾਕਿ ਮੈਂ ਉਸ ਵੱਲੋਂ ਪੇਸ਼ ਕੀਤੇ ਨੁਕਤਿਆਂ ਨੂੰ ਠੀਕ ਤਰ੍ਹਾਂ ਸਮਝ ਸਕਾਂ। ਮੇਰੇ ਵਾਰ ਵਾਰ ਬੇਨਤੀ ਕਰਨ 'ਤੇ ਉਸਨੇ ਨਾ ਸੰਪਾਦਕੀ ਲੇਖ ਦੀ ਕਾਪੀ ਭੇਜੀ ਤੇ ਨਾ ਹੀ ਕੋਈ ਜਵਾਬ ਦਿੱਤਾ।

ਸੁਹੇਲ ਸਿੰਘ ਦਾ ਮੈਨੂੰ ਜਵਾਬ ਤਕ ਨਾ ਦੇਣਾ, ਸ਼ਿਸ਼ਟਾਚਾਰ ਦੇ ਵੀ ਖ਼ਿਲਾਫ਼ ਸੀ।

## ਸੁਹੇਲ ਸਿੰਘ ਦੀ ਧੌਣ ਵਿੱਚ ਕੋਈ ਕਿੱਲਾ ਨਹੀਂ ਸੀ

ਸਾਹਿਤਕ ਹਲਕਿਆਂ ਵਿਚ ਕਹਾਣੀ ਬਾਰੇ ਬਹਿਸ ਬੜੇ ਜ਼ੋਰ-ਸ਼ੋਰ ਨਾਲ ਚੱਲ ਰਹੀ ਸੀ। 'ਸਿਰਜਣਾ' ਦੇ ਅਗਲੇ ਅੰਕ ਵਿਚ ਭੂਸ਼ਨ ਦਾ ਲੇਖ ਵੀ ਛਪਿਆ ਤੇ ਪਾਠਕਾਂ ਦੇ ਪੱਤਰ ਵੀ। 'ਸਿਰਜਣਾ' ਦੇ ਅਗਲੇ ਅੰਕਾਂ ਵਿਚ ਪਾਠਕਾਂ ਦੀ ਲਗਾਤਾਰ ਚੱਲਦੀ ਬਹਿਸ ਨੇ ਕਹਾਣੀ ਦੀ ਆਤਮਾ ਦੇ ਮਰਮ ਨੂੰ ਪਛਾਣ ਲਿਆ ਸੀ। ਇਸ ਬਹਿਸ ਨਾਲ ਕਹਾਣੀ ਦੁਆਲ਼ੇ ਫੈਲੀ ਧੁੰਦ ਹੌਲ਼ੀ ਹੌਲ਼ੀ ਛਟਣ ਲੱਗੀ। ਕਹਾਣੀ ਦੇ ਅਸਲ ਅਰਥ ਲਿਸ਼ਕਣ ਲੱਗੇ।

ਜਲੰਧਰ ਵਿਚਲੇ ਮੇਰੇ ਸਿਆਣੇ ਕਮਿਊਨਿਸਟ ਮਿੱਤਰਾਂ ਕਾਮਰੇਡ ਹਰਦਿਆਲ ਚੱਠਾ, ਨੌਨਿਹਾਲ ਸਿੰਘ ਚੱਠਾ, ਪ੍ਰੇਮ ਸਿੰਘ ਚੱਠਾ ਨੇ ਮੇਰੇ ਇਸ ਨੁਕਤੇ ਨੂੰ ਸਮਝਿਆ। ਉਹਨਾਂ ਦੀ ਮੇਰੇ ਵੱਲੋਂ ਕਹਾਣੀ ਦੀ ਕੀਤੀ ਵਿਆਖਿਆ ਨਾਲ ਸੰਮਤੀ ਸੀ। ਕੇਵਲ ਸੰਮਤੀ ਹੀ ਨਹੀਂ, ਇਹਨਾਂ ਤਿੰਨਾਂ ਭਰਾਵਾਂ ਨੇ ਅਜਿਹੀ 'ਸੱਚੀ' ਕਹਾਣੀ ਲਿਖਣ ਲਈ ਮੇਰੀ ਪ੍ਰਸ਼ੰਸਾ ਵੀ ਕੀਤੀ ਤੇ ਮੇਰਾ ਹੌਸਲਾ ਵੀ ਵਧਾਇਆ। 'ਸਿਰਜਣਾ' ਦਾ ਸੰਪਾਦਕ ਡਾ. ਰਘਬੀਰ ਸਿੰਘ ਤਾਂ ਪਹਿਲਾਂ ਹੀ ਕਹਾਣੀ ਦੀ ਆਤਮਾ ਨੂੰ ਪਛਾਨਣ

ਵਾਲਾ ਮੇਰਾ ਪ੍ਰਸ਼ੰਸਕ ਪਿਆਰਾ ਸੀ। ਇਹ ਚਾਰੇ ਜਣੇ ਸੁਹੇਲ ਸਿੰਘ ਦੇ ਵੀ ਬਹੁਤ ਨਜ਼ਦੀਕੀ ਸਨ। ਇਕੋ ਵਿਚਾਰਧਾਰਾ ਦੇ ਅਨੁਆਈ। ਵਿਚਾਰਧਾਰਾ ਦੇ ਅਨੁਆਈ ਹੀ ਨਹੀਂ, ਇਹਨਾਂ ਦਾ ਆਪਸੀ ਗੂੜ੍ਹਾ ਦੋਸਤਾਨਾ ਵੀ ਸੀ। 'ਸਿਰਜਣਾ' ਨੂੰ ਸ਼ੁਰੂ ਕਰਨ ਵਾਲੇ ਜਿਹੜੇ ਮਿੱਤਰਾਂ ਨੇ ਸਾਂਝੇ ਯਤਨਾਂ ਨਾਲ 'ਸਿਰਜਣਾ' ਛਾਪਣਾ ਸ਼ੁਰੂ ਕੀਤਾ ਸੀ, ਉਹਨਾਂ ਵਿਚ ਰਘਬੀਰ ਸਿੰਘ, ਸੁਹੇਲ ਸਿੰਘ, ਸੁਰਿੰਦਰ ਗਿੱਲ, ਹਰਭਜਨ ਹੁੰਦਲ ਤੇ ਕਾਮਰੇਡ ਹਰਦਿਆਲ ਚੱਠਾ ਹੀ ਤਾਂ ਸਨ। ਜੇ ਇਹਨਾਂ ਸਾਰਿਆਂ ਨੂੰ ਕਹਾਣੀ 'ਸਮਝ' ਆ ਗਈ ਸੀ ਤਾਂ ਸੁਹੇਲ ਸਿੰਘ ਨੂੰ ਭਲਾ ਸਮਝਣ ਵਿਚ ਸਮੱਸਿਆ ਕਿਉਂ ਆ ਰਹੀ ਸੀ!

ਕੁਝ ਮਹੀਨਿਆਂ ਬਾਅਦ ਕਾਮਰੇਡ ਨੌਨਿਹਾਲ ਹੁਰਾਂ ਦੇ ਘਰ, ਰਾਤ ਵੇਲੇ, ਕਿਸੇ ਵਿਸ਼ੇਸ਼ ਮਕਸਦ ਲਈ ਵਿਚਾਰ ਚਰਚਾ ਕਰਨ ਲਈ ਜਲੰਧਰ ਅਤੇ ਕੁਝ ਦੂਰ-ਦਰਾਜ ਦੇ ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਦੀ ਗੁਪਤ ਮਿੱਤਰ-ਮਿਲਣੀ ਰੱਖੀ ਗਈ ਸੀ। ਸਾਡੇ ਸਾਂਝੇ ਮਿੱਤਰ ਸਾਧੂ ਭਾਅ ਜੀ ਨੇ ਮੈਨੂੰ ਇਸ ਮਿਲਣੀ ਵਿਚ ਸ਼ਾਮਲ ਹੋਣ ਲਈ ਸੁਨੇਹਾ ਭੇਜਿਆ। ਰਾਤ ਦੀ ਮਿਲਣੀ ਦਾ ਮਕਸਦ ਪੂਰਾ ਹੋਣ ਤੋਂ ਬਾਅਦ ਸਾਰੇ ਖਾਣਾ ਖਾਣ ਤੇ ਗੱਪ ਗੋਸ਼ਿਟ ਵਿਚ ਰੁੱਝ ਗਏ। ਮੈਂ ਵੇਖਿਆ, ਸੁਹੇਲ ਸਿੰਘ ਪਲੇਟ ਵਿਚ ਖਾਣਾ ਪਾ ਕੇ ਇੱਕਲਵੰਝੇ ਖਲੋਤਾ ਖਾ ਰਿਹਾ ਸੀ। ਮੁਨਾਸਬ ਮੌਕਾ ਤਾੜ ਕੇ ਮੈਂ ਉਹਦੇ ਕੋਲ਼ ਗਿਆ।

ਉਹਨੇ ਭਰਵੀਂ ਮੁਸਕਰਾਹਟ ਦਿੱਤੀ, "ਵਰਿਆਮ ਜੀ, ਕੀ ਹਾਲ ਚਾਲ ਨੇ? ਅੱਜ ਤੁਹਾਨੂੰ ਮਿਲ-ਵੇਖ ਕੇ ਬਹੁਤ ਖ਼ੁਸ਼ੀ ਹੋਈ।"

ਮੈਨੂੰ ਤਾਂ ਲੱਗਦਾ ਸੀ, ਇਕ 'ਕਮਿਊਨਿਸਟ ਵਿਰੋਧੀ' ਨੂੰ ਵੇਖ ਕੇ ਉਹਦੇ ਮੱਥੇ 'ਤੇ ਤਿਊੜੀਆਂ ਹੋਣਗੀਆਂ, ਪਰ ਉਹਦਾ ਚਿਹਰਾ ਤਾਂ ਹਸੂੰ ਹਸੂੰ ਕਰ ਰਿਹਾ ਸੀ।

"ਸੁਹੇਲ ਜੀ! ਮੈਨੂੰ ਬੜਾ ਰੰਜ ਹੈ ਤੁਹਾਡੇ 'ਤੇ। ਮੈਂ ਤੁਹਾਨੂੰ ਤਿੰਨ ਚਿੱਠੀਆਂ ਲਿਖੀਆਂ। ਤੁਸੀਂ ਕਿਸੇ ਦਾ ਵੀ ਜਵਾਬ ਦੇਣਾ ਗਵਾਰਾ ਨਹੀਂ ਕੀਤਾ। ਕਹਾਣੀ ਬਾਰੇ ਤੁਹਾਨੂੰ ਆਪਣੀ ਰਾਇ ਰੱਖਣ ਦਾ ਪੂਰਾ ਹੱਕ ਹੈ, ਪਰ ਚਿੱਠੀ ਦਾ ਜਵਾਬ ਦੇਣਾ ਤਾਂ ਤੁਹਾਡਾ ਨੈਤਿਕ ਫ਼ਰਜ਼ ਬਣਦਾ ਸੀ!"

ਸੁਹੇਲ ਖਿੜ-ਖਿੜਾ ਕੇ ਹੱਸਿਆ। ਰੋਟੀ ਦੀ ਆਖ਼ਰੀ ਬੁਰਕੀ ਮੂੰਹ ਵਿਚ ਪਾ ਕੇ ਪਲੇਟ ਮੇਜ਼ 'ਤੇ ਰੱਖੀ ਤੇ ਆ ਕੇ ਮੈਨੂੰ ਜੱਫੀ ਵਿਚ ਘੁੱਟ ਲਿਆ, "ਵਰਿਆਮ ਜੀ, ਜਵਾਬ ਕੀ ਦਿੰਦਾ! ਮੇਰਾ ਸੰਪਾਦਕੀ ਛਪਣ ਤੋਂ ਬਾਅਦ ਕਾਮਰੇਡ ਹਰਦਿਆਲ, ਨੌ ਨਿਹਾਲ ਤੇ ਪ੍ਰੇਮ ਨੇ ਮੈਨੂੰ ਕਿਹਾ ਕਿ ਤੂੰ ਸੰਪਾਦਕੀ ਲਿਖ ਕੇ ਵਰਿਆਮ ਹੁਰਾਂ ਨਾਲ ਜ਼ਿਆਦਤੀ ਕੀਤੀ ਹੈ। ਫਿਰ ਲੰਮੀ ਚਰਚਾ ਤੋਂ ਬਾਅਦ ਜਦੋਂ ਮੈਨੂੰ ਕਹਾਣੀ ਦੇ ਅਰਥ ਸਮਝ ਆਏ ਤਾਂ ਮੈਨੂੰ ਆਪਣੀ ਸਾਹਿਤ ਦੀ ਸਮਝ 'ਤੇ ਵੀ ਪਛਤਾਵਾ ਹੋਇਆ। ਇਸ ਪਛਤਾਵੇ ਵਿਚੋਂ ਹੀ ਮੈਂ ਤੁਹਾਨੂੰ ਕੋਈ ਜਵਾਬ ਨਹੀਂ ਸੀ ਦਿੱਤਾ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਸੋਚਦਾ ਸਾਂ ਕਿ ਹੁਣ ਤੁਹਾਨੂੰ ਲਿਖਾਂ ਵੀ ਤਾਂ ਕੀ ਲਿਖਾਂ! ਮੈਂ ਅੰਦਰੋਂ ਅੰਦਰ ਸ਼ਰਮਸਾਰ ਜਿਹਾ ਵੀ ਸਾਂ।"

ਮੈਂ ਹੈਰਾਨ ਹੋਇਆ ਉਹਦੇ ਮੂੰਹ ਵੱਲ ਵੇਖ ਰਿਹਾ ਸਾਂ।

"ਤੁਹਾਡੀ ਕਹਾਣੀ ਬਾਰੇ ਮੇਰੀ ਰਾਇ ਬਦਲ ਗਈ ਹੈ। ਉਦੋਂ ਮੈਂ ਕਹਾਣੀ ਨੂੰ ਠੀਕ ਨਹੀਂ ਸਾਂ ਸਮਝਿਆ। ਕਹਾਣੀ ਕਿਸੇ ਵੀ ਤਰ੍ਹਾਂ ਕਮਿਊਨਿਸਟਾਂ ਦੇ ਖ਼ਿਲਾਫ਼ ਨਹੀਂ, ਨਾ ਅੱਤਵਾਦੀਆਂ ਦੇ ਹੱਕ ਵਿਚ ਭੁਗਤਦੀ ਹੈ।"

ਮੈਨੂੰ ਉਸਦੀ ਸਪਸ਼ਟਤਾ, ਸਾਦਗੀ ਤੇ ਸੁਹਿਰਦਤਾ ਨੇ ਮੋਹ ਲਿਆ। ਮੇਰੀ ਕਹਾਣੀ ਦਾ ਕੱਟੜ ਵਿਰੋਧੀ ਮੇਰੀ ਕਹਾਣੀ ਦਾ ਪ੍ਰਸ਼ੰਸਕ ਬਣ ਗਿਆ ਸੀ। ਇਹ ਕਰਾਮਾਤ ਉਹਨਾਂ ਆਲੋਚਕਾਂ-ਪਾਠਕਾਂ ਦੀ ਸੀ ਜਿਨ੍ਹਾਂ ਨੇ ਕਹਾਣੀ ਨੂੰ ਰਿੜਕ ਰਿੜਕ ਕੇ ਉਸਦੇ ਸੱਚ ਨੂੰ ਨਿਤਾਰ ਕੇ ਉੱਪਰ ਲੈ ਆਂਦਾ ਸੀ। ਇਹ ਕਹਾਣੀ ਬਾਰੇ ਚੱਲੇ ਸੰਵਾਦ ਦੀ ਪ੍ਰਾਪਤੀ ਸੀ।

ਆਮ ਤੌਰ 'ਤੇ ਸਾਡੇ ਅਕਾਦਮਿਕ ਹਲਕਿਆਂ ਵਿਚ ਇਹ ਪ੍ਰਚੱਲਤ ਵਰਤਾਰਾ ਹੈ ਕਿ ਤੁਸੀਂ ਇਕ ਵਾਰ ਜਿਹੜਾ 'ਸਟੈਂਡ' ਲੈ ਲਿਆ, ਉਸ 'ਤੇ ਅਡਿੱਗ ਤੇ ਅਡੋਲ' ਰਹਿਣਾ ਹੈ, ਭਾਵੇਂ ਤੁਹਾਡੇ ਧੁਰ ਅੰਦਰੋਂ ਵਿਰੋਧੀ ਦਲੀਲਾਂ ਨੇ ਤੁਹਾਡੇ ਪੈਰ ਉਖਾੜ ਹੀ ਕਿਉਂ ਨਾ ਦਿੱਤੇ ਹੋਣ ਤੇ ਤੁਸੀਂ ਉਹਨਾਂ

ਤਥਾਕਥਿਤ 'ਵਿਰੋਧੀ' ਵਿਚਾਰਾਂ ਨੂੰ ਠੀਕ ਵੀ ਸਮਝਣ ਲੱਗ ਪਏ ਹੋਵੋ! ਹਉਮੈਂ ਦਾ ਕਿੱਲਾ ਸਾਡੀਆਂ ਧੌਣਾ ਵਿਚ ਗੱਡਿਆ ਹੀ ਰਹਿੰਦਾ ਹੈ। ਧਾਰਮਿਕ ਲੋਕਾਂ ਵਾਂਗ ਕਮਿਊਨਿਸਟਾਂ ਵਿਚ ਵੀ ਆਪਣੇ ਵਿਚਾਰਾਂ 'ਤੇ ਇੰਝ ਹੀ 'ਅਡਿੱਗ ਤੇ ਅਡੋਲ' ਡਟੇ ਰਹਿਣ ਦਾ ਰੁਝਾਨ ਆਮ ਹੀ ਵੇਖਣ ਨੂੰ ਮਿਲ ਜਾਂਦਾ ਹੈ।

ਪਰ ਸੁਹੇਲ ਸਿੰਘ ਦੀ ਧੌਣ ਵਿੱਚ ਕੋਈ ਕਿੱਲਾ ਨਹੀਂ ਸੀ। ਨਾ ਹੀ ਉਹਨੂੰ ਆਪਣੇ ਵਿਚਾਰਾਂ ਵਿਚ ਆਈ ਤਬਦੀਲੀ ਨੂੰ ਸਵੀਕਾਰ ਕਰਨ ਤੋਂ ਕੋਈ ਝਿਜਕ ਜਾਂ ਨਮੋਸ਼ੀ ਸੀ। ਸੁਹੇਲ ਸਿੰਘ ਦੀ ਏਨੀ ਸਹਿਜ ਤੇ ਮਾਸੂਮ ਸਵੀਕ੍ਰਿਤੀ ਨੇ ਮੇਰੇ ਮਨ ਵਿਚ ਉਹਦੇ ਬੁਲੰਦ ਕਿਰਦਾਰ ਦਾ ਬਿੰਬ ਸਿਰਜ ਦਿੱਤਾ ਸੀ।

### "ਮਰਵਾਉਣ ਲੱਗੀ ਸੈਂ ਨਾ ਮੈਨੂੰ"

ਚਲਦੇ ਚਲਦੇ ਕਿਤੇ ਇਹ ਪ੍ਰਸੰਗ ਦੱਸਣੋ ਰਹਿ ਨਾ ਜਾਵੇ।

ਪਿੱਛੇ ਅਸੀਂ ਜ਼ਿਕਰ ਕਰ ਚੁੱਕੇ ਹਾਂ ਕਿ ਮੇਰੀ ਕਹਾਣੀ 'ਭੱਜੀਆਂ ਬਾਹੀਂ' ਬਾਰੇ ਬੋਲਦਿਆਂ ਸੁਹੇਲ ਸਿੰਘ ਨੇ ਕਿਹਾ ਸੀ, ""ਭੱਜੀਆਂ ਬਾਹੀਂ ਕਹਾਣੀ ਕੇਵਲ ਕਮਿਊਨਿਸਟਾਂ ਦੇ ਖ਼ਿਲਾਫ਼ ਹੀ ਨਹੀਂ ਭੁਗਤਦੀ ਸਗੋਂ ਸੁਧੀ ਅੱਤਵਾਦੀਆਂ ਦੇ ਹੱਕ ਵਿਚ ਭੁਗਤਦੀ ਹੈ। ਕਮਿਊਨਿਸਟਾਂ ਨੂੰ ਕਹਾਣੀ ਵਿਚ ਕਮਜ਼ੋਰ ਤੇ ਪ੍ਰਸੰਗਹੀਣ ਵੀ ਦਰਸਾਇਆ ਗਿਆ ਹੈ। ਜਦ ਕਿ ਇਹ ਕਮਿਊਨਿਸਟ ਹੀ ਹਨ ਜਿਹੜੇ ਡਟ ਕੇ ਅੱਤਵਾਦੀਆਂ ਖ਼ਿਲਾਫ਼ ਬੋਲੇ ਤੇ ਲੜੇ ਹਨ ਅਤੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ।..."

'ਲੋਕ ਲਹਿਰ' ਤਾਂ ਪਤਾ ਨਹੀਂ ਤਥਾ-ਕਥਿਤ ਖਾੜਕੂ ਪੜ੍ਹਦੇ ਸਨ ਕਿ ਨਹੀਂ, ਪਰ ਟੈਲੀਵੀਯਨ 'ਤੇ ਉਹ ਹੋਰਨਾਂ ਪੱਤਰਕਾਰਾਂ ਵਾਂਗ ਸੁਹੇਲ ਸਿੰਘ ਨੂੰ ਵੀ 'ਸਰਕਾਰੀ ਬੋਲੀ' ਬੋਲਦਿਆਂ ਸੁਣਦੇ ਸਨ।

ਸੁਹੇਲ ਇਹਨਾਂ ਦਿਨਾਂ ਵਿਚ ਸ਼ਹਿਰੋਂ ਬਾਹਰ ਕਦੀ ਘੱਟ ਵੱਧ ਹੀ ਜਾਂਦਾ। ਪਰ ਇਕ ਵਾਰ ਕਿਸੇ ਜ਼ਰੂਰੀ ਕੰਮ ਕਰ ਕੇ ਸਹੁਰਿਆਂ ਦੇ ਪਿੰਡ ਬੁਤਾਲੇ ਜਾਣਾ ਪੈਣਾ ਸੀ। ਇਹਿਤਿਆਤ ਵਜੋਂ ਉਹਨਾਂ ਨੇ ਪਾਰਟੀ ਦੀ ਬੁਲਿਟ-ਪਰੂਫ਼ ਕਾਰ ਲੈ ਲਈ। ਵਾਪਸੀ 'ਤੇ ਰਘਬੀਰ ਕੌਰ ਕਹਿੰਦੀ, "ਭਾਵੇਂ ਪਲ ਦੀ ਪਲ ਹੀ ਸਹੀ, ਆਪਾਂ ਜਾਂਦੇ ਹੋਏ ਬਾਬੇ ਬਕਾਲੇ ਗੁਰਦਵਾਰੇ ਮੱਥਾ ਟੇਕਦੇ ਚੱਲੀਏ!"

ਸੁਹੇਲ ਨੇ ਜਾਣ ਤੋਂ ਆਨਾ-ਕਾਨੀ ਕੀਤੀ ਤਾਂ ਰਘਬੀਰ ਕੌਰ ਕਹਿੰਦੀ, "ਚੱਲੋ! ਕਾਰ ਵਿਚੋਂ ਬਾਹਰ ਨਾ ਨਿਕਲਿਉ! ਕਾਰ ਗੁਰਦਵਾਰੇ ਦੇ ਸਾਹਮਣੇ ਲੈ ਚੱਲੀਏ। ਬਾਹਰੋਂ ਹੀ ਮੱਥਾ ਟੇਕ ਕੇ ਵਾਪਸ ਆ ਜਾਵਾਂਗੇ।"

ਕਾਰ ਗੁਰਦਵਾਰੇ ਵਾਲੀ ਸੜਕ 'ਤੇ ਪਾ ਕੇ ਜਦੋਂ ਉਹ ਗੁਰਦਵਾਰੇ ਦੇ ਐਨ ਸਾਹਮਣੇ ਪਹੁੰਚੇ ਤਾਂ ਪੰਜ-ਸੱਤ ਬੰਦਿਆਂ ਨੇ ਕਾਰ ਘੇਰ ਲਈ। ਇਕ ਨੇ ਉੱਚੀ ਆਵਾਜ਼ ਵਿਚ ਕਿਹਾ, "ਮੈਥੋਂ ਸਹੁੰ ਲੈ ਲੋ, ਇਹ ਉਹੋ ਈ ਐ, ਜਿਹੜਾ ਟੀ ਵੀ 'ਤੇ ਬੋਲਦਾ ਹੁੰਦਾ!"

ਇਕ ਦੋ ਦੇ ਹੱਥਾਂ ਵਿਚ ਕਿਰਪਾਨਾਂ ਸਨ। ਬਾਕੀ ਖਾਲੀ ਹੱਥ ਹੀ ਸਨ। ਖ਼ਤਰਨਾਕ ਹਥਿਆਰ ਉਹਨਾਂ ਕੋਲ ਕੋਈ ਨਹੀਂ ਸੀ। ਇਕ ਨੇ ਸ਼ੀਸ਼ਾ ਖੜਕਾ ਕੇ ਜ਼ੋਰ ਨਾਲ ਕਿਹਾ, "ਬਾਹਰ ਨਿਕਲ!"

ਡਰਾਈਵਰ ਨੂੰ ਕਹਿ ਕੇ ਤੁਰਤ ਕਾਰ ਮੋੜੀ। ਸੁਹੇਲ ਦਾ ਗੁੱਸਾ ਸੱਤ ਅਸਮਾਨੀ, "ਮਰਵਾਉਣ ਲੱਗੀ ਸੈਂ ਨਾ ਮੈਨੂੰ। ਮੱਥਾ ਟੇਕਣੈ, ਮੱਥਾ ਟੇਕਣੈ ਲਾਈ ਸੀ।"

## ਜੱਫ਼ੀ ਨੇ 'ਸਟੇਨ ਪਿਘਲਾ' ਦਿੱਤੀ

ਰਘਬੀਰ ਕੌਰ ਦਾ ਭਰਾ ਉਹਨਾਂ ਕੋਲ ਜਲੰਧਰ ਆਇਆ ਹੋਇਆ ਸੀ। ਉਹ ਘਰੋਂ ਬਾਹਰ ਫਿਰਨ ਤੁਰਨ ਨਿਕਲਿਆ। ਕੁਝ ਚਿਰ ਬਾਅਦ ਭੱਜਾ ਭੱਜਾ ਆਇਆ। ਘਬਰਾਹਟ ਵਿਚ ਗੱਲ ਨਾ ਹੋਵੇ। ਅੱਖਾਂ ਵਿਚੋਂ ਅੱਥਰੂ ਛਲਕਣ ਲੱਗੇ। ਉਹਨੂੰ ਹੌਸਲਾ ਦੇ ਕੇ ਉਹਦੀ ਘਬਰਾਹਟ ਦਾ ਕਾਰਨ ਪੁੱਛਿਆ ਤਾਂ

ਥਿੜਕਵੇਂ ਕੰਬਦੇ ਬੋਲਾਂ ਵਿਚ ਕਹਿਣ ਲੱਗਾ, "ਭੈਣ ਜੀ! ਭਾਅ ਜੀ ਨੂੰ ਜਿਵੇਂ ਵੀ ਹੋ ਸਕਦੈ ਬਚਾਅ ਲੌ। ਮੈਂ ਝਲਾੜੀ ਵਾਲੇ ਛਿੰਦੇ (ਫ਼ਰਜ਼ੀ ਨਾਂ) ਨੂੰ ਘਰ ਦੇ ਬਾਹਰ ਗੇੜੇ ਕੱਢਦੇ ਵੇਖਿਆ।"

ਰਘਬੀਰ ਕੌਰ ਦੇ ਪੇਕਿਆਂ ਦੇ ਪਿੰਡ ਬੁਤਾਲੇ ਦੇ ਨਾਲ ਲੱਗਦੇ ਪਿੰਡ ਝਲਾੜੀ ਦਾ 'ਛਿੰਦਾ'(ਫ਼ਰਜ਼ੀ ਨਾਂ) 'ਉਧਰ' ਤੁਰਿਆ ਹੋਇਆ ਸੀ। ਸਾਰਾ ਇਲਾਕਾ ਇਹ ਗੱਲ ਜਾਣਦਾ ਸੀ। ਰਘਬੀਰ ਨੇ ਸੁਹੇਲ ਨੂੰ ਕਮਰੇ ਵਿਚ ਬੰਦ ਕਰ ਦਿੱਤਾ ਤੇ ਬਾਹਰੋਂ ਜਿੰਦਰਾ ਲਾ ਦਿੱਤਾ। ਆਪ ਉਹ ਧੀਆਂ ਨੂੰ ਲੈ ਕੇ ਛੱਤ 'ਤੇ ਭੱਠ ਤਪਦੀ ਗਰਮੀ ਵਿਚ ਜਾ ਪਈ। ਤੜਫ਼ਾਹਟ ਪਾਉਣ ਵਾਲੀ ਗਰਮੀ ਸੀ। ਕਮਰੇ ਅੰਦਰ ਕੋਈ ਪੱਖਾ ਨਹੀਂ ਸੀ। ਲੂਹ ਸੁੱਟਣ ਵਾਲੀ ਗਰਮੀ, ਮਾਰੇ ਜਾਣ ਦਾ ਭੈਅ! ਕਲਪਨਾ ਹੀ ਕੀਤੀ ਜਾ ਸਕਦੀ ਹੈ। ਸੁਹੇਲ ਨੇ ਉਹ ਰਾਤ ਕਿਵੇਂ ਕੱਟੀ ਹੋਵੇਗੀ। ਸਾਰੀ ਰਾਤ ਮਾੜੇ ਜਿਹੇ ਖੜਕੇ ਨੂੰ ਸੁਣ ਕੇ ਸਾਰਾ ਟੱਬਰ ਤ੍ਰਭਕ ਤ੍ਰਭਕ ਉੱਠਦਾ। ਨੀਂਦ ਭਲਾ ਕਿਸਨੂੰ ਆਉਣੀ ਸੀ!

ਅਗਲੀ ਵਾਰ... ਇਕ ਦਿਨ ਸ਼ਾਮ ਢਲੇ ਸਕਾਈਲਾਰਕ ਹੋਟਲ ਵਿਚ ਜਲੰਧਰ ਦੇ ਪੱਤਰਕਾਰਾਂ ਦੀ ਪ੍ਰੈੱਸ ਕਾਨਫ਼ਰੰਸ ਸੀ। ਪੱਤਰਕਾਰਾਂ ਦਾ ਇਕੱਠ ਹੋਵੇ ਤਾਂ 'ਨੁਕਲ-ਪਾਣੀ' ਨਾ ਚੱਲੇ, ਇਹ ਤਾਂ ਸੰਭਵ ਹੀ ਨਹੀਂ। ਸੁਹੇਲ ਸਿੰਘ ਉਂਝ ਵੀ ਦਾਰੂ ਦਾ ਵੱਜਰੀ ਸੀ। ਉਹਦੇ ਭਖ਼ਦੇ ਭੱਠ ਵਰਗੇ ਜੀਵਨ ਵਿਚ ਇਹੋ ਜਿਹੀਆਂ ਮਹਿਫ਼ਲਾਂ ਵਿਚ ਬਹਿਣਾ, ਗੱਪ-ਗੋਸ਼ਿਟ ਕਰਨੀ ਤੇ ਸੋਮਰਸ ਦੀਆਂ ਕੁਝ ਬੂੰਦਾਂ ਛਕਣੀਆਂ ਹੀ ਤਾਂ ਠੰਢ ਵਰਤਾਉਣ ਦਾ ਇਕ ਵਸੀਲਾ ਸੀ। ਜਦੋਂ ਮਨ ਵਜਦ ਵਿਚ ਆ ਗਿਆ ਤਾਂ ਮਹਿਫ਼ਲ ਵਿਚੋਂ ਉੱਠ ਕੇ ਘਰ ਜਾਣ ਲਈ ਹੇਠਾਂ ਉੱਤਰ ਆਇਆ।

ਘਰ ਆ ਕੇ ਰਘਬੀਰ ਕੌਰ ਨੂੰ ਕਹਿੰਦਾ, "ਅੱਜ ...ਵਾਲਾ ਮੁੰਡਾ ਮਿਲਿਆ ਸੀ।"

ਰਘਬੀਰ ਕੌਰ ਦਾ ਕਲੇਜਾ ਧੱਕ ਧੜਕਿਆ।

"ਫੇਅ...ਅ...ਰ!" ਉਸਤੋਂ ਵਾਕ ਪੂਰਾ ਨਾ ਹੋ ਸਕਿਆ।

ਸੁਹੇਲ ਨੇ ਦੱਸਿਆ

ਸਕਾਈਲਾਰਕ ਹੋਟਲ ਦੀਆਂ ਪੌੜੀਆਂ ਉੱਤਰ ਕੇ ਪਾਰਕਿੰਗ ਵਿਚ ਲੱਗੇ ਆਪਣੇ ਟੁੱਟੇ ਜਿਹੇ ਸਾਈਕਲ ਦੇ ਹੈਂਡਲ ਨੂੰ ਹੱਥ ਪਾਉਣ ਹੀ ਲੱਗਾ ਸੀ ਕਿ ਲੋਈਆਂ ਦੀਆਂ ਬੁੱਕਲਾਂ ਮਾਰੀ ਦੋ ਮੁੰਡੇ ਉਹਦੇ ਕੋਲ਼ ਆਏ। ਉਹਨੇ ਆਪਣੇ ਪਿੰਡਾਂ ਦੇ ਕੰਮੋਕਿਆਂ ਵਾਲੇ ਇਕ ਮੁੰਡੇ ਨੂੰ ਪਛਾਣ ਲਿਆ।

ਮੁੰਡੇ ਨੇ ਅੱਗੇ ਵਧਦਿਆਂ ਕਿਹਾ, "ਸਾਨੂੰ ਪਤਾ ਲੱਗਾ ਤੁਸੀਂ ਐਧਰ ਆਏ ਓ, ਅਸੀਂ ਸੋਚਿਆ ਤੁਹਾਡੀ 'ਫਤਹਿ' ਹੀ ਬੁਲਾਉਂਦੇ ਜਾਈਏ।"

'ਤੁਹਾਡੀ ਫ਼ਤਿਹ ਬੁਲਾਉਣ' ਨੂੰ ਉਹਨੇ 'ਤੁਹਾਨੂੰ ਫਤਹਿ ਬੁਲਾਉਣ' ਸਮਝਿਆ ਤੇ ਉਹਦਾ 'ਫ਼ਤਹਿ ਬੁਲਾਉਣ' ਦਾ ਮਕਸਦ ਸਮਝੇ ਬਗ਼ੈਰ ਹੀ ਲੋਰ ਵਿਚ ਆਏ ਸੁਹੇਲ ਸਿੰਘ ਨੇ ਉਹਨੂੰ ਜੱਫ਼ੀ ਵਿਚ ਘੁੱਟ ਲਿਆ, "ਓ ਬੱਲੇ! ਬੱਲੇ! ਮੇਰੇ ਸ਼ੇਰੋ! ਤੁਸੀਂ ਕਿੱਥੇ ਇਸ ਵੇਲੇ? ਮੈਨੂੰ ਮਿਲਣ ਆਏ ਜੇ ਤਾਂ ਚੱਲੋ ਮੇਰੇ ਨਾਲ, ਮੇਰੇ ਘਰ। ਅੱਜ ਨਹੀਂ ਮੈਂ ਤੁਹਾਨੂੰ ਜਾਣ ਦੇਣਾ। ਚਲੋ ਮੇਰੇ ਵੀਰ! ਸ਼ਾਬਾਸ਼ੇ!!"

ਜਿਹਨੂੰ ਜੱਫੀ ਪਾਈ ਸੀ, ਪਤਾ ਨਹੀਂ 'ਜੱਫੀ ਦੀ ਮੁਹੱਬਤੀ ਕੱਸ' ਮਹਿਸੂਸ ਕਰਦਿਆਂ ਉਹਦੇ ਮਨ ਵਿਚ ਕੀ ਉਛਾਲ ਆਇਆ, ਉਹਦੇ ਅੰਦਰਲਾ ਪੱਥਰ ਕਿਵੇਂ ਪਿਘਲ ਗਿਆ, ਉਹ ਦੂਜੇ ਸਾਥੀ ਵੱਲ ਵੇਖ ਕੇ ਮੁਸਕਰਾਇਆ ਤੇ 'ਨਾਂਹ' ਵਿਚ ਸਿਰ ਹਿਲਾਇਆ।

"ਉਹਨੂੰ ਕੀ ਪੁੱਛਦੈਂ! ਜਦੋਂ ਮੈਂ ਕਹਿੰਦਾਂ ਕਿ ਚਲੋ ਘਰ ਨੂੰ। ਉਹ ਕੀ ਆਖੂ?

ਜੱਫੀ ਛੱਡਦਿਆਂ ਸੁਹੇਲ ਦੂਜੇ ਮੁੰਡੇ ਨੂੰ ਕਹਿੰਦਾ, "ਚਲੋ ਪੁੱਤ! ਚਲਦੇ ਹਾਂ!"

ਜਿਹਨੂੰ ਜੱਫੀ ਪਾਈ ਸੀ, ਉਹ ਕਰੜਾਈ ਨਾਲ ਕਹਿੰਦਾ, "ਚੁੱਪ ਕਰ ਕੇ ਘਰ ਨੂੰ ਵਗ ਜਾ ਕਾਮਰੇਡ! ਪਿੱਛਾ ਭੌਂ ਕੇ ਨਾ ਵੇਖੀਂ। ਨਾ ਕਿਸੇ ਨੂੰ ਦੱਸੀਂ ਕਿ ਅਸੀਂ ਤੈਨੂੰ ਮਿਲੇ ਸਾਂ।"

ਹੁਣ ਸੁਹੇਲ ਦੇ ਖ਼ਾਨੇ ਗੱਲ ਪੈ ਗਈ ਸੀ ਕਿ ਇਹ ਕੌਣ ਸਨ ਤੇ ਕਿਸ ਕੰਮ ਆਏ ਸਨ।

ਉਹ ਘਰ ਨੂੰ ਜਾ ਰਿਹਾ ਸੀ। ਲਗਦਾ ਸੀ ਜਿਵੇਂ ਮੌਤ ਦੀ ਜੱਫੀ ਵਿਚੋਂ ਛੁੱਟ ਕੇ ਆਇਆ ਹੋਵੇ!

ਘਰ ਜਾ ਕੇ ਸੁਹੇਲ ਸਾਰੀ ਘਟਨਾ ਦਾ ਬਿਰਤਾਂਤ ਰਘਬੀਰ ਕੌਰ ਨੂੰ ਸੁਣਾ ਕੇ ਕਹਿੰਦਾ, "ਅੱਜ ਤਾਂ ਮੇਰੀ ਜੱਫੀ ਨੇ ਕਮਾਲ ਕਰ ਵਿਖਾਇਆ। ਮੇਰੇ ਬੋਲਾਂ ਨੇ ਦੂਜੇ ਮੁੰਡੇ ਦੀ ਲੋਈ ਹੇਠੋਂ ਦਿਸਦੀ

ਸਟੇਨ ਗੰਨ ਪਿਘਲ਼ਾ ਦਿੱਤੀ ਸੀ।"

## ਸੁਹੇਲ ਸਿੰਘ ਦੀ ਖ਼ੁਸ਼ਬੂ ਸਾਰੇ ਪਾਸੇ ਫੈਲੀ ਹੋਈ ਸੀ

ਮੈਂ ਜਲੰਧਰ ਆ ਗਿਆ ਤਾਂ ਸੁਹੇਲ ਸਿੰਘ ਨਾਲ ਕਦੀ ਕਦੀ ਮਿਲਾਪ ਹੋ ਜਾਂਦਾ। ਉਹ ਮੈਨੂੰ ਪਹਿਲਾਂ ਵਾਂਗ ਹੀ, ਸਹਿਜ, ਸੂਖ਼ਮ ਤੇ ਤਰਲ ਨਜ਼ਰ ਆਉਂਦਾ। ਪਤਾ ਲੱਗਾ ਕਿ ਉਹ ਕੇਵਲ ਪੱਤਰਕਾਰ ਹੀ ਨਹੀਂ, ਸਗੋਂ ਇਕ ਸੰਵੇਦਨਸ਼ੀਲ ਲੇਖਕ ਵੀ ਹੈ। ਉਹ ਕਵਿਤਾਵਾਂ ਵੀ ਲਿਖਦਾ, ਕਹਾਣੀਆਂ ਦੀ ਕਿਤਾਬ ਵੀ ਛਪੀ ਹੋਈ ਸੀ। ਮਿੱਠੀਆਂ ਸ਼ਰਾਰਤਾਂ ਵੀ ਕਰ ਲੈਂਦਾ। ਕਿਸੇ ਕੁੜੀ ਦੇ ਨਾਂ 'ਤੇ ਜਾਣ-ਬੁੱਝ ਕੇ ਅਖ਼ਬਾਰ ਨੂੰ ਆਪਣੀਆਂ ਕਵਿਤਾਵਾਂ ਛਪਣ ਲਈ ਭੇਜਦਾ ਤੇ ਲੁਕਵੇਂ ਰੂਪ ਵਿਚ ਆਪਣੇ 'ਯਾਰਾਂ' ਦੀ ਸੰਪਾਦਕੀ ਸੂਝ ਦਾ ਮਜ਼ਾਕ ਵੀ ਉਡਾਉਂਦਾ। ਜਿਵੇਂ ਪਹਿਲਾਂ ਨਵਾਂ-ਜ਼ਮਾਨਾਂ ਦੇ ਡੈਸਕ 'ਤੇ ਬੈਠਾ ਉਹ ਸੋਹਣ ਸਿੰਘ ਜੋਸ਼, ਜਗਜੀਤ ਸਿੰਘ ਆਨੰਦ ਤੋਂ ਪੱਤਰਕਾਰੀ ਦੇ ਗੁਰ ਸਿੱਖਦਾ ਰਿਹਾ ਸੀ, ਓਸੇ ਮੁਹੱਬਤ ਨਾਲ ਆਪਣੇ ਨਾਲ ਕੰਮ ਕਰਨ ਵਾਲੇ ਸਿਖਾਂਦਰੂ ਪੱਤਰਕਾਰਾਂ ਨੂੰ ਵੀ ਸਹਿਜ ਟਰੇਨਿੰਗ ਦਿੰਦਾ। ਸਤਨਾਮ ਸਿੰਘ ਮਾਣਕ, ਬਲਬੀਰ ਪਰਵਾਨਾ ਵਰਗੇ ਕਈ ਪ੍ਰਸਿੱਧ ਪੱਤਰਕਾਰ 'ਸੁਹੇਲ-ਸਕੂਲ' ਦੀ ਦੇਣ ਦੇ ਗਵਾਹ ਤਾਂ ਹਨ ਹੀ, ਸਗੋਂ ਦਿਲ ਦੀਆਂ ਧੁਰ ਡੂੰਘਾਣਾਂ ਤੋਂ ਉਹਦੀ ਇਨਸਾਨੀ ਵਡਿਆਈ ਦੇ ਪ੍ਰਸ਼ੰਸਕ ਵੀ ਹਨ।

ਪ੍ਰਸ਼ੰਸਕ ਭਲਾ ਉਹਦਾ ਕੌਣ ਨਹੀਂ ਸੀ! ਜਿਸ ਨਾਲ ਵੀ ਉਹਦੀ ਗੱਲ ਚੱਲਦੀ, ਉਹ ਉਹਦੀ ਵਡਿਆਈ ਦੇ ਪੁਲ਼ ਬੰਨ੍ਹਣ ਲੱਗਦਾ।

ਇਹ ਵਖਰੀ ਗੱਲ ਹੈ, ਜਿਵੇਂ ਮੈਂ ਦੱਸਿਆ ਹੈ ਕਿ ਜਲੰਧਰ ਆ ਕੇ ਸੁਹੇਲ ਸਿੰਘ ਨਾਲ ਮੇਰਾ ਕੋਈ ਨੇੜਲਾ ਮਿੱਤਰਚਾਰਾ ਨਾ ਬਣ ਸਕਿਆ। ਕਾਰਨ ਸਿਰਫ਼ ਇਹ ਸੀ ਕਿ ਜਿਨ੍ਹਾਂ ਸ਼ਖ਼ਸੀਅਤਾਂ ਨਾਲ ਮੇਰਾ ਰੋਜ਼ਾਨਾ ਮੇਲ-ਜੋਲ ਸੀ, ਉਹਨਾਂ ਵਿਚ ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ, ਜਗਦੀਸ਼ ਸਿੰਘ ਵਰਿਆਮ ਦਾ ਨਾਂ ਪ੍ਰਮੁੱਖ ਸੀ। ਉਹਨਾਂ ਰਾਹੀਂ ਹੀ ਜਲੰਧਰ ਦੇ ਸਾਹਿਤਕ ਹਲਕਿਆਂ ਵਿਚ ਮੇਰੀ ਪਛਾਣ ਬਣੀ। ਉਹਨਾਂ ਨਾਲ ਮੈਂ ਕਦੀ ਕਦੀ 'ਨਵਾਂ ਜ਼ਮਾਨਾ' ਦੇ ਦਫ਼ਤਰ ਤਾਂ ਚਲੇ ਜਾਂਦਾ ਪਰ 'ਲੋਕ ਲਹਿਰ' ਦੇ ਦਫ਼ਤਰ ਜਾਣ ਤੇ ਸੁਹੇਲ ਸਿੰਘ ਨੂੰ ਮਿਲਣ ਦਾ ਬਹੁਤਾ ਸਬੱਬ ਵੀ ਨਾ ਬਣ ਸਕਿਆ। ਪਰ ਸੁਹੇਲ ਦੇ ਨੇੜਲੇ ਸੰਗੀਆਂ ਸਾਥੀਆਂ ਨਾਲ ਮੇਰਾ ਗੂੜ੍ਹ ਸੀ। ਕਾਮਰੇਡ ਹਰਦਿਆਲ ਚੱਠਾ, ਨੌਨਿਹਾਲ ਸਿੰਘ ਤੇ ਪ੍ਰੇਮ ਚੱਠਾ ਨਾਲ ਮੇਰੀ ਜਾਣ-ਪਛਾਣ ਪਹਿਲਾਂ ਤੋਂ ਹੀ ਸੀ। ਇਸਤੋਂ ਇਲਾਵਾ ਦੇਸ਼ ਭਗਤ ਯਾਦਗਾਰ ਹਾਲ ਨਾਲ ਜੁੜੇ ਬਾਬਾ ਭਗਤ ਸਿੰਘ ਬਿਲਗਾ ਤੇ ਹੋਰ ਸੱਜਣਾਂ ਮਿੱਤਰਾਂ ਨਾਲ ਵੀ ਮੇਰਾ ਸਹਿਚਾਰ ਸੀ। ਇਹ ਸਾਰੇ ਸੁਹੇਲ ਨੂੰ ਬਹੁਤ ਨੇੜੇ ਤੋਂ ਜਾਣਦੇ ਸਨ। ਕਿਸੇ ਵੀ ਬੰਦੇ ਦਾ ਸਹੀ ਮੁਲਾਂਕਣ ਉਹਦੇ ਨੇੜਲੇ ਜਾਣਕਾਰ ਹੀ ਕਰ ਸਕਦੇ ਨੇ ਤੇ ਉਹ ਉਦੋਂ ਹੋਰ ਵੀ ਵਧੇਰੇ ਮੰਨਣ ਯੋਗ ਹੋ ਜਾਂਦਾ ਹੈ ਜਦੋਂ ਉਹ ਉਹਦੀ ਗ਼ੈਰਹਾਜ਼ਰੀ ਵਿਚ ਉਹਦੀ ਸ਼ਖ਼ਸੀਅਤ ਦੇ ਕਾਲ਼ੇ-ਚਿੱਟੇ ਰੰਗ ਉਘਾੜ ਰਹੇ ਹੋਣ।

ਇਹਨਾਂ ਨਾਲ ਗੱਲਾਂ ਕਰਦਿਆਂ ਮੈਂ ਕਦੀ ਵੀ ਕਿਸੇ ਕੋਲ਼ੋਂ ਵੀ ਸੁਹੇਲ ਦੀ ਨਿੰਦਿਆ ਨਹੀਂ ਸੀ ਸੁਣੀ। ਉਹ ਅਜਿਹਾ ਸੀ ਕਿ ਉਸ ਨਾਲ ਈਰਖ਼ਾ ਕੀਤੀ ਹੀ ਨਹੀਂ ਸੀ ਜਾ ਸਕਦੀ। ਉਹਦੇ 'ਤੇ ਰਸ਼ਕ ਹੀ ਕੀਤਾ ਜਾ ਸਕਦਾ ਸੀ।

ਸੁਹੇਲ ਸਿੰਘ ਦੀ ਖ਼ੁਸ਼ਬੂ ਸਾਰੇ ਪਾਸੇ ਫੈਲੀ ਹੋਈ ਸੀ। ਕਦੀ ਕਿਸੇ ਪ੍ਰਸੰਗ ਵਿਚ ਸੁਹੇਲ ਸਿੰਘ ਦੀ ਗੱਲ ਚੱਲਦੀ ਤਾਂ ਬਾਬਾ ਬੰਨੋਆਣਾ ਕਹਿੰਦੇ, "ਸੁਹੇਲ ਬਹੁਤ ਨਫ਼ੀਸ ਆਦਮੀ ਹੈ! ਬੜਾ ਮੁਹੱਬਤੀ ਤੇ ਮਿਲਣਸਾਰ!" ਜਗਦੀਸ਼ ਸਿੰਘ ਵਰਿਆਮ ਆਖਦਾ, "ਸੁਹੇਲ ਸਿੰਘ ਰੂਹ ਦਾ ਪਾਕ ਸਾਫ਼ ਬੰਦਾ ਹੈ!" ਕਾਮਰੇਡ ਮਲੂਕ ਸਿੰਘ 'ਲੋਕ ਲਹਿਰ' ਵਿਚ ਸੁਹੇਲ ਸਿੰਘ ਨਾਲ ਬਿਤਾਏ ਲੰਮੇ ਸਮੇਂ ਦੀ ਸਾਂਝ ਦੇ ਆਧਾਰ 'ਤੇ ਕਹਿੰਦਾ, "ਸੁਹੇਲ ਸੱਚਾ ਸੁੱਚਾ ਪੱਤਰਕਾਰ ਹੀ ਨਹੀਂ, ਸੱਚਾ ਸੁੱਚਾ ਬੰਦਾ ਵੀ ਹੈ। ਆਪਣੀ ਵਿਚਾਰਧਾਰਾ ਤੇ ਪਾਰਟੀ ਲਈ ਸਿਰ ਦੇ ਵਾਲ਼ਾਂ ਤੋਂ ਲੈ ਕੇ ਪੈਰਾਂ ਦੇ ਨੌਹਾਂ ਤਕ ਪ੍ਰਤੀਬੱਧ। ਪਰ ਆਮ ਪੱਤਰਕਾਰਾਂ ਵਾਂਗ ਮੋਹ-ਮਾਇਆ ਦੇ ਲਾਲਚਾਂ ਤੋਂ ਕਿਤੇ ਉੱਚਾ!"

**ਭਰਿਆ ਤੇ ਭਾਰਾ ਮਨ**

ਸੁਹੇਲ ਨੇ ਤਾਂ ਆਪਣੀ ਜਿੰਦ ਪਾਰਟੀ ਦੇ ਲੇਖੇ ਲਾਈ ਹੋਈ ਸੀ। ਪਾਰਟੀ ਨੇ ਵੀ ਉਹਦਾ ਮਾਣ ਬਣਾਇਆ ਹੋਇਆ ਸੀ। ਉਹ ਪਾਰਟੀ ਦੀ ਸੂਬਾ ਕਮੇਟੀ ਦਾ ਮੈਂਬਰ ਸੀ।

ਕਵਿਤਾ ਦੀ ਇੱਕ ਸਤਰ ਚੇਤੇ ਆ ਗਈ:

*ਚੰਗੀ ਲੱਗੇ ਨਾ ਅਕਲ ਦੀ ਗੱਲ ਕੋਈ ਜਦੋਂ ਰਾਠ ਆ ਬਹਿ ਜਾਣ ਦਰਬਾਨੀਆਂ 'ਤੇ*

ਪਾਰਟੀਆਂ ਵਿਚ ਇਹ ਵੀ ਪ੍ਰਚਲਨ ਹੈ ਕਿ ਚਾਪਲੂਸ ਤੇ ਜੁਗਾੜੀ ਬੰਦੇ ਪ੍ਰਤੀਬੱਧ ਤੇ ਸੁਹਿਰਦ ਪਾਰਟੀ ਕਾਮਿਆਂ ਤੋਂ ਅੱਗੇ ਲੰਘ ਜਾਂਦੇ ਹਨ।

ਇਹ ਅਕਸਰ ਸੁਣਨ ਵਿਚ ਆਉਂਦਾ ਸੀ ਕਿ ਜਦੋਂ ਉਸਤੋਂ ਜੂਨੀਅਰ ਬੰਦੇ ਨੂੰ ਉਹਦੇ ਸਿਰ ਉੱਤੇ ਨਿਗਰਾਨ ਬਣਾ ਕੇ ਬਿਠਾ ਦਿੱਤਾ ਤਾਂ ਉਹਦਾ ਮਨ ਬੜਾ ਅਵਾਜ਼ਾਰ ਹੋਇਆ। ਪ੍ਰਤਿਭਾ ਤੇ ਸਿਨਿਆਰਟੀ ਪੱਖੋਂ ਉਸ ਨਾਲੋਂ ਊਣਾ-ਬੌਣਾ ਬੰਦਾ ਜਦੋਂ 'ਭਰੇ-ਪੂਰੇ' ਹੋਣ ਦੇ ਭਰਮ ਵਿਚ ਉਹਦੇ ਕੰਮ ਵਿਚ ਦਖ਼ਲ-ਅੰਦਾਜ਼ੀ ਕਰਨ ਲੱਗੇ ਤਾਂ ਉਹ ਅਗਲੇ ਨਾਲ ਬਹਿਸ ਤਾਂ ਕਰ ਸਕਦਾ ਸੀ, ਪਰ ਬਹੁਤੀ ਵਾਰ ਅਣਮੰਨੇ ਮਨ ਨਾਲ ਉਹਨੂੰ ਉਹਦੀ ਮੰਨਣੀ ਵੀ ਪੈਂਦੀ ਸੀ। ਅਸੀਂ ਜਾਣਦੇ ਹੀ ਹਾਂ ਕਿ ਮਨ ਨੂੰ ਮਾਰ ਕੇ ਰਹਿਣਾ ਤੇ ਜਿਊਣਾ ਕਿੰਨਾ ਔਖਾ ਹੁੰਦਾ ਹੈ, ਤੇ, ਉਹ ਵੀ ਸੁਹੇਲ ਵਰਗੇ ਅਤਿ ਦੇ ਸੰਵੇਦਨਸ਼ੀਲ ਇਨਸਾਨ ਵਾਸਤੇ।

ਸੁਹੇਲ ਪਾਰਟੀ ਦਾ ਵਫ਼ਾਦਾਰ ਤੇ ਪਾਰਟੀ-ਅਨੁਸ਼ਾਸਨ ਨੂੰ ਮੰਨਣ ਵਾਲਾ ਸੀ। ਪਰ ਪਾਰਟੀਆਂ ਆਪਣੇ ਫ਼ੈਸਲਿਆਂ ਵਿਚ ਸਦਾ ਹੀ ਠੀਕ ਨਹੀਂ ਹੁੰਦੀਆਂ। ਕਈ ਵਾਰ ਪਾਰਟੀ ਦੀ ਵੱਡੀ ਘੱਟ-ਗਿਣਤੀ ਪਾਰਟੀ ਦੇ ਪੈਂਤੜੇ ਦੀ ਵਿਰੋਧੀ ਵੀ ਹੁੰਦੀ ਹੈ, ਪਰ ਅੱਵਲ-ਆਖ਼ਰ ਪਾਰਟੀ ਦੇ ਬਹੁ-ਗਿਣਤੀ ਫ਼ੈਸਲੇ ਨੂੰ ਮੰਨਣਾ ਪਾਰਟੀ ਵਰਕਰ ਦੀ ਮਜਬੂਰੀ ਹੁੰਦੀ ਹੈ। ਬਹੁਤ ਵਰਕਰ ਤਾਂ ਸਾਡੇ 'ਹਰਬੰਸ ਸਿੰਘ ਤੇ ਸ਼ੇਰ ਸਿੰਘ ਬੱਗੜ' ਵਰਗੇ ਪਾਰਟੀ ਦੀ ਲਕੀਰ ਪਿੱਛੇ ਚੱਲਣ ਵਾਲੇ 'ਫ਼ਕੀਰ' ਹੀ ਹੁੰਦੇ ਨੇ, ਪਰ ਸੁਹੇਲ ਵਰਗੇ ਸੰਵੇਦਨਸ਼ੀਲ ਬੰਦਿਆਂ ਲਈ ਇਹ ਕੰਮ ਡਾਢਾ ਔਖਾ ਸੀ।

ਸੁਹੇਲ ਦੀ ਅਕਲ ਉਹਨੂੰ ਹਕੀਕਤ ਨੂੰ ਅੱਖਾਂ ਖੋਲ੍ਹ ਕੇ 'ਚਾਰ-ਚੁਫ਼ੇਰੇ' ਵੇਖਣ ਤੇ ਜਾਨਣ/ਸਮਝਣ ਲਈ ਪ੍ਰੇਰਤ ਕਰਦੀ ਸੀ, ਪਰ ਪਾਰਟੀ ਅਨੁਸਾਸ਼ਨ ਦੇ ਖੋਪੇ ਲਾ ਕੇ ਉਹਨੂੰ ਸਿੱਧਾ ਵੇਖਣ ਤੇ ਸਿੱਧਾ ਤੁਰਨ ਲਈ ਮਜਬੂਰ ਕਰਦੀ। ਉਸ ਵੇਲੇ ਉਹਦੀ ਇਹ ਹਾਲਤ ਬਣ ਜਾਂਦੀ, *'ਨਾ ਤੜਪਨੇ ਕੀ ਇਜਾਜ਼ਤ ਹੈ, ਨਾ ਫ਼ਰਿਆਦ ਕੀ ਹੈ। ਘੁਟ ਕੇ ਮਰ ਜਾਊਂ ਯਹ ਮਰਜ਼ੀ ਮੇਰੇ ਸੱਯਾਦ ਕੀ ਹੈ!'*

ਪਰ ਸੁਹੇਲ ਦਮ ਨੂੰ ਘੁੱਟ ਕੇ ਵੀ ਪਾਰਟੀ ਫ਼ੈਸਲਿਆਂ 'ਤੇ ਡਟ ਕੇ ਪਹਿਰਾ ਦਿੰਦਾ। ਉਸ ਪੈਂਤੜੇ ਬਾਰੇ ਗੱਜ-ਵੱਜ ਕੇ ਬੋਲਦਾ ਤੇ ਲਿਖਦਾ।

ਸੁਹੇਲ ਦੇ 'ਘੁਟ ਰਹੇ ਦਮ' ਵਾਲੇ ਕਥਨ ਦੀ ਪੁਸ਼ਟੀ ਲਈ ਮੈਨੂੰ ਬਲਬੀਰ ਪਰਵਨਾ ਕੋਲ਼ੋਂ, ਉਸਦੀ ਸੁਣਾਈ ਸਾਖੀ ਸਾਂਝੀ ਕਰਨ ਦੀ ਆਗਿਆ ਲੈਣੀ ਪਵੇਗੀ।

ਉਹ ਲਿਖਦਾ ਹੈ

ਇਹਨਾਂ ਹੀ ਦਿਨਾਂ ਦੀ ਗੱਲ ਹੈ, ਬਾਬਾ ਬੰਨੂਆਣਾ ਸਾਡੇ ਦਫਤਰ ਆਏ। ਅਸੀਂ ਅੰਦਰ ਬੈਠੇ ਕੰਮ ਕਰ ਰਹੇ ਸਾਂ ਤੇ ਸੁਹੇਲ ਬਾਹਰ ਬੈਠਾ ਸੰਪਾਦਕੀ ਲਿਖ ਰਿਹਾ ਸੀ। ਬਾਬਾ ਜੀ ਆਏ ਤਾਂ ਉਹ ਸੰਪਾਦਕੀ ਲਿਖਣੀ ਛੱਡ ਉਹਨਾਂ ਨਾਲ ਗੱਲਾਂ ਕਰਨ ਲੱਗੇ, ਜਿਹੜੀਆਂ ਛੇਤੀ ਹੀ ਬਹਿਸਬਾਜ਼ੀ 'ਚ ਬਦਲ ਗਈਆਂ। ਗੱਲ ਉਸ ਦਿਨ ਛਪੇ ਸੁਹੇਲ ਦੇ ਸੰਪਾਦਕੀ ਦੇ ਕਿਸੇ ਨੁਕਤੇ ਬਾਰੇ ਸੀ। ਦੋਵੇਂ ਵੱਖ ਵੱਖ ਪੁਜ਼ੀਸ਼ਨਾਂ 'ਤੇ ਉਲਝਦੇ ਗਏ। ਜਿਉਂ ਜਿਉਂ ਬਹਿਸ ਭਖ਼ਦੀ ਗਈ, ਬਾਬਾ ਜੀ ਦੀ ਆਵਾਜ਼ ਓਨੀ ਹੀ ਉੱਚੀ ਹੁੰਦੀ ਗਈ।

"ਇਹ ਸਾਡੀ ਨੀਤੀ ਅਨੁਸਾਰ ਸਹੀ ਹੈ।" ਸੁਹੇਲ ਅੜਿਆ ਹੋਇਆ ਸੀ।

"ਮੈਨੂੰ ਪਾਰਟੀ ਦੀ ਨੀਤੀ ਦਾ ਪਤਾ ਹੈ। ਮੈਂ ਤੇਰੀ ਨਿੱਜੀ ਰਾਏ ਜਾਨਣੀ ਚਾਹੁੰਦਾਂ।"

"ਬੰਦਾ ਪਾਰਟੀ ਤੋਂ ਵੱਖ ਨਹੀਂ ਹੁੰਦਾ।"

"ਹੁਣ ਤੂੰ ਹੋਰ ਵੀ ਝੂਠ ਬੋਲ ਰਿਹਾ ਹੈਂ।"

"ਬਾਬਾ ਜੀ ਤੁਸੀਂ ਇਸ ਬਾਰੇ ਪਾਰਟੀ ਮਤਾ ਦੇਖ ਸਕਦੇ ਹੋ। ਪੀ ਡੀ ਦਾ ਤਾਜ਼ਾ ਸੰਪਾਦਕੀ ਵੀ।" ਉਹ ਬਿਲਕੁਲ ਸਹਿਜ ਸੀ।

"ਮੈਂ ਜਿਸ ਸੁਹੇਲ ਸਿੰਘ ਨੂੰ ਜਾਣਦਾ ਹਾਂ, ਮੈਨੂੰ ਉਸਦੀ ਰਾਏ ਦੀ ਲੋੜ ਹੈ।" ਬਾਬਾ ਜੀ ਦੀ ਆਵਾਜ਼ 'ਚ ਤੈਸ਼ ਏਨਾ ਵਧ ਗਿਆ ਸੀ ਕਿ ਲੱਗਾ ਜਿਵੇਂ ਹੁਣੇ ਹੀ ਲੜ ਪੈਣਗੇ। ਏਨੇ ਨੂੰ ਚਾਹ ਬਣ ਕੇ ਆ ਗਈ। ਸੁਹੇਲ ਨੇ ਕੱਪ ਉਹਨਾਂ ਵੱਲ ਕਰਦਿਆਂ ਕਿਹਾ, "ਲਓ ਬਾਬਾ ਜੀ, ਪਹਿਲਾਂ ਚਾਹ ਪੀਓ; ਬਾਕੀ ਗੱਲ ਵੱਲ ਫੇਰ ਵੇਖਦੇ ਹਾਂ।"

"ਨਹੀਂ ਮੈਂ ਝੂਠੇ ਬੰਦੇ ਦੀ ਚਾਹ ਨਹੀਂ ਪੀਂਦਾ।" ਉਹਨਾਂ ਤੈਸ਼ 'ਚ ਕਿਹਾ ਤਾਂ ਸੁਹੇਲ ਨੇ ਕੁਝ ਮੁਸਕਰਾ ਕੇ ਕਿਹਾ, "ਬਾਬਾ ਜੀ ਤੁਸੀਂ ਮੈਨੂੰ ਪਾਰਟੀ 'ਚੋਂ ਕਿਉਂ ਕਢਾਉਣਾ ਚਾਹੁੰਦੇ ਹੋ!"

"ਬਸ ਮੈਨੂੰ ਮੇਰਾ ਜਵਾਬ ਮਿਲ ਗਿਆ" ਤੇ ਉਹਨਾਂ ਹੱਸ ਕੇ ਚਾਹ ਦਾ ਕੱਪ ਫੜ ਲਿਆ।

ਇਹ ਬਿਰਤਾਂਤ ਦੱਸਦਾ ਹੈ ਕਿ ਪਾਰਟੀ ਬੰਧੇਜ ਵਿਚ ਬੱਝੇ ਬੰਦੇ ਨੂੰ ਕਿਵੇਂ ਆਪਣੇ ਦਿਲ ਦੀ ਰਾਇ ਵਿਚ ਅਨੁਸ਼ਾਸਨੀ ਛੁਰਾ ਖੋਭਣਾ ਪੈਂਦਾ ਹੈ। ਕਿਵੇਂ ਮਨ ਨੂੰ ਮਾਰਨਾ ਪੈਂਦਾ ਹੈ! ਰੋਜ਼ ਮਰਦੇ ਮਨ ਨਾਲ ਕੋਈ ਕਿੰਨਾ ਕੁ ਲੰਮਾ ਜਿਉਂ ਸਕਦਾ ਹੈ!

ਭਰੇ ਤੇ ਭਾਰੇ ਮਨ ਨਾਲ ਜਿਊਣਾ ਬੜਾ ਔਖਾ ਹੈ।

## ਸੰਜੋਗੀ ਮੇਲ

ਅਕਸਰ ਕਿਹਾ ਜਾਂਦਾ ਹੈ ਕਿ, 'ਜੀ ਸੰਜੋਗ ਤਾਂ ਧੁਰੋਂ ਲਿਖੇ ਹੁੰਦੇ ਨੇ!'

ਅਜਿਹੀਆਂ ਗੱਲਾਂ ਵਿਚ ਵਿਸ਼ਵਾਸ ਨਾ ਕਰਨ ਦੇ ਬਾਵਜੂਦ ਰਘਬੀਰ-ਸੁਹੇਲ ਦੇ ਹਵਾਲੇ ਨਾਲ ਇਹ ਗੱਲ ਠੀਕ ਹੀ ਲੱਗਦੀ ਹੈ।

ਇਕ ਦਿਨ ਸਾਡੇ ਘਰ ਰਘਬੀਰ ਕੌਰ ਮਿਲਣ ਆਈ। ਅਸੀਂ ਦੋਵੇਂ ਜੀਅ ਉਸ ਨਾਲ ਦੁਖ-ਸੁਖ ਸਾਂਝੇ ਕਰ ਰਹੇ ਸਾਂ। ਉਹਦੀ ਜੀਵਨ-ਕਹਾਣੀ ਪਹਿਲਾਂ ਸੁਣੀ, ਜਾਣੀ ਹੋਈ ਸੀ। ਅਚਨਚੇਤ ਮੈਂ ਉਹਨੂੰ ਉੱਤੋਂ ਵੇਖਣ ਨੂੰ ਤਾਂ ਹਲਕਾ-ਫੁਲਕਾ ਪਰ ਅੰਦਰੋਂ ਕਰੜਾ ਜਿਹਾ ਸਵਾਲ ਕਰ ਬੈਠਾ। ਮਨ ਵਿਚ ਉੱਡਦਾ ਜਿਹਾ ਖ਼ਿਆਲ ਵੀ ਆਇਆ ਕਿ ਗ਼ੁੱਸਾ ਨਾ ਕਰ ਲੈਂਦੀ ਹੋਵੇ!

"ਤੁਸੀਂ ਜਿਵੇਂ ਸੁਹੇਲ ਹੁਰਾਂ ਨਾਲ ਇਕ ਦੇਹ, ਇਕ ਜਾਨ ਹੋ ਕੇ ਘੋਰ ਆਰਥਿਕ ਤੰਗੀ ਦੇ ਬਾਵਜੂਦ ਸ਼ਾਨਦਾਰ ਤੇ ਮਾਣ-ਮੱਤਾ ਜੀਵਨ ਜੀਵਿਆ, ਉਹ ਮਿਸਾਲੀ ਹੈ। ਜਿਵੇਂ ਇਕ ਆਮ ਅੱਲ੍ਹੜ ਕੁੜੀ ਦੀਆਂ ਚੰਗਾ ਤੇ ਸੁਖੀ ਜੀਵਨ ਜਿਊਣ ਦੀਆਂ ਆਪਣੀਆਂ ਖ਼ਾਹਿਸ਼ਾਂ ਤੇ ਸੁਪਨੇ ਹੁੰਦੇ ਨੇ, ਤੁਸੀਂ ਉਹਨਾਂ ਨੂੰ ਇਕ ਪਾਸੇ ਰੱਖ ਕੇ, ਸੁਹੇਲ ਦੀ ਪ੍ਰਤੀਬੱਧਤ ਜੀਵਨ ਸ਼ੈਲੀ ਨੂੰ ਅਪਣਾ ਕੇ ਉਮਰ ਭਰ ਖੰਡ-ਖੀਰ ਹੋ ਕੇ ਵਿਚਰੇ, ਕੋਈ ਗਿਲਾ ਸ਼ਿਕਵਾ ਨਹੀਂ ਕੀਤਾ, ਉਹਦੀ ਜਿੰਨੀ ਵੀ ਸਲਾਹੁਤਾ ਕੀਤੀ ਜਾਵੇ, ਥੋੜ੍ਹੀ ਹੈ। ਪਰ ਚੰਗੇ ਖਾਂਦੇ ਪੀਂਦੇ ਘਰ ਦੀ ਪੜ੍ਹੀ ਲਿਖੀ ਸੋਹਣੀ ਕੁੜੀ ਨੂੰ ਇੰਝ ਬੇਸਰੋ-ਸਮਾਨੀ ਦਾ ਜੀਵਨ ਜਿਊਣ ਵਾਲੇ ਬੰਦੇ ਦੇ ਲੜ ਲਾ ਦਿੱਤਾ ਜਾਵੇ ਤਾਂ ਸ਼ਰੀਕੇ ਭਾਈਚਾਰੇ ਵਾਲੇ ਲੋਕ ਅਕਸਰ ਇੰਝ ਹੀ ਕਹਿੰਦੇ ਨੇ, "ਯਾਰ! ਔਹ ਫ਼ਲਾਣਾ ਸੁੰਹ ਨੇ ਤਾਂ ਆਪਣੀ ਕੁੜੀ ਡੋਬ ਦਿੱਤੀ। ਏਹੋ ਜਿਹੇ ਮੁੰਡੇ ਨਾਲ ਵਿਆਹੁਣ ਲੱਗਿਆਂ ਕੀ ਵੇਖਿਆ!"

ਮੈਂ ਸਵਾਲ ਦੇ ਭਾਰ ਨੂੰ ਹੌਲ਼ਾ ਕਰਨ ਲਈ ਹੱਸ ਪਿਆ ਤਾਂ ਰਘਬੀਰ ਕੌਰ ਵੀ ਹੱਸ ਪਈ। ਕਹਿੰਦੀ ਲਓ ਸੁਣੋ ਮੇਰੇ 'ਡੁੱਬਣ' ਦੀ ਕਹਾਣੀ...

ਅਗਲਾ ਬਿਰਤਾਂਤ ਰਘਬੀਰ ਦੇ ਹਵਾਲੇ ਨਾਲ ਹਾਜ਼ਰ ਹੈ:-

ਰਘਬੀਰ ਕੌਰ ਹੁਰਾਂ ਦੇ ਪਰਿਵਾਰ ਦੀ ਬੁਤਾਲੇ ਵਿਚ ਜਿਨ੍ਹਾਂ ਨਾਲ ਜ਼ਮੀਨ ਦੀ ਵੱਟ ਸਾਂਝੀ ਸੀ, ਉਹ ਬੰਦਾ ਸੁਹੇਲ ਸਿੰਘ ਦਾ ਭਣਵੱਈਆ ਤੇ ਬਾਅਦ ਵਿਚ ਰਘਬੀਰ ਕੌਰ ਦਾ ਬਣਨ ਵਾਲਾ ਨਣਾਨਵੱਈਆ ਸੀ। ਸੰਜੋਗ ਮੇਲ ਅਜਿਹਾ ਬਣਿਆ ਕਿ ਰਘਬੀਰ ਕੌਰ ਦੀ ਦਾਦੀ ਤੇ ਸੁਹੇਲ ਦੇ ਭਣਵੱਈਏ ਦੀ ਮਾਂ ਦੀ ਮੌਤ ਅੱਗੜ ਪਿੱਛੜ ਹੋ ਗਈ। ਦੋਵੇਂ ਜਣੇ ਆਪਸੀ ਸਲਾਹ ਨਾਲ ਆਪਣੀਆਂ ਮਾਵਾਂ ਦੇ ਫੁੱਲ ਪਾਉਣ ਲਈ ਹਰਦੁਆਰ ਗਏ। ਵੱਟ-ਬੰਨੇ ਦੀ ਸਾਂਝ ਕਰ ਕੇ ਇਕ ਦੂਜੇ ਨੂੰ

ਬੜੀ ਚੰਗੀ ਤਰ੍ਹਾਂ ਜਾਣਦੇ ਹੀ ਸਨ। ਸਫ਼ਰ ਦੀ ਸਾਂਝ ਨੇ ਹੋਰ ਨੇੜੇ ਲੈ ਆਂਦਾ। ਸੁਹੇਲ ਦਾ ਭਣਵੱਈਆ ਕਹਿੰਦਾ, "ਭਾਊ ਜੀ! ਮੇਰਾ ਸਾਲ਼ਾ ਹੈ ਜਲੰਧਰ ਰਹਿੰਦਾ। ਵੱਡੀ ਅਖ਼ਬਾਰ ਦਾ ਐਡੀਟਰ ਹੈ। ਜ਼ਮੀਨ ਜਾਇਦਾਦ ਤਾਂ ਪਿੰਡ ਵਿਚ ਏਨੀ ਕਿ ਮੁਕਾਇਆਂ ਨਾ ਮੁੱਕੇ। ਪੈਸੇ ਧੇਲੇ ਵੱਲੋਂ ਵੀ ਬਾਹਲ਼ਾ ਹੀ ਹੱਥ ਸੌਖੈ। ਅਸੀਂ ਆਹ ਜਿਹੜੀ ਪਿਛਲੇ ਮਹੀਨੇ ਜ਼ਮੀਨ ਖ਼ਰੀਦੀ ਐ, ਇਹ ਸਾਰਾ ਪੈਸਾ ਉਹਦੇ ਕੋਲ਼ੋਂ ਹੀ ਹੱਥ ਹੁਦਾਰ ਚੁੱਕਿਐ। ਮੇਰੀ ਸਲਾਹ ਹੈ ਆਪਣੀ ਬੀਬੀ ਦਾ ਉਹਨੂੰ ਸਾਕ ਨਾ ਕਰ ਦੇਈਏ।"

ਪਿਤਾ ਨੇ ਘਰ ਆ ਕੇ ਪਰਿਵਾਰ ਨਾਲ ਸਲਾਹ ਮਸ਼ਵਰਾ ਕੀਤਾ।

ਵੇਖਣ ਨੂੰ ਤਾਂ ਗੱਲਾਂ ਸਾਰੀਆਂ ਹੀ ਠੀਕ ਸਨ। ਅਗਲਿਆਂ ਸੋਚਿਆ ਹੋਵੇਗਾ ਅਖ਼ਬਾਰਾਂ ਦੇ ਐਡੀਟਰਾਂ ਦਾ ਤਾਂ ਟੌਹਰ ਹੀ ਨਹੀਂ ਮਾਣ! ਤਨਖਾਹ ਵਾਧੂ ਦੀ। ਪਿੰਡ ਦੀ ਜ਼ਮੀਨ ਦਾ ਹਿੱਸਾ ਠੇਕਾ ਨਾਲ। ਸ਼ਹਿਰ ਵਿਚ ਰਹਿੰਦਾ ਹੈ ਤਾਂ ਕੋਈ ਨਾ ਕੋਈ ਵਾਜਬ ਜਿਹਾ ਟਿਕਾਣਾ ਤਾਂ ਸਿਰ ਲੁਕਾਉਣ ਲਈ ਵੀ ਹੋਵੇਗਾ। ਰਘਬੀਰ ਕੌਰ ਦੀ ਵੱਡੀ ਭੈਣ ਪੜ੍ਹਨੋਂ ਹਟ ਕੇ ਘਰ ਬੈਠੀ ਸੀ। ਵਿਆਹੁਣ ਯੋਗ ਸੀ। ਉਹਨਾਂ ਨੇ 'ਚੰਗ ਰਿਸ਼ਤਾ' ਸਮਝ ਕੇ ਹਾਂ ਕਰ ਦਿੱਤੀ। ਕੁਝ ਦਿਨਾਂ ਬਾਅਦ ਸੁਹੇਲ ਦਾ ਭਣਵੱਈਆ ਕਹਿੰਦਾ, "ਮੈਂ ਗੱਲ ਕੀਤੀ ਸੀ ਮੁੰਡੇ ਨਾਲ। ਉਹ ਕਹਿੰਦਾ ਕਿ ਮੈਂ ਚਾਹੁੰਦਾਂ, ਕੁੜੀ ਪੜ੍ਹੀ ਲਿਖੀ ਹੋਵੇ। ਮੈਂ ਉਹਨੂੰ ਕਿਹਾ ਕਿ ਉਹਦੀ ਛੋਟੀ ਭੈਣ ਕਾਲਿਜ ਪੜ੍ਹਦੀ ਹੈ। ਉਹ ਕਹਿੰਦਾ, ਉਹ ਠੀਕ ਹੈ। ਮੈਂ ਉਹਨੂੰ ਆਪੇ ਅੱਗੇ ਪੜ੍ਹਾ ਲਵਾਂਗਾ।"

ਪਰਿਵਾਰ ਸੋਚੀਂ ਪੈ ਗਿਆ। ਵੱਡੀ ਨੂੰ ਛੱਡ ਕੇ ਛੋਟੀ ਦਾ ਰਿਸ਼ਤਾ ਕਰਨਾ ਪੇਂਡੂ ਸਮਾਜ ਵਿਚ 'ਹੋਰ ਤਰ੍ਹਾਂ' ਵੇਖਿਆ ਜਾਂਦਾ ਹੈ। ਉਹਨਾਂ 'ਨਾਂਹ' ਕਰ ਦਿੱਤੀ। ਪਰ ਅਗਲਾ ਆਖੇ, 'ਇਹੋ ਜਿਹਾ ਮੁੰਡਾ ਤੁਹਾਨੂੰ ਦੀਵਾ ਲੈ ਕੇ ਲੱਭਿਆਂ ਨਹੀਂ ਲੱਭਣਾ! ਕੁੜੀ ਕੋਠੀਆਂ, ਕਾਰਾਂ ਦੀ ਮਾਲਕ ਹੋਊ!"

ਵਿਚੋਲੇ ਨੇ ਉਹਨਾਂ ਨੂੰ ਐਸਾ ਭਰਮਾਇਆ ਕਿ ਉਹ ਛੋਟੀ ਕੁੜੀ ਲਈ ਹੀ ਮੁੰਡਾ ਵੇਖਣਾ ਮੰਨ ਗਏ। ਸੁਹੇਲ ਨੂੰ ਵੇਖਿਆ ਤਾਂ ਮੁੰਡਾ ਸੋਹਣਾ-ਸੁਨੱਖਾ, ਜਵਾਨ, ਧੀਮੇ ਬੋਲਾਂ ਵਾਲਾ, ਸਹਿਜ ਤੇ ਸਿਆਣਾ ਲੱਗਾ। ਤੇ ਸੱਚਾ ਵੀ...

ਤਰੀਕੇ ਨਾਲ ਵਲ਼ ਪਾ ਕੇ ਰਘਬੀਰ ਕੌਰ ਦੇ ਪਿਤਾ ਨੇ ਭਣਵੱਈਏ ਨੂੰ ਜ਼ਮੀਨ ਖ਼ਰੀਦਣ ਲਈ ਦਿੱਤੇ ਪੈਸਿਆਂ ਦਾ ਜ਼ਿਕਰ ਵੀ ਕਰ ਦਿੱਤਾ ਤਾਂ ਸੁਹੇਲ ਨੇ ਸਾਫ਼ ਕਿਹਾ, "ਨਹੀਂ ਜੀ, ਨਾ ਮੇਰੇ ਕੋਲ਼ ਕੋਈ ਪੈਸੇ ਹੈ ਨੇ ਤੇ ਨਾ ਹੀ ਮੈਂ ਦਿੱਤੇ ਨੇ, ਨਾ ਹੀ ਦੇਣ ਜੋਗਾਂ। ਤੁਸੀਂ ਬੱਸ ਸਮਝੋ, ਮੈਂ ਹੀ ਮੈਂ ਹਾਂ!"

ਰਘਬੀਰ ਕੌਰ ਦੇ ਪਿਤਾ ਨੇ ਉਹਦੇ ਇਕਬਾਲੀਆ ਬਿਆਨ ਨੂੰ ਵੀ ਨਿਮਰਤਾ ਨਾਲ ਬੋਲਿਆ ਝੂਠ ਹੀ ਸਮਝਿਆ। ਉਹਨੇ ਘਰ ਆ ਕੇ ਟੱਬਰ ਦੇ ਜੀਆਂ ਕੋਲ ਸੁਹੇਲ ਦੀਆਂ ਸਿਫ਼ਤਾਂ ਗਿਣਾਉਂਦਿਆਂ, ਇਹ ਵੀ ਕਿਹਾ, "ਮੁੰਡਾ ਸੋਹਣਾ ਤੇ ਸਿਆਣਾ ਤਾਂ ਹੈ ਹੀ, ਚੰਗੇ ਰੁਤਬੇ ਵਾਲਾ ਵੀ ਏ, ਪਰ ਇਸ ਸਭ ਕੁਝ ਦੇ ਬਾਵਜੂਦ ਉੱਕੀ ਫੂੰ-ਫਾਂ ਨਹੀਂ। ਪੈਸੇ-ਧੇਲੇ ਵੱਲੋਂ ਏਨਾ ਸੌਖਾ ਹੋਣ ਦੇ ਬਾਵਜੂਦ ਕੋਈ ਹੰਕਾਰ ਨਹੀਂ। ਕੋਈ ਵਿਖਾਲਾ ਨਹੀਂ।"

ਤੇ ਰਿਸ਼ਤਾ ਹੋ ਗਿਆ!

ਪਰ ਉਹਨਾਂ ਨੂੰ ਕੀ ਪਤਾ ਸੀ ਕਿ ਜਦੋਂ ਸੁਹੇਲ ਇਹ ਬੋਲ ਰਿਹਾ ਸੀ, "ਨਹੀਂ ਜੀ, ਨਾ ਮੇਰੇ ਕੋਲ ਕੋਈ ਪੈਸੇ ਹੈ ਨੇ ਤੇ ਨਾ ਹੀ ਮੈਂ ਦਿੱਤੇ ਨੇ, ਨਾ ਹੀ ਦੇਣ ਜੋਗਾਂ। ਤੁਸੀਂ ਬੱਸ ਸਮਝੋ, ਮੈਂ ਹੀ ਮੈਂ ਹਾਂ!" ਤਾਂ ਬਿਲਕੁਲ ਸੱਚ ਕਹਿ ਰਿਹਾ ਸੀ।

ਉਹਨਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਇਹ ਐਡੀਟਰ ਦੂਜੇ ਐਡੀਟਰਾਂ ਨਾਲੋਂ ਹੀ ਵੱਖਰਾ ਨਹੀਂ, ਬੰਦਾ ਵੀ ਵੱਖਰਾ ਹੈ। ਉਹ ਤਾਂ ਪਾਰਟੀ ਦਾ ਕੁਲ-ਵਕਤੀ ਮੈਂਬਰ ਹੈ। ਉਹਦਾ ਵਿਆਹ ਤਾਂ ਪਾਰਟੀ ਨਾਲ ਹੋਇਆ ਹੈ। ਤਨਖ਼ਾਹ ਦੇ ਨਾਂ 'ਤੇ ਰੋਜ਼ਾਨਾ ਖ਼ਰਚਿਆਂ ਲਈ ਮਾਮੂਲੀ ਜਿਹੀ ਪਾਰਟੀ ਵੇਜ, ਕੇਵਲ ਤੇ ਕੇਵਲ 75 ਰੁਪਏ ਹੀ ਮਿਲਦੀ ਹੈ। ਰਹਿਣ ਲਈ ਵੱਖਰਾ ਘਰ-ਬਾਰ, ਕਾਰ-ਸ਼ਾਰ ਤੇ ਕੋਠੀ ਬੰਗਲਾ ਤਾਂ ਕੀ ਹੋਣਾ ਹੈ, ਪਾਰਟੀ ਦਾ ਦਫ਼ਤਰ ਹੀ ਉਹਦਾ ਓੜ੍ਹਨਾ ਵਿਛੌਣਾ ਹੈ। ਟੋਕਰੀ ਵਾਲਾ ਇਕ ਪੁਰਾਣਾ ਲੇਡੀ ਸਾਈਕਲ ਹੀ ਉਹਦੀ ਸ਼ਾਹੀ ਸਵਾਰੀ ਹੈ।

ਰਘਬੀਰ ਕੌਰ ਨੇ ਵੀ ਆਮ ਕੁੜੀਆਂ ਵਾਂਗ ਆਪਣੇ ਮਨ ਵਿਚ ਸੁਹਾਵਣੇ ਵਿਆਹੁਤਾ ਜੀਵਨ

ਦੇ ਸੂਹੇ ਸੁਪਨੇ ਸੰਜੋਏ ਹੋਣਗੇ। ਕਾਲਿਜ ਵਿਚ ਪੜ੍ਹਦੀ ਸੁਪਨਸ਼ੀਲ ਕੁੜੀ ਨੇ ਆਪਣੇ ਹੋਣ ਵਾਲੇ ਰਾਜਕੁਮਾਰ ਨਾਲ ਅੰਬਰਾਂ ਵਿਚ ਉਡਾਰੀਆਂ ਭਰਨ ਦਾ, ਕਸ਼ਮੀਰ, ਸ਼ਿਮਲੇ ਜਾਂ ਮਨਾਲੀ ਜਾ ਕੇ ਹਨੀਮੂਨ ਮਨਾਉਣ ਦਾ ਸੋਚਿਆ ਹੋਵੇਗਾ।

ਰਘਬੀਰ ਕੌਰ ਵਿਆਹੀ ਆਈ ਤਾਂ ਇਕ ਵਾਰ ਤਾਂ ਉਹਦੇ ਸਜਾਏ ਹੋਏ ਸਾਰੇ ਸੁਪਨੇ ਮੂਧੇ ਮੂੰਹ ਜ਼ਮੀਨ 'ਤੇ ਢਹਿ ਪਏ। ਉਹਨੇ ਜੋ ਕੁਝ ਵਿਆਹੁਤਾ ਜੀਵਨ ਦੇ ਹੁਲਾਰ ਬਾਰੇ ਸੋਚਿਆ ਸੀ ਉਸ ਵਿਚੋਂ ਕੁਝ ਵੀ ਤਾਂ ਨਹੀਂ ਸੀ ਉਸ ਕੋਲ਼!

ਨਹੀਂ, ਅਜਿਹੀ ਗੱਲ ਵੀ ਨਹੀਂ ਸੀ। ਉਸ ਕੋਲ਼ ਸਭ ਤੋਂ ਵੱਡਾ ਤੇ ਕੀਮਤੀ ਗਹਿਣਾ ਤਾਂ ਸੁਹੇਲ ਸਿੰਘ ਸੀ। ਕੁਝ ਹੀ ਦਿਨਾਂ ਵਿਚ ਰਘਬੀਰ ਕੌਰ ਉਹਦੀ ਪ੍ਰੀਤ-ਜੱਫੀ ਵਿਚ ਘੁੱਟੀ ਗਈ। ਸੁਹੇਲ ਸਿੰਘ ਦੀ ਮੁਹੱਬਤ ਸੀ ਕਿ ਉਹਨੇ ਡਿੱਗੀ ਹੋਈ ਰਘਬੀਰ ਕੌਰ ਨੂੰ ਉਠਾ ਲਿਆ। ਆਪਣੀਆਂ ਲਿਖਤਾਂ ਤੇ ਬੋਲਾਂ ਰਾਹੀਂ, ਲੋਕਾਂ ਨੂੰ ਕਿਤੇ ਬਹੁਤ ਹੀ ਦੂਰ ਦਿਸਦੇ 'ਇਨਕਲਾਬ' ਦੇ ਸੁਪਨੇ ਵੇਖਣ/ਵਿਖਾਉਣ ਵਾਲੇ ਸੁਹੇਲ ਲਈ ਇਕ ਅੱਲੜ ਤੇ ਮਾਸੂਮ ਲੜਕੀ ਨੂੰ ਸ਼ਬਦਾਂ ਦੇ ਜਾਲ਼ ਵਿਚ ਫਸਾਉਣਾ ਜਾਂ ਭਰਮਾਉਣਾ ਭਲਾ ਕਿਹੜਾ ਔਖਾ ਸੀ! ਖ਼ਾਸ ਕਰ ਕੇ ਉਦੋਂ ਜਦੋਂ ਉਹਦੇ ਸ਼ਬਦਾਂ ਵਿਚ ਸੁੱਚੀ ਮੁਹੱਬਤ ਤੇ ਭਰੋਸਾ ਵੀ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ। ਸੁਪਨਿਆਂ ਦੇ ਇਸ ਸੌਦਾਗਰ ਨੇ ਰਘਬੀਰ ਕੌਰ ਦੀਆਂ ਅੱਖਾਂ ਵਿਚ ਵੀ ਨਵੇਂ ਸੁਪਨੇ ਬੀਜ ਦਿੱਤੇ, "ਤੂੰ ਅੱਗੇ ਪੜ੍ਹਨਾ ਸ਼ੁਰੂ ਕਰ। ਪੜ੍ਹ ਕੇ ਚੰਗੀ ਜੌਬ ਕਰ। ਆਪਣੇ ਪੈਰਾਂ 'ਤੇ ਖੜ੍ਹੀ ਹੋ! ਤੇਰੇ ਅੱਗੇ ਜੀਵਨ ਦੀਆਂ ਬਰਕਤਾਂ ਖਿੱਲਰੀਆਂ ਪਈਆਂ ਨੇ। ਹੁਣ ਤੇਰੀ ਹਿੰਮਤ ਹੈ ਕਿ ਤੂੰ ਇਹਨਾਂ ਵਿਚੋਂ ਕਿੰਨੀਆਂ ਕੁ ਚੁਣ ਸਕਦੀ ਏਂ! ਮੈਂ ਤੇਰੇ ਨਾਲ ਹਾਂ। ਘਬਰਾਉਣਾ ਨਹੀਂ। ਦਿਲ ਨਹੀਂ ਛੱਡਣਾ। ਹਾਲਾਤ ਨਾਲ ਲੜਨਾ ਸਿੱਖਣਾ ਏਂ। ਉਸ 'ਤੇ ਜਿੱਤ ਹਾਸਲ ਕਰਨੀ ਹੈ!"

ਰਘਬੀਰ ਨੂੰ ਖਿੱਲਰੀਆਂ ਬਰਕਤਾਂ ਤਾਂ ਅਜੇ ਬੜੀ ਦੂਰ ਦਿਸਦੀਆਂ ਸਨ, ਪਰ ਸੁਹੇਲ ਵੱਲੋਂ ਦਿੱਤੇ ਭਰੋਸਾ ਤੇ ਮੁਹੱਬਤ ਉਹਦੀ ਤਾਕਤ ਬਣ ਗਏ। ਉਹਨੇ ਅੱਗੇ ਪੜ੍ਹਨਾ ਸ਼ੁਰੂ ਕਰ ਦਿੱਤਾ। ਸੁਹੇਲ ਦਾ ਰੈਣ ਬਸੇਰਾ ਤਾਂ ਪਾਰਟੀ ਦਫ਼ਤਰ ਹੁੰਦਾ ਸੀ ਜਾਂ 'ਲੋਕ ਲਹਿਰ' ਦਾ ਦਫ਼ਤਰ। ਇਹੋ ਰੈਣ ਬਸੇਰਾ ਰਘਬੀਰ-ਸੁਹੇਲ ਦਾ ਸ਼ਿਮਲਾ ਮਨਾਲੀ ਬਣ ਗਿਆ।

**ਏਹੁ ਹਮਾਰਾ ਜੀਵਣਾ!**

ਕੋਈ ਪੱਕਾ ਰੈਣ-ਬਸੇਰਾ ਨਾ ਹੋਣ ਦੀ ਸੂਰਤ ਵਿਚ ਸੁਹੇਲ ਨੇ ਰਘਬੀਰ ਕੌਰ ਨੂੰ ਹੋਸਟਲ ਵਿਚ ਰਹਿਣ ਲਈ ਮਨਾ ਲਿਆ।

ਰਘਬੀਰ ਕੌਰ ਦੱਸਦੀ ਹੈ ਕਿ ਮੈਨੂੰ ਪੜ੍ਹਨ ਲਈ ਲਾਉਣ ਪਿੱਛੇ ਇਕ ਮਕਸਦ ਇਹ ਵੀ ਸੀ ਕਿ ਸਾਰਾ ਦਿਨ ਮੈਂ ਬਾਹਰ ਰਹਿ ਲਵਾਂਗੀ ਤੇ ਜੇ ਸ਼ਾਮ ਨੂੰ 'ਘਰ' ਆਉਣਾ ਵੀ ਹੋਇਆ ਤਾਂ 'ਦਫ਼ਤਰੀ ਘਰ' ਵਿਚ ਆਵਾਂਗੀ।"

ਨਵੇਂ ਵਿਅਹੇ ਜੋੜੇ ਨੇ ਅਖ਼ਬਾਰ ਦੇ ਦਫ਼ਤਰ ਵਿਚ ਹੀ ਰਹਿਣਾ, ਖਾਣਾ, ਸੌਣਾ। ਸਵੇਰੇ ਉਹ ਕਮਰਾ ਦਫ਼ਤਰ ਹੁੰਦਾ, ਰਾਤ ਨੂੰ ਬੈੱਡ ਰੂਮ ਬਣ ਜਾਂਦਾ। ਬੈੱਡ ਰੂਮ ਵੀ ਨਾਮ ਦਾ ਹੀ ਸੀ। ਬਿਸਤਰਾ ਫ਼ਰਸ਼ 'ਤੇ ਲਾਉਣਾ ਪੈਂਦਾ। ਜਦੋਂ ਕਦੀ ਇਕ ਦੋ ਦਿਨ ਵੱਖਰੇ ਤੇ ਆਜ਼ਾਦ ਰਹਿਣ ਨੂੰ ਦਿਲ ਲੋਚਦਾ ਤਾਂ ਰਘਬੀਰ ਸਿੰਘ ਸਿਰਜਣਾ ਦੇ ਜੰਡਿਆਲੇ ਵਾਲੇ ਘਰ ਦਾ ਆਸਰਾ ਲੈਣਾ ਪੈਂਦਾ। ਪਰ ਅੱਵਲ-ਆਖ਼ਰ ਰਿਹਾਇਸ਼ ਤਾਂ 'ਦਫ਼ਤਰੀ ਘਰ' ਹੀ ਸੀ।

ਗਰਮੀਆਂ ਦੇ ਦਿਨਾਂ ਵਿਚ ਕਮਰੇ ਦੀ ਤਪਦੀ ਛੱਤ 'ਤੇ ਬਿਸਤਰਾ ਵਿਛਾ ਕੇ ਪੈਣਾ। ਧੀ ਜੰਮੀ ਤਾਂ ਉਹ ਵੀ ਮਾਂ-ਪਿਉ ਦੇ ਜੀਵਨ ਦਾ ਸੇਕ ਝੱਲਣ ਲੱਗੀ। ਮਾਸੂਮ ਬੱਚੀ ਤਪਦੀ ਛੱਤ 'ਤੇ ਹੀ ਮਾਂ-ਬਾਪ ਨਾਲ ਸੌਂਦੀ। ਆਰਥਿਕ ਹਾਲਤ ਅਜਿਹੀ ਕਿ ਦਿਨ ਵਿਚ ਸਿਰਫ਼ ਇਕ ਪਾ ਦੁੱਧ ਲੈਣਾ। ਉਸ ਵਿਚੋਂ ਕੁਝ ਤੁਪਕੇ ਪਾ ਕੇ ਦੋ ਵਾਰ 'ਕਾਂ ਦੇ ਅੱਥਰੂ' ਵਰਗੀ ਚਾਹ ਬਨਾਉਣੀ। ਬੱਚੀ ਨੂੰ ਵੀ ਸਾਰੀ ਦਿਹਾੜੀ ਓਨੇ ਕੁ ਦੁੱਧ ਨਾਲ ਵਰਚਾਉਣਾ ਪੈਂਦਾ।

ਉਂਝ ਪਾਰਟੀ ਨੇ ਉਹਨਾਂ ਉੱਤੇ ਬੜੀ ਕਿਰਪਾ ਕੀਤੀ ਸੀ। ਨਵ-ਵਿਆਹੀ ਰਘਬੀਰ ਕੌਰ ਦੇ

'ਵਾਧੂ ਆਣ ਪਏ ਖ਼ਰਚਿਆਂ' ਦੀ ਪੂਰਤੀ ਲਈ ਪਾਰਟੀ ਨੇ ਸੁਹੇਲ ਸਿੰਘ ਦੀ ਵੇਜ ਪੰਜ ਰੁਪਏ ਵਧਾ ਕੇ ਅੱਸੀ ਰੁਪਏ ਕਰ ਦਿੱਤੀ ਸੀ।

ਰਘਬੀਰ ਕੌਰ ਨੇ ਦਫ਼ਤਰ ਵਿਚ ਲੋਕਾਂ ਦੀ ਆਮਦ-ਓ-ਰਫ਼ਤ ਤੋਂ ਤੰਗ ਆ ਕੇ ਵੱਖਰੇ ਰਹਿਣ ਦੀ ਮੰਗ ਕੀਤੀ। ਸੁਹੇਲ ਸਿੰਘ ਨੇ ਰਘਬੀਰ ਕੌਰ ਦੀ ਵੱਖਰੇ ਘਰ ਵਿਚ ਰਹਿਣ ਦੀ ਖ਼ਾਹਿਸ਼ ਪੂਰੀ ਕਰ ਦਿੱਤੀ। ਨਿਊ ਜਵਾਹਰ ਨਗਰ ਵਿਚ ਪਹਿਲਾਂ ਉਹ ਕਿਸੇ ਮਿਆਨੀ ਵਿਚ ਕਿਰਾਏ ਤੇ ਰਹਿਣ ਲੱਗੇ, ਬਾਅਦ ਵਿਚ, ਕਿਸੇ ਬਿਲਡਿੰਗ ਦੇ ਗਰਾਜ ਦੇ ਪਿੱਛੇ ਬਣੇ ਨਿੱਕੇ ਜਿਹੇ ਚੁਬਾਰੇ ਨੂੰ ਆਪਣੀ ਸੁਤੰਤਰ ਰਿਹਾਇਸ਼ ਬਣਾ ਲਿਆ। ਇਸ ਰਿਹਾਇਸ਼ 'ਤੇ ਉਹ ਲੰਮਾਂ ਸਮਾਂ ਰਹੇ। ਇਸ ਘਰ ਵਿਚ ਨਾਮਵਰ ਪਾਰਟੀ ਆਗੂ, ਸਾਹਿਤਕਾਰ ਤੇ ਪੱਤਰਕਾਰ ਦੋਸਤ ਆਉਂਦੇ ਰਹੇ। ਤਾਰਿਆਂ ਦੀ ਛਾਵੇਂ ਰਾਤਾਂ ਕੱਟਦੇ ਰਹੇ। ਪਾਰਟੀ ਵੇਜ ਦੇ ਮਿਲਣ ਵਾਲੇ ਅੱਸੀ ਰੁਪਈਆਂ ਵਿਚੋਂ ਪੰਜਾਹ ਰੁਪਏ ਮਕਾਨ ਦਾ ਕਿਰਾਇਆ ਦੇ ਕੇ ਬਾਕੀ ਬਚਦੇ ਤੀਹ ਰੁਪਏ ਨਾਲ ਮਹੀਨੇ ਦਾ ਖ਼ਰਚਾ ਤੋਰਨਾ ਕਿੰਨਾਂ ਔਖਾ ਸੀ, ਇਸਦਾ ਅਨੁਮਾਨ ਲਾਇਆ ਜਾ ਸਕਦਾ ਹੈ। ਘਰ ਦਾ ਖ਼ਰਚਾ ਤੋਰਨ ਲਈ ਰਘਬੀਰ ਕੌਰ ਨੂੰ ਵਾਰੀ ਵਾਰੀ ਗਹਿਣੇ ਵੇਚਣੇ ਪਏ। ਕਦੀ ਕਦੀ ਉਹਦੇ ਪਹੁੰਚ ਵਾਲੇ ਵਿਦੇਸ਼ ਵਿਚ ਰਹਿੰਦੇ ਰਿਸ਼ਤੇਦਾਰ ਆਰਥਿਕ ਮਦਦ ਕਰ ਜਾਂਦੇ। ਆਟਾ ਦਾਣਾ ਪਿੰਡੋਂ ਆ ਜਾਂਦਾ। ਏਸੇ ਕਮਰੇ ਵਿਚ ਉਹਨਾਂ ਨੇ ਦੋ ਧੀਆਂ ਸਮੇਤ ਲਗ ਪਗ ਸਾਰੀ ਜ਼ਿੰਦਗੀ ਬਸਰ ਕਰ ਦਿੱਤੀ। ਰਘਬੀਰ ਕੌਰ ਨੂੰ ਦੂਰ ਸਾਰੇ ਦਿਸਦੀਆਂ ਬਰਕਤਾਂ ਵਿਚੋਂ ਇਹੋ ਹੀ ਵੱਡੀ ਬਰਕਤ ਪ੍ਰਾਪਤ ਹੋਈ ਸੀ। ਪਰ ਉਹਨੇ ਸਬਰ-ਸਬੂਰੀ ਨਾਲ ਰਹਿਣਾ ਸਿੱਖ ਲਿਆ ਸੀ। ਵਿਰੋਧੀ ਹਾਲਾਤ ਨਾਲ ਲੜਨਾ ਸਿੱਖ ਲਿਆ ਸੀ।

ਪਾਰਟੀ ਦੇ ਆਗੂ, ਹਮਦਰਦ, ਸੁਹੇਲ ਦੇ ਮਿੱਤਰ ਪਿਆਰੇ ਤੰਗ ਜਿਹੇ ਕਮਰੇ ਪਰ ਖੁੱਲ੍ਹੇ ਦਿਲ ਵਾਲੇ ਮੇਜ਼ਬਾਨਾਂ ਕੋਲ ਅਕਸਰ ਆਉਂਦੇ, ਰੀਝ ਨਾਲ ਬਣਾਇਆਂ ਭੋਜਨ-ਪਾਣੀ ਛਕਦੇ, ਰਾਤ ਰਹਿੰਦੇ, ਤੇ ਸਵੇਰੇ ਖ਼ੁਸ਼ੀ ਖ਼ੁਸ਼ੀ ਰੱਜ-ਪੁੱਜ ਕੇ ਰੱਜੀ ਰੂਹ ਨਾਲ ਤੁਰ ਜਾਂਦੇ। ਗਰਮੀਆਂ ਵਿਚ ਰਾਤ ਨੂੰ ਉਸ ਕਮਰੇ ਦੀ ਤਪਦੀ ਛੱਤ ਹੀ ਉਹਨਾਂ ਲਈ ਠੰਢਾ ਪਹਾੜੀ ਸਥਲ ਬਣ ਜਾਂਦੀ। ਕਦੀ ਕਦੀ ਇਸਤਰ੍ਹਾਂ ਵੀ ਹੁੰਦਾ। ਆਉਣ ਵਾਲੇ ਦੇਰ ਰਾਤ ਨਾਲ ਆਉਂਦੇ, ਘਰ ਵਾਲੇ ਸੁੱਤੇ ਹੁੰਦੇ। ਉਹ ਉਹਨਾਂ ਨੂੰ ਬੇਆਰਾਮ ਨਾ ਕਰਦੇ। ਚੁੱਪ-ਚਾਪ ਪੌੜੀਆਂ ਚੜ੍ਹਦੇ ਅਤੇ ਛੱਤ 'ਤੇ ਰਾਤ ਕੱਟ ਕੇ ਸਵੇਰ ਦੇ ਚਾਹ ਪਾਣੀ ਲਈ ਹੇਠਾਂ ਆ ਕੇ ਦਰਸ਼ਨ ਦੇ ਕੇ ਨਿਹਾਲ ਕਰ ਦਿੰਦੇ। ਜਦੋਂ ਕੁਝ ਮਿੱਤਰਾਂ ਨੇ ਰਲ਼ ਮਿਲ਼ ਕੇ 'ਸਿਰਜਣਾ' ਛਾਪਣਾ ਸ਼ੁਰੂ ਕੀਤਾ ਤਾਂ ਉਹਨਾਂ ਨੇ ਹਰ ਮਹੀਨੇ ਪਰਿਵਾਰਾਂ ਸਮੇਤ ਕਿਸੇ ਨਾ ਕਿਸੇ ਦੋਸਤ ਕੋਲ਼ ਜਾਣ, ਵਿਚਾਰ-ਵਟਾਂਦਰਾ ਕਰਨ, ਖਾਣ ਪੀਣ ਤੇ ਰਾਤ ਰਹਿਣ ਦੀ ਯੋਜਨਾ ਬਣਾਈ। ਇਕ ਰਾਤ ਉਹਨਾਂ ਨੇ ਰਘਬੀਰ ਸਿੰਘ ਕੋਲ ਜੰਡਿਆਲੇ ਕੱਟੀ। ਇਕ ਰਾਤ ਹਰਭਜਨ ਹੁੰਦਲ ਕੋਲ਼ ਉਹਦੇ ਪਿੰਡ, ਇਕ ਰਾਤ ਹਰਦਿਆਲ ਨੇਤਾ ਕੋਲ਼।

ਰਘਬੀਰ ਕੌਰ ਯਾਦਾਂ ਨੂੰ ਹੰਗਾਲ਼ਦਿਆਂ ਦੱਸਦੀ ਹੈ, "ਜਦੋਂ ਸਾਡੀ ਵਾਰੀ ਸੀ ਤਾਂ ਸਾਰੇ ਪਰਿਵਾਰ ਸਾਡੇ ਉਸ ਇਕ ਕਮਰੇ ਵਾਲੇ ਘਰ ਵਿਚ ਆਏ। ਖਾਣਾ ਖਾਧਾ, ਗੱਲਾਂ ਬਾਤਾਂ ਹੋਈਆਂ। ਰਾਤ ਨੂੰ ਸੌਣ ਵੇਲੇ ਕਾਮਰੇਡ ਹਰਦਿਆਲ ਤਾਂ ਘਰ ਨੂੰ ਚਲਾ ਗਿਆ, ਬਾਕੀ ਸਾਰੇ ਜਣੇ ਓਸੇ ਛੱਤ 'ਤੇ ਤਾਰਿਆਂ ਦੀ ਛਾਵੇਂ ਹੱਸਦੇ, ਗੱਲਾਂ ਕਰਦੇ ਸੌਂ ਗਏ!"

ਆਪਸੀ ਮੁਹੱਬਤਾਂ ਵਿਚ ਥਾਵਾਂ ਦੀਆਂ ਤੰਗੀਆਂ ਕਿੱਥੇ ਯਾਦ ਰਹਿੰਦੀਆਂ ਨੇ।

ਹਾਂ, ਏਨਾ ਜ਼ਰੂਰ ਹੈ ਕਿ ਜਿਹੜੇ ਨਵੇਂ ਸੁਪਨੇ ਸੁਹੇਲ ਨੇ ਰਘਬੀਰ ਕੌਰ ਦੇ ਨੈਣਾਂ ਵਿਚ ਸੰਜੋਏ ਸਨ, ਰਘਬੀਰ ਕੌਰ ਨੇ ਉਹਨਾਂ ਸੁਪਨਿਆਂ ਦੇ ਹਾਣ ਦਾ ਬਣਨ ਲਈ ਜਾਨ ਮਾਰ ਕੇ ਮਿਹਨਤ ਕੀਤੀ। ਅਕਾਦਮਿਕ ਖੇਤਰ ਵਿਚ ਉਹ ਹਿੰਮਤ ਨਾਲ ਪੌੜੀ ਦਰ ਪੌੜੀ ਚੜ੍ਹਦੀ ਗਈ ਤੇ ਪੜ੍ਹ-ਲਿਖ ਕੇ ਪਹਿਲਾਂ ਤਾਂ ਕਾਲਿਜ ਦੀ ਸਹਾਇਕ-ਲਾਇਬਰੇਰੀਅਨ ਬਣੀ ਤੇ ਬਾਅਦ ਵਿਚ ਕਾਲਿਜ ਲੈਕਚਰਰ ਵੀ ਬਣ ਗਈ। ਘਰ ਦਾ ਰੋਟੀ ਪਾਣੀ ਤਾਂ ਚੱਲਣ ਲੱਗਾ, ਪਰ ਆਪਣਾ ਸੁਤੰਤਰ ਘਰ ਹੋਣ ਦਾ ਸੁਪਨਾ ਸੁਹੇਲ ਦੇ ਜਿਊਂਦੇ ਜੀਅ ਪੂਰਾ ਨਾ ਹੋ ਸਕਿਆ! ਹਾਂ, ਸੁਹੇਲ ਦੇ ਸਦੀਵੀ ਵਿਛੋੜੇ ਤੋਂ ਕੁਝ ਕੁ ਸਾਲ ਪਹਿਲਾਂ ਉਹਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਨੇ ਉਹਨੂੰ ਬਾਰਾਂਦਰੀ ਵਿਚ

ਰਹਿਣ ਲਈ ਘਰ ਵੀ ਦੇ ਦਿੱਤਾ। ਆਉਣ-ਜਾਣ ਲਈ ਜਿਪਸੀ ਤੇ ਨਾਲ ਸੁਰੱਖਿਆ ਗ਼ਾਰਦ! ਸੁਰੱਖਿਆ ਵਾਸਤੇ ਤਾਂ ਪਾਰਟੀ ਨੇ ਉਹਨੂੰ ਇਕ ਰਾਈਫ਼ਲ ਵੀ ਲੈ ਕੇ ਦਿੱਤੀ ਹੋਈ ਸੀ। ਉਹਦੇ ਦੁਆਲ਼ੇ ਵਲ਼ੀ ਇਸ ਸੁਰੱਖਿਅਤ ਵਾੜ ਤੋਂ ਸਹਿਜੇ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹਦੀ ਜਾਨ ਨੂੰ ਕਿਸ ਹੱਦ ਤਕ ਖ਼ਤਰਾ ਸੀ।

ਇਹਨਾਂ ਤੰਗੀ ਦੇ ਦਿਨਾਂ ਵਿਚ ਸੁਹੇਲ ਨੇ ਆਪਣੇ ਘਰ/ਮਕਾਨ ਦਾ ਇਕ ਸੁਪਨਈ ਨਕਸ਼ਾ ਵੀ ਬਣਾਇਆ, ਪਰ ਉਹ ਮਕਾਨ ਕਾਗ਼ਜ਼ਾਂ ਵਿਚੋਂ ਨਿਕਲ ਕੇ ਹਕੀਕਤ ਦੀ ਜ਼ਮੀਨ 'ਤੇ ਕਦੀ ਵੀ ਖੜ੍ਹਾ ਨਾ ਹੋ ਸਕਿਆ। 1969 ਵਿਚ ਉਹਨਾਂ ਦਾ ਵਿਆਹ ਹੋਇਆ ਸੀ ਤੇ ਪੂਰੇ ਵੀਹ ਸਾਲ ਭੱਟ-ਭਖ਼ਦੀ ਰਿਹਾਇਸ਼ ਦਾ ਦੁੱਖ ਭੋਗਣ ਤੋਂ ਬਾਅਦ ਹੀ ਉਹਨਾਂ ਨੂੰ 1989 ਵਿਚ ਬਾਰਾਂਦਰੀ ਵਿਚ ਇਕ ਮਕਾਨ ਅਲਾਟ ਹੋ ਸਕਿਆ। ਮਕਾਨ ਵੱਡਾ ਸੀ। ਪਰ ਮਕਾਨ ਦਾ ਖਾਲੀ-ਪਨ ਭਰਨ ਲਈ ਲੋੜੀਂਦਾ ਫ਼ਰਨੀਚਰ ਕੋਲ਼ ਨਹੀਂ ਸੀ। ਹਾਲਾਤ ਦੀ ਵਿਡੰਬਨਾਂ ਇਹ ਸੀ ਕਿ ਕੋਲ਼ ਜਿਪਸੀ ਤਾਂ ਸੀ, ਸੁਰੱਖਿਆ ਗਾਰਦ ਵੀ ਸਨ, ਪਰ ਘਰ ਵਿਚ ਰੱਖਣ ਵਾਲਾ ਸਾਜ਼ ਸਮਾਨ ਭਲਾ ਕੀ ਸੀ? ਘਰ ਤਬਦੀਲ ਕਰਨ ਵੇਲੇ ਸੁਹੇਲ ਹੁਰਾਂ ਕੋਲ਼ ਫ਼ਰਨੀਚਰ ਦੇ ਨਾਂ 'ਤੇ ਇਕ ਮੰਜਾ ਤੇ ਦੋ ਕੁਰਸੀਆਂ ਹੀ ਸਨ। ਆਸੇ ਪਾਸੇ ਅਫ਼ਸਰਾਂ ਦੇ ਘਰ ਸਨ, ਜਿਨ੍ਹਾਂ ਕੋਲ਼ ਵਧੀਆ ਫ਼ਰਨੀਚਰ ਸੀ, ਹੋਰ ਸਹੂਕਤਾਂ ਸਨ। ਚੜ੍ਹਨ ਲਈ ਕਾਰਾਂ ਸਨ। ਪਰ ਸੁਹੇਲ ਹੁਰਾਂ ਦੇ ਘਰ ਦੀ ਹਾਲਤ ਗ਼ਾਲਿਬ ਦੇ ਸ਼ਿਅਰ ਦੇ ਹਵਾਲੇ ਨਾਲ ਕੁਝ ਵੱਖਰੇ ਅਰਥਾਂ ਵਿਚ ਬਿਆਨ ਕੀਤੀ ਜਾ ਸਕਦੀ ਹੈ, *"ਕਭੀ ਹਮ ਉਨ ਕੋ (ਗਵਾਂਢੀ ਅਫ਼ਸਰਾਂ ਨੂੰ), ਕਭੀ ਅਪਨੇ ਘਰ ਕੋ ਦੇਖਤੇ ਹੈਂ!"*

ਰਘਬੀਰ ਕੌਰ ਆਪਣੀ ਹੈਸੀਅਤ ਦੀ ਕਥਾ ਕਹਿੰਦੀ ਛਿੱਥਾ ਜਿਹਾ ਹਾਸਾ ਹੱਸਦੀ ਹੈ!

ਰਘਬੀਰ ਕੌਰ ਨੇ ਹਾਲਾਤ ਨਾਲ ਸਮਝੌਤਾ ਕਰ ਲਿਆ ਸੀ। ਉਹਨੇ ਪ੍ਰਣ ਕਰ ਲਿਆ ਸੀ ਕਿ ਉਹ ਸੁਹੇਲ ਦੀ ਤਾਕਤ ਬਣੇਗੀ, ਕਮਜ਼ੋਰੀ ਨਹੀਂ। ਉਹ ਉਹਦੇ ਮੋਢੇ ਨਾਲ ਮੋਢਾ ਜੋੜ ਕੇ ਵਿਰੋਧੀ ਹਾਲਾਤ ਨਾਲ ਲੜਦੀ ਰਹੀ। ਉਹਨੇ ਸੁਹੇਲ ਦੀ ਪਾਰਟੀ ਨਾਲ ਪ੍ਰਤੀਬੱਧਤਾ ਦੇ ਅਰਥ ਸਮਝ ਲਏ ਸਨ। ਪਰਿਵਾਰ ਨਾਲੋਂ ਪਾਰਟੀ ਸਦਾ ਉਹਦੀ ਪਹਿਲ ਰਹੀ ਸੀ। ਰਘਬੀਰ ਕੌਰ ਦੀ ਵੱਡੀ ਭੈਣ ਕਹਿੰਦੀ ਸੀ, ਸੁਹੇਲ ਰਘਬੀਰ ਨਾਲ ਨਹੀਂ, ਪਾਰਟੀ ਨਾਲ ਵਿਆਹਿਆ ਹੋਇਆ ਹੈ!

ਮਾੜੀਆਂ ਰਹਿਣ ਹਾਲਤਾਂ ਕਰ ਕੇ ਰਘਬੀਰ ਕੌਰ ਬੀਮਾਰ ਹੋ ਗਈ। ਭੈਣ ਪਤਾ ਕਰਨ ਆਈ ਤਾਂ ਵੇਖਿਆ ਰਘਬੀਰ ਕੌਰ ਬੇਹੋਸ਼ ਪਈ ਸੀ। ਉਹਨੇ ਉਹਦੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ। ਹੱਥਾਂ ਪੈਰਾਂ ਦੀਆਂ ਤਲ਼ੀਆਂ ਝੱਸੀਆਂ। ਹੋਰ ਓਹੜ ਪੋਹੜ ਕਰ ਕੇ ਸੁਰਤ ਲਿਆਂਦਾ। ਸੁਹੇਲ ਬਾਰੇ ਪੁੱਛਿਆ ਤਾਂ ਰਘਬੀਰ ਕੌਰ ਕਹਿੰਦੀ, "ਉਹ ਪਾਰਟੀ ਦੇ ਕੰਮ ਗਏ ਨੇ!"

ਸੁਹੇਲ ਘਰ ਆਇਆ ਤਾਂ ਵੱਡੀ ਭੈਣ ਦਾ ਦਰਦ ਫੁੱਟ ਪਿਆ,"ਹੱਦ ਹੋ ਗਈ! ਜਦ ਪੁੱਛੋ ਤਾਂ 'ਪਾਰਟੀ! ਪਾਰਟੀ! ਪਾਰਟੀ!... ਪਾਰਟੀ ਹੀ ਸਭ ਕੁਝ ਹੋ ਗਈ। ਆਹ ਜਿਹੜੀ ਸਹੇੜ ਕੇ ਲਿਆਂਦੀ ਆ, ਇਹਦੀ ਭਾਵੇਂ ਜਾਨ ਨਿਕਲ ਜਾਵੇ!"

ਸੁਹੇਲ ਨੂੰ ਵੀ ਗ਼ੁੱਸਾ ਆ ਗਿਆ, "ਹਾਂ, ਇਹ ਬੇਸ਼ੱਕ ਮਰ ਵੀ ਜਾਵੇ, ਤਾਂ ਵੀ, ਜੇ ਪਾਰਟੀ ਦਾ ਕੰਮ ਪਹਿਲਾਂ ਆ ਪਿਆ, ਤਾਂ, ਉਹ ਕੰਮ ਕਰ ਕੇ ਬਾਅਦ ਵਿਚ ਇਹਦਾ ਸਸਕਾਰ ਕਰਾਂਗਾ!"

ਏਨੀ ਆਖਦੇ ਹੋਏ ਸੁਹੇਲ ਨੇ ਰਘਬੀਰ ਕੌਰ ਦੇ ਤਪਦੇ ਮੱਥੇ 'ਤੇ ਹੱਥ ਫੇਰਿਆ ਤੇ ਉਹਦੇ ਵਾਲ਼ਾਂ ਦੀ ਲਿਟ ਠੀਕ ਕਰਨ ਲੱਗਾ।

ਪਰ ਕੀ ਸੁਹੇਲ ਸੱਚਮੁੱਚ ਏਨਾ ਕੁਰੱਖ਼ਤ ਤੇ ਬੇਦਰੇਗ ਸੀ। ਸ਼ਾਇਦ ਬਿਲਕੁਲ ਨਹੀਂ। ਜਦੋਂ ਉਹ ਇਹ ਗੱਲ ਕਹਿ ਰਿਹਾ ਸੀ, ਰਘਬੀਰ ਕੌਰ ਦੇ ਮੱਥੇ 'ਤੇ ਮੋਹ ਨਾਲ ਹੱਥ ਫੇਰ ਰਿਹਾ ਸੀ ਤਾਂ ਧੁਰ ਅੰਦਰੋਂ ਪਛਤਾਵੇ ਦੇ ਅੱਥਰੂ ਵੀ ਕੇਰ ਰਿਹਾ ਸੀ। ਉਹਦੇ ਅੰਦਰ ਰਘਬੀਰ ਲਈ ਮੁਹੱਬਤ ਦੀ ਗੰਗ-ਧਾਰ ਵਹਿ ਰਹੀ ਸੀ। ਇਸ ਧਾਰਾ ਵਿਚ ਉਹਨੇ ਰਘਬੀਰ ਕੌਰ ਨੂੰ ਵਹਾਅ ਲਿਆ ਹੋਇਆ ਸੀ।

ਏਸੇ ਵਹਿਣ ਵਿਚ ਵਹਿੰਦੀ ਰਘਬੀਰ ਕੌਰ ਨੇ ਸੁਹੇਲ ਦੀ ਪਹਿਲੀ ਪ੍ਰੀਤ 'ਪਾਰਟੀ' ਨੂੰ ਚੰਗੀ ਸੌਂਕਣ ਵਾਂਗ ਅਪਣਾ ਲਿਆ ਸੀ। 'ਵੱਡੀ ਭੈਣ' ਬਣਾ ਲਿਆ ਸੀ।

ਇਕ ਦਿਨ ਸੁਹੇਲ ਰਘਬੀਰ ਨੂੰ ਕਹਿਣ ਲੱਗਾ,"ਸਾਡੇ ਪਾਰਟੀ ਦਫ਼ਤਰ ਵਿਚ ਟੈਲੀਫ਼ੋਨ ਨਹੀਂ। ਹਰ ਵੇਲੇ ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਨਾਲ ਗੱਲ ਕਰਨ ਲਈ ਬਾਹਰ ਜਾਣਾ ਪੈਂਦੈ। ਟੈਲੀਫ਼ੋਨ ਲਵਾਉਣ ਲਈ ਪੈਸੇ ਹੈ ਨਹੀਂ। ਜੇ ਤੂੰ ਮਦਦ ਕਰੇਂ ਤਾਂ ਸਾਡੀ ਮੁਸ਼ਕਿਲ ਹੱਲ ਹੋ ਸਕਦੀ ਹੈ।"

ਰਘਬੀਰ ਕੌਰ ਹੈਰਾਨ ਕਿ ਉਹਨੇ ਕਿਹੜਾ ਉਸਤੋਂ ਵੱਖਰਾ ਕੋਈ ਖ਼ਜ਼ਾਨਾ ਦੱਬ ਕੇ ਰੱਖਿਆ ਹੈ! ਸੁਹੇਲ ਨੇ ਰਘਬੀਰ ਦੇ ਹੱਥਾਂ ਵਿਚ ਪਈਆਂ ਚੂੜੀਆਂ ਵੱਲ ਵੇਖਿਆ ਤਾਂ ਉਹਨੇ ਚੂੜੀਆਂ ਲਾਹ ਕੇ ਸੁਹੇਲ ਨੂੰ ਫੜਾਉਂਦਿਆਂ ਪਲ ਵੀ ਨਾ ਲਾਇਆ।

ਸੁਹੇਲ ਨੇ ਉਹੋ ਚੂੜੀਆਂ ਵੇਚ ਕੇ ਪਾਰਟੀ ਦਫ਼ਤਰ ਵਿਚ ਟੈਲੀਫ਼ੋਨ ਲੁਆ ਲਿਆ।

ਘਰ ਦੇ ਖ਼ਰਚਿਆਂ ਨੂੰ ਤੋਰਨ ਲਈ, ਇਕ ਇਕ ਕਰ ਕੇ ਸਾਰੇ ਗਹਿਣੇ ਕਿਰਦੇ ਗਏ। ਕਦੀ ਕੰਨਾਂ ਦੀਆਂ ਵਾਲ਼ੀਆਂ, ਕਦੀ ਕਾਂਟੇ, ਕਦੀ ਕੋਈ ਮੁੰਦਰੀ, ਕੋਈ ਛਾਪ!'...

ਗਹਿਣਿਆਂ ਨਾਲ ਔਰਤਾਂ ਦਾ ਪਿਆਰ ਜੱਗ-ਜ਼ਾਹਿਰ ਹੈ, ਪਰ ਰਘਬੀਰ ਕੌਰ ਲਈ ਪਤੀ ਦਾ ਪਿਆਰ ਸਭ ਤੋਂ ਵੱਧ ਕੀਮਤੀ ਸੀ। ਉਹਨੇ ਘਰ ਚਲਾਉਣ ਲਈ ਗਹਿਣੇ ਵੇਚਦਿਆਂ ਕਦੀ 'ਸੀ' ਨਾ ਕੀਤੀ।

ਸੁਹੇਲ ਚਾਹੁੰਦਾ ਤਾਂ ਉਹਨਾਂ ਪੈਸਿਆਂ ਨਾਲ ਕੁਝ ਹੋਰ ਨਹੀਂ ਤਾਂ ਟੁੱਟੇ ਜਿਹੇ ਜੰਗਾਲ ਖਾਧੇ ਲੇਡੀ ਸਾਈਕਲ ਦੀ ਥਾਂ ਨਵਾਂ ਸਾਈਕਲ ਤਾਂ ਲੈ ਹੀ ਸਕਦਾ ਸੀ।

ਉਹਦੇ ਸਾਈਕਲ ਦੀ ਗੱਲ ਚੱਲੀ ਹੈ ਤਾਂ ਇਹ ਦੱਸਣਾ ਮੁਨਾਸਬ ਰਹੇਗਾ ਕਿ ਚਾਹੁੰਦਾ ਤਾਂ ਉਹ ਵੀ ਦੂਜੇ ਅਖ਼ਬਾਰਾਂ ਦੇ ਪੱਤਰਕਾਰਾਂ ਵਾਂਗ ਕਾਰਾਂ ਕੋਠੀਆਂ ਦਾ ਮਾਲਕ ਬਣ ਸਕਦਾ ਸੀ। ਉਹਨੂੰ 'ਪੰਜਾਬੀ ਟ੍ਰਿਬਿਊਨ' ਵਿਚ ਆਉਣ ਦੀ ਪੇਸ਼ਕਸ਼ ਵੀ ਹੋਈ ਸੀ।

'ਲੋਕ ਲਹਿਰ' ਵਿਚ ਉਹਦਾ ਸੰਗੀ-ਸਾਥੀ ਰਿਹਾ ਮਲੂਕ ਸਿੰਘ ਦੱਸਦਾ ਹੈ, "ਸੰਧੂ ਸਾਹਿਬ! ਸਾਰੀ ਉਮਰ ਉਹਦੀ ਸਵਾਰੀ ਉਹ ਟੁੱਟਾ ਜਿਹਾ ਲੇਡੀ ਸਾਈਕਲ ਹੀ ਰਿਹਾ। ਉਹਨੇ ਤਾਂ ਕਦੀ ਆਪਣੇ ਸਾਈਕਲ ਨੂੰ ਨਵੇਂ ਟਾਇਰ ਵੀ ਨਹੀਂ ਸੀ ਪੁਆਏ। ਪੁਆ ਹੀ ਨਹੀਂ ਸੀ ਸਕਦਾ। ਮਾਮੂਲੀ ਜਿਹੀ ਤਾਂ ਪਾਰਟੀ ਵੇਜ ਮਿਲਦੀ ਸੀ ਉਹਨੂੰ। ਉਹਦੇ ਮਰਨ ਵੇਲ਼ੇ ਤਕ ਉਹਦੀ ਵੇਜ ਸਿਰਫ਼ ਚਾਰ ਸੌ ਪੰਝੀ ਰੁਪਏ ਸੀ। ਟਾਇਰ ਪਾਟ ਜਾਂਦਾ ਤਾਂ ਜਿੱਥੋਂ ਉਹ ਸਾਈਕਲ ਨੂੰ ਪੈਂਚਰ ਲਵਾਉਂਦਾ ਸੀ, ਉਸ ਪੈਂਚਰ ਵਾਲੇ ਤੋਂ ਪੁਰਾਣਾ ਰੱਦੀ ਹੋਇਆ ਟਾਇਰ ਲੈ ਕੇ ਆਪਣੇ ਸਾਈਕਲ ਨੂੰ ਪੁਆ ਲੈਂਦਾ।

ਸੁਹੇਲ ਸਹਿਜ ਰਹਿਣ ਵਾਲਾ ਬੰਦਾ ਸੀ। ਉਹਦੇ ਭਰਾ ਨੇ ਧੋਖੇ ਨਾਲ ਉਹਦੀ ਜ਼ਮੀਨ ਵੀ ਆਪਣੇ ਨਾਂ ਕਰਵਾ ਲਈ। ਪਰ ਸੁਹੇਲ ਨੇ ਉਸ ਨਾਲ ਲੜਨ-ਭਿੜਨ ਦੀ ਥਾਂ ਜ਼ਮੀਨ ਉਹਨੂੰ 'ਬਖ਼ਸ਼' ਦਿੱਤੀ। ਸਾਰੇ ਜਾਣਦੇ ਹਨ ਕਿ ਕਿ ਜੱਟ ਤਾਂ ਆਪਣੀ ਇਕ ਕਰਮ ਵੀ ਜ਼ਮੀਨ ਸ਼ਰੀਕ ਨੂੰ ਨਹੀਂ ਜਾਣ ਦਿੰਦਾ। ਆਪਣੇ ਬਣਦੇ ਹਿੱਸੇ ਲਈ ਲੜ ਮਰਦਾ ਹੈ। ਜ਼ਮੀਨ ਤੋਂ ਕਤਲ ਹੋ ਜਾਂਦੇ ਨੇ। ਸੁਹੇਲ ਚਾਹੁੰਦਾ ਤਾਂ ਆਪਣੀ 'ਸੰਪਾਦਕੀ ਤਾਕਤ' ਵਰਤ ਕੇ ਭਰਾ ਨਾਲ ਲੜਾਈ ਲੜ ਸਕਦਾ ਸੀ। ਜਿੱਤ ਸਕਦਾ ਸੀ। ਹੱਕ ਹਾਸਲ ਕਰ ਸਕਦਾ ਸੀ। ਪਰ ਉਹਨੇ ਪਿੰਡ ਵੱਲ ਮੂੰਹ ਕਰਨਾ ਹੀ ਛੱਡ ਦਿਤਾ। ਐਵੇਂ ਤਾਂ ਨਹੀਂ ਸਨ ਉਹਦੇ ਜਾਣਕਾਰ ਉਹਨੂੰ 'ਦਰਵੇਸ਼ ਰੂਹ' ਆਖਦੇ!

ਉਹ ਸੱਚਮੁੱਚ ਦਰਵੇਸ਼ ਆਦਮੀ ਸੀ। ਜਗਦੀਸ਼ ਸਿੰਘ ਵਰਿਆਮ ਵਾਂਗ ਬਾਬਾ ਭਗਤ ਸਿੰਘ ਬਿਲਗਾ ਵੀ ਉਹਨੂੰ 'ਦਰਵੇਸ਼' ਕਹਿੰਦਾ। ਬਾਬਾ ਫ਼ਰੀਦ ਨੇ ਕਿਹਾ ਸੀ, *ਦਰਵੇਸ਼ਾਂ ਨੂੰ ਲੋੜੀਐ, ਰੁੱਖਾਂ ਦੀ ਜੀਰਾਂਦ!* ਸੱਚ ਮੁੱਚ ਉਹ ਦਰਵੇਸ਼ ਸੀ ਤੇ ਰੁੱਖਾਂ ਵਾਂਗ ਉਹਨੇ ਹਰੇਕ ਚੰਗੇ ਮਾੜੇ ਮੌਸਮ ਦੀ ਮਾਰ ਆਪਣੇ ਪਿੰਡੇ ਤੇ ਸਿਰ 'ਤੇ ਸਹੀ, ਪਰ ਆਪਣੇ ਸਿਰ ਨੂੰ ਕਦੀ ਨੀਵਾਂ ਨਾ ਹੋਣ ਦਿੱਤਾ।

*ਫ਼ਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ*
*ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ*

## 'ਟਕਸਾਲੀ ਕਮਿਊਨਿਸਟ'

ਸੁਹੇਲ ਦੀ ਤਕਲੀਫ਼ ਇਹ ਸੀ ਕਿ ਕਈ ਵਾਰ ਪਾਰਟੀ ਦੇ ਭਾਰੂ ਧੜੇ ਦੀ ਰਾਜਸੀ ਲਾਈਨ

ਨਾਲ ਅਸਹਿਮਤੀ ਹੁੰਦੇ ਹੋਏ ਵੀ ਉਸੇ ਰਾਜਸੀ ਲਾਈਨ ਮੁਤਾਬਕ ਸੰਪਾਦਕੀ ਲਿਖਣਾ ਪੈਂਦਾ। ਲਿਖਣਾ ਵੀ ਇਸ ਅੰਦਾਜ਼ ਵਿਚ ਪੈਂਦਾ ਕਿ ਉਹ ਮੰਨਣ ਯੋਗ ਵੀ ਲੱਗੇ ਤੇ ਪ੍ਰਭਾਵਸ਼ਾਲੀ ਵੀ। ਇਹ ਵੀ ਜ਼ਰੂਰੀ ਸੀ ਕਿ ਉਸ ਵਿਚ ਪੇਸ਼ਕਾਰੀ ਦਾ ਹੁਨਰ ਵੀ ਨਜ਼ਰ ਆਵੇ ਕਿਉਂਕਿ ਆਪਣੀ ਗੱਲ ਨੂੰ ਸਲੀਕੇ ਨਾਲ ਕਹਿਣ ਦੇ ਮਿਆਰ ਤੋਂ ਨੀਵਾਂ ਵੀ ਨਹੀਂ ਸੀ ਹੋਣਾ ਹੁੰਦਾ। ਜਿਹੜੀ ਗੱਲ ਨਾਲ ਤੁਹਾਡੀ ਸਹਿਮਤੀ ਨਾ ਹੋਵੇ, ਉਸੇ ਗੱਲ ਦੇ ਹੱਕ ਵਿਚ ਬੋਲਣਾ ਜਾਂ ਲਿਖਣਾ ਪੈ ਜਾਵੇ ਤਾਂ 'ਸੱਚ ਸੁਣਾਇਸੀ ਸੱਚ ਕੀ ਬੇਲਾ' ਦੇ ਪ੍ਰਵਚਨ ਨਾਲ ਪ੍ਰਨਾਏ ਬੰਦੇ ਦੇ ਅੰਦਰ ਇਕੱਠਾ ਹੋ ਗਿਆ ਰੰਜ ਤੇ ਰੋਹ ਚੀਕ-ਬੁਲਬੁਲੀ ਬਣ ਕੇ ਬਣ ਕੇ ਬਾਹਰ ਨਿਕਲਣ ਲਈ ਤੜਫ਼ਦਾ ਹੈ। ਆਪਣੀ ਚੀਕ ਆਪਣੇ ਅੰਦਰ ਹੀ ਦੱਬ ਲੈਣੀ, ਅੱਗ ਦੇ ਭਬੂਕੇ ਨੂੰ ਗਲ਼ੋਂ ਹੇਠਾਂ ਉਤਾਰਨ ਵਾਂਗ ਹੁੰਦਾ ਹੈ।

ਇਹਨਾਂ ਹੀ ਦਿਨਾਂ ਵਿਚ ਅਖ਼ਬਾਰ ਨੂੰ ਚੰਡੀਗੜ੍ਹ ਲੈ ਜਾਣ ਦਾ ਫ਼ੈਸਲਾ ਹੋ ਗਿਆ। ਸੁਹੇਲ ਇਸ ਫ਼ੈਸਲੇ 'ਤੇ ਵੀ ਨਾ-ਖ਼ੁਸ਼ ਸੀ। ਪਰ ਪਾਰਟੀਆਂ ਕਿਸੇ ਇਕ ਬੰਦੇ ਦੀ ਖ਼ੁਸ਼ੀ ਨਾ-ਖ਼ੁਸ਼ੀ ਤਾਂ ਨਹੀਂ ਵੇਖਦੀਆਂ!

ਕੋਈ ਮੰਨੇ ਭਾਵੇਂ ਨਾ ਮੰਨੇ ਸੁਹੇਲ ਨੂੰ ਦਿਲ ਦਾ ਰੋਗ ਹੋਣ ਪਿੱਛੇ ਬਹੁ-ਤਰਫ਼ੀ ਘੁਟਣ ਵੀ ਜ਼ਿੰਮੇਵਾਰ ਸੀ। ਆਖ਼ਰ ਇਹ ਰੋਗ ਉਹਨੂੰ ਆਪਣੇ ਨਾਲ ਲੈ ਗਿਆ। ਇਕ ਸੋਹਣਾ ਤੇ ਸਿਆਣਾ ਮਨੁੱਖ ਵਕਤੋਂ ਬਹੁਤ ਪਹਿਲਾਂ ਇਸ ਸੰਸਾਰ ਤੋਂ ਚਲਾ ਗਿਆ। ਕਿਸੇ ਵੀ ਕਿਸਮ ਦੇ ਭੈਅ ਅਤੇ ਲਾਲਚ ਤੋਂ ਰਹਿਤ, ਆਪਣੇ ਵਿਚਾਰਾਂ ਪ੍ਰਤੀ ਦ੍ਰਿੜ੍ਹ ਤੇ ਪ੍ਰਤੀਬੱਧ। ਸਿਰੜ, ਸਹਿਜ ਤੇ ਸੰਵੇਦਨਸ਼ੀਲਤਾ ਦਾ ਮੁਜੱਸਮਾ ਸੀ ਸੁਹੇਲ। ਬਿਨਾਂ ਕਿਸੇ ਵਲ਼-ਫੇਰ ਤੋਂ। ਅੰਦਰੋਂ ਬਾਹਰੋਂ ਸੱਚਾ, ਸੁੱਚਾ ਤੇ ਉੱਚਾ!

ਭਾਵੇਂ ਕਿ ਸਾਰੀਆਂ ਪਾਰਟੀਆਂ ਵਿਚ, ਸਮੇਤ ਕਮਿਊਨਿਸਟਾਂ ਦੇ, ਸੁੱਚੀਆਂ ਕਦਰਾਂ ਨਾਲ ਜੁੜੇ 'ਟਕਸਾਲੀ' ਬੰਦੇ ਘਟਦੇ ਜਾ ਰਹੇ ਹਨ, ਤਦ ਵੀ ਜੇ ਕਹਿਣਾ ਹੋਵੇ, ਜਿਵੇਂ ਅਜਿਹੇ ਕੁਝ ਪੁਰਾਣੇ ਅਕਾਲੀਆਂ ਆਗੂਆਂ ਨੂੰ 'ਟਕਸਾਲੀ ਅਕਾਲੀ' ਕਿਹਾ ਜਾਂਦਾ ਹੈ, ਸ਼ਬਦ ਦੇ ਇਹਨਾਂ ਅਰਥਾਂ ਵਿਚ ਹੀ ਸੁਹੇਲ ਨੂੰ ਵੀ ਨਿਰਸੰਦੇਹ 'ਟਕਸਾਲੀ ਕਮਿਊਨਿਸਟ' ਵੀ ਕਿਹਾ ਜਾ ਸਕਦਾ ਹੈ।

## ਵੋਹ ਤੋ ਖ਼ੁਸ਼ਬੂ ਹੈ, ਹਵਾਉਂ ਮੇਂ ਬਿਖ਼ਰ ਜਾਏਗਾ!...

*ਵੋਹ ਤੋ ਖ਼ੁਸ਼ਬੂ ਹੈ ਹਵਾਉਂ ਮੇ ਬਿਖ਼ਰ ਜਾਏਗਾ!*
*ਮਸਲਾ ਫੂਲ ਕਾ ਹੈ, ਫੂਲ ਕਿਧਰ ਜਾਏਗਾ!*

8 ਮਾਰਚ 1993 ਵਾਲੇ ਦਿਨ ਸੁਹੇਲ ਦਿਲ ਦਾ ਦੌਰਾ ਪੈਣ ਨਾਲ ਸਦੀਵੀ ਅਲਵਿਦਾ ਕਹਿ ਗਿਆ।

ਸੁਹੇਲ ਸਿੰਘ ਤਾਂ ਖ਼ੁਸ਼ਬੂ ਵਾਂਗ ਹਵਾਵਾਂ ਵਿਚ ਬਿਖ਼ਰ ਗਿਆ ਸੀ ਤੇ ਖ਼ੁਸ਼ਬੂ ਤੋਂ ਖਾਲੀ ਫੁੱਲ ਰਘਬੀਰ ਕੌਰ ਪਿੱਛੇ ਰਹਿ ਗਈ ਸੀ। ਇੱਕਲੀ ਤੇ ਬੇਸਹਾਰਾ!

ਸੁਹੇਲ ਨੂੰ ਸ਼ਰਧਾਂਜਲੀ ਦੇਣ ਵਾਸਤੇ ਦੇਸ਼ ਭਗਤ ਯਾਦਗਾਰ ਹਾਲ ਵਿਚ ਲਾਸਾਨੀ ਇਕੱਠ ਹੋਇਆ। ਉਹਦੇ ਤਿਆਗ ਦੀਆਂ, ਉਹਦੀ ਕੁਰਬਾਨੀ ਦੀਆਂ, ਪਾਰਟੀ-ਪ੍ਰਤੀਬੱਧਤਾ ਤੇ ਪ੍ਰੇਮ ਦੀਆਂ, ਸੰਵੇਦਨਸ਼ੀਲਤਾ ਦੀਆਂ, ਇਨਸਾਨੀ ਗੁਣਾਂ ਦੀਆਂ ਗੱਲਾਂ ਹੋਈਆਂ। ਕਮਿਊਨਿਸਟਾਂ ਵਿਚ ਪਾਰਟੀ ਨੂੰ 'ਮਾਂ' ਆਖਣ ਦਾ ਰੁਝਾਨ ਪ੍ਰਚੱਲਤ ਹੈ। ਜਿਸ ਮਾਂ ਲਈ ਸੁਹੇਲ ਨੇ ਵਹੁਟੀ ਨੂੰ ਦੂਜੇ ਥਾਂ 'ਤੇ ਰੱਖਿਆ ਸੀ। ਅੱਜ ਉਹ ਮਾਂ ਰਘਬੀਰ ਕੌਰ ਦੀ ਧਿਰ ਤੇ ਧਰਵਾਸ ਬਣ ਕੇ ਅੱਗੇ ਆਈ। ਸੁਹੇਲ ਦੇ ਜਾਣ ਬਾਅਦ ਬਾਰਾਂਦਰੀ ਵਾਲਾ ਘਰ ਕੋਲ਼ ਨਹੀਂ ਸੀ ਰਹਿਣਾ। ਪਾਰਟੀ ਨੇ ਕਿਹਾ ਕਿ ਉਹ ਰਘਬੀਰ ਕੌਰ ਦੇ ਸਿਰ ਦੀ ਛੱਤ ਬਣੇਗੀ। ਸੁਹੇਲ ਦੇ ਯਾਰ-ਮਿੱਤਰ ਰਘਬੀਰ ਕੌਰ ਦੀ ਮਦਦ ਲਈ ਉਮੜ ਆਏ। ਪਾਰਟੀ ਆਗੂ ਦੇ ਹੁਕਮ ਦੀ ਪਾਲਣਾ ਕਰਦਿਆਂ ਤੇ ਸੁਹੇਲ ਦੀ ਯਾਰੀ ਦਾ ਪਾਸ ਰੱਖਦਿਆਂ ਜੋਗਿੰਦਰ ਸਿੰਘ ਪੁਆਰ ਦੇ ਯਤਨਾਂ ਨਾਲ ਰਘਬੀਰ ਕੌਰ ਜਲੰਧਰ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਿਜਨਲ ਸੈਂਟਰ ਵਿਚ ਲੈਕਚਰਾਰ ਆਣ ਲੱਗੀ। ਮਿਹਨਤ ਕਰਨਾ ਉਹਦੇ ਹੱਡਾਂ ਵਿਚ ਰਚਿਆ ਹੋਇਆ ਸੀ। ਉਹਨੇ ਪੀ ਐੱਚ ਡੀ ਵੀ ਕਰ ਲਈ। ਜ਼ਾਹਿਰ ਹੈ, ਯੂਨੀਵਰਸਿਟੀ ਦੀ ਲੈਕਚਰਰਸ਼ਿਪ

ਮਿਲਣਾ ਕੇਵਲ ਕਿਸੇ ਉਚੇਚੀ ਰਿਆਇਤ ਕਰ ਕੇ ਨਹੀਂ , ਸਗੋਂ ਉਹਨੇ ਇਸ ਅਹੁਦੇ ਤਕ ਪਹੁੰਚਣ ਲਈ ਲੋੜੀਂਦੀ ਮਿਹਨਤ ਕੀਤੀ ਸੀ। ਅਹੁਦੇ ਦੇ ਹਾਣ ਦੀ ਯੋਗਤਾ ਹਾਸਲ ਕੀਤੀ ਸੀ।

ਯੂਨੀਵਰਸਿਟੀ ਲੈਕਚਰਾਰ ਬਣ ਕੇ ਉਹਨੇ ਅਹੁਦੇ ਦੀ ਲਾਜ ਰੱਖੀ। ਅਧਿਆਪਕ ਦੇ ਤੌਰ 'ਤੇ ਵਿਦਿਆਰਥੀਆਂ ਵਿਚ ਹਰਮਨ ਪਿਆਰਤਾ ਹਾਸਲ ਕੀਤੀ। ਉਹਦੇ ਪੜ੍ਹਾਏ ਵਿਦਿਆਰਥੀ/ ਵਿਦਿਆਰਥਣਾਂ ਵੱਖ-ਵੱਖ ਕਾਲਿਜਾਂ ਵਿਚ ਲੈਕਚਰਾਰ ਤੇ ਪ੍ਰਿੰਸੀਪਲ ਵੀ ਬਣੇ ਹਨ।

ਪਾਰਟੀ ਦੇ ਉੱਦਮ ਤੇ ਹਮਦਰਦਾਂ ਦੀ ਸਹਾਇਤਾ ਨਾਲ ਰਘਬੀਰ ਕੌਰ ਦੇ ਰਹਿਣ ਲਈ ਛੋਟਾ ਜਿਹਾ ਘਰ ਬਣ ਗਿਆ। ਬਾਅਦ ਵਿਚ ਉਹਨੇ ਆਪਣੀ ਤਨਖ਼ਾਹ, ਪੈਨਸ਼ਨ ਤੇ ਗਰੈਚੁਟੀ ਦੇ ਪੈਸਿਆਂ ਨਾਲ ਇਸ ਨਿੱਕੇ ਜਿਹੇ ਮਕਾਨ ਨੂੰ ਹੌਲ਼ੀ ਹੌਲ਼ੀ ਤਿੰਨ-ਮੰਜ਼ਿਲਾ ਕੋਠੀ ਦੀ ਸ਼ਕਲ ਵਿਚ ਉਸਾਰ ਲਿਆ। ਜਿਹੜੀਆਂ ਪਦਾਰਥਕ ਸੁਖ-ਸਹੂਲਤਾਂ ਲਈ ਸਾਰੀ ਉਮਰ ਰਘਬੀਰ ਕੌਰ ਤਾਂਘਦੀ ਰਹੀ ਸੀ,ਪਰ, ਉਹ ਉਹਦੇ ਤੋਂ ਮਾਰੂਥਲ ਵਿਚ ਦਿਸਦੇ ਭਰਮ-ਜਲ ਵਾਂਗ ਦੂਰ ਤੇ ਹੋਰ ਦੂਰ ਹੀ ਜਾਂਦੀਆਂ ਰਹੀਆਂ ਸਨ, ਅੱਜ ਉਹ ਬਰਕਤਾਂ ਚੱਲ ਕੇ ਉਹਦੀ ਝੋਲ਼ੀ ਵਿਚ ਆਣ ਪਈਆਂ ਸਨ। ਪਰ ਇਹ ਬਰਕਤਾਂ ਤੇ ਖ਼ੁਸ਼ੀਆਂ ਸਾਂਝੀਆਂ ਕਰਨ ਵਾਲਾ ਉਹਦਾ ਸੁਹੇਲ ਬਹੁਤ ਦੂਰ ਚਲੇ ਗਿਆ ਸੀ। ਜਿਵੇਂ ਪਹਿਲਾਂ ਪਦਾਰਥਕ ਬਰਕਤਾਂ ਉਸਤੋਂ ਦੂਰ ਸਨ, ਹੁਣ ਸੁਹੇਲ ਉਸਤੋਂ ਦੂਰ ਸੀ। ਕੁਦਰਤ ਨੇ ਮੁਕੰਮਲ ਖ਼ੁਸ਼ੀ ਸ਼ਾਇਦ ਉਹਦੇ ਕਰਮਾਂ ਵਿਚ ਲਿਖੀ ਹੀ ਨਹੀਂ ਸੀ।

ਮੇਰੀ ਘਰਵਾਲੀ ਅਕਸਰ ਕਹਿੰਦੀ ਹੁੰਦੀ ਹੈ ਕਿ ਕਈ ਵਾਰ ਦੋਵਾਂ ਜੀਆਂ ਵਿਚੋਂ ਇਕ ਦੇ ਭਾਗ ਜ਼ੋਰਾਵਰ ਹੋਣ ਕਰ ਕੇ ਦੂਜੇ ਦੇ ਭਾਗਾਂ 'ਤੇ ਭਾਰੂ ਹੋ ਜਾਂਦੇ ਨੇ। ਸੁਹੇਲ-ਰਘਬੀਰ ਜੋੜੀ ਨਾਲ ਵੀ, ਉਹ ਕਹਿੰਦੀ ਹੈ, ਕੁਝ ਇੰਝ ਹੀ ਵਾਪਰਿਆ ਹੈ। ਉਹਦਾ ਮੰਨਣਾ ਹੈ ਕਿ ਰਘਬੀਰ ਕੌਰ ਜਿਹੜੇ ਲੇਖ ਲਿਖਾ ਕੇ ਲਿਆਈ ਸੀ, ਉਹਨਾਂ 'ਤੇ ਸੁਹੇਲ ਸਿੰਘ ਦੇ ਲੇਖ ਭਾਰੂ ਹੋ ਗਏ। ਸ਼ਾਇਦ ਸੁਹੇਲ-ਰਘਬੀਰ ਦਾ ਸਾਂਝਾ ਜੀਵਨ ਇੰਝ ਹੀ ਤੰਗੀਆਂ ਤੁਰਸ਼ੀਆਂ ਵਿਚ ਅਤੇ ਪਦਰਾਥਕ ਸੁਖ ਸਹੂਲਤਾਂ ਦੇ ਅਭਾਵ ਵਿਚ ਬੀਤਣਾ ਲਿਖਿਆ ਸੀ।

ਰਘਬੀਰ ਕੌਰ ਦਾ ਵੀ ਇਹ ਸੋਚ ਕੇ ਹਉਕਾ ਨਿਕਲ ਜਾਂਦਾ ਹੈ, "ਜਦ ਪਤੀ ਦਾ ਸਾਥ ਤੇ ਪਿਆਰ ਕੋਲ਼ ਸੀ ਤਾਂ ਪੈਸਾ ਕੋਲ਼ ਨਹੀਂ ਸੀ। ਪੈਸਾ ਆਇਆ, ਆਰਥਿਕ ਸੁਖ ਮਿਲਿਆ ਤਾਂ ਪਤੀ ਦੇ ਸਾਥ ਦਾ ਸੁਖ ਗਵਾਚ ਗਿਆ!"

ਕੋਈ ਕਿੱਡਾ ਵੀ ਵੱਡਾ ਕਿਉਂ ਨਾ ਹੋਵੇ, ਹੌਲ਼ੀ ਹੌਲ਼ੀ ਲੋਕਾਂ ਦੇ ਚੇਤਿਆਂ ਵਿਚੋਂ ਕਿਰਨਾ ਸ਼ੁਰੂ ਹੋ ਜਾਂਦਾ ਹੈ।

*'ਸਾਰੇ ਮੂੰਹ ਮੁਲਾਹਜ਼ੇ ਨੇ ਜੀਂਦਿਆਂ ਦੇ,*
*ਮੋਇਆਂ ਹੋਇਆਂ ਨੂੰ ਹਰ ਕੋਈ ਵਿਸਾਰ ਦੇਂਦਾ'* (ਮੋਹਨ ਸਿੰਘ)

ਇਹ ਤਾਂ 'ਮੂੰਹ-ਮੁਲਾਹਜ਼ੇ' ਵਾਲਿਆਂ ਦੀ ਗੱਲ ਹੈ, ਪਰ ਜਿਨ੍ਹਾਂ ਦੀਆਂ ਆਂਦਰਾਂ ਜਾਣ ਵਾਲੇ ਨਾਲ ਜੁੜੀਆਂ ਹੁੰਦੀਆਂ ਨੇ, ਉਹਨਾਂ ਨੂੰ ਜਾਣ ਵਾਲਾ ਕਿੱਥੇ ਭੁੱਲਦਾ ਹੈ। ਨਾ ਸੁਹੇਲ ਰਘਬੀਰ ਕੌਰ ਨੂੰ ਭੁੱਲਣਾ ਹੈ, ਨਾ ਉਹਦੀਆਂ ਧੀਆਂ ਨੂੰ। ਭੁੱਲਿਆ ਤਾਂ ਉਹ ਉਹਦੇ ਮਿੱਤਰ ਪਿਆਰਿਆਂ ਨੂੰ ਵੀ ਨਹੀਂ। ਮੈਨੂੰ ਛੋਟੇ ਭਰਾਵਾਂ ਵਾਂਗ ਪਿਆਰ ਕਰਨ ਵਾਲਾ ਰਘਬੀਰ ਸਿੰਘ ਸਿਰਜਣਾ ਤੇ ਉਹਦੀ ਪਤਨੀ ਸੁਲੇਖਾ ਜਦ ਵੀ ਜਲੰਧਰ ਆਉਣ, ਮੇਰੇ ਕੋਲ ਆਉਣ ਤੋਂ ਪਹਿਲਾਂ ਸੁਹੇਲ ਦੀ ਯਾਰੀ ਨੂੰ ਨਤਮਸਤਕ ਹੋਣ, ਰਘਬੀਰ ਕੌਰ ਕੋਲ ਹੀ ਜਾਂਦੇ ਹਨ।

ਅੱਜ ਵੀ ਸੁਹੇਲ ਦੇ ਸਾਂਝੇ ਦੋਸਤਾਂ ਨਾਲ, ਉਹਦੇ ਨਾਲ ਵਿਚਰਨ ਵਾਲੇ ਸਾਹਿਤਕਾਰਾਂ/ ਪੱਤਰਕਾਰਾਂ ਨਾਲ ਕਿਤੇ ਗੱਲਬਾਤ ਚੱਲੇ ਤਾਂ ਕਦੀ-ਕਦੀ ਸਹਿਵਨ ਸੁਹੇਲ ਦਾ ਜ਼ਿਕਰ ਵੀ ਛਿੜ ਪੈਂਦਾ ਹੈ। ਉਹਦਾ ਜ਼ਿਕਰ ਹਮੇਸ਼ਾ ਇਸ ਤਰ੍ਹਾਂ ਹੁੰਦਾ ਹੈ, ਜਿਵੇਂ ਸਵੇਰ ਵੇਲੇ ਪੂਰਬ ਵੱਲੋਂ ਸੂਰਜ ਦੀ ਟਿੱਕੀ ਲਿਸ਼ਕ ਉੱਠੀ ਹੋਵੇ! 000

***(ਫੋਨ: +1-647-535-1539 ਈਮੇਲ: waryamsandhu@gmail.com)***

# ਸਾਧੂ ਸਿੰਘ: ਕਹਾਣੀ: ਦਫ਼ਾ 188

ਚਿਹਰੇ ’ਤੇ ਅਚਾਨਕ ਟਾਰਚ ਦੀ ਤੇਜ਼ ਰੌਸ਼ਨੀ ਦੀ ਧਾਰ ਪੈਣ ਸਾਰ ਹੀ ਉਹਦੀਆਂ ਅੱਖਾਂ ਚੁੰਧਿਆ ਗਈਆਂ। ਭੀੜੇ ਪੁਲ਼ ਦੀ ਚੜ੍ਹਾਈ ਚੜ੍ਹਦੇ ਸਕੂਟਰ ਨੂੰ ਇਕਦਮ ਬ੍ਰੇਕਾਂ ਲੱਗੀਆਂ। ਸਪੀਡ ਭਾਵੇਂ ਬਹੁਤੀ ਨਹੀਂ ਸੀ, ਫਿਰ ਪੈਰ ’ਤੇ ਹੀ ਰੁਕ ਜਾਣ ਕਾਰਨ, ਪਿਛਲੀ ਸਵਾਰੀ ਦੇ ਸੰਭਲ਼ਦਿਆਂ ਸੰਭਲ਼ਦਿਆਂ ਅਵੇਸਲ਼ਿਓਂ ਹੀ ਅਗਾਂਹ ਉੱਲਰ ਜਾਣ ਕਾਰਨ ਦਰਮਿਆਨ ਬੈਠਾ ਬੱਚਾ ਵਿਚਕਾਰ ਭੀਚਿਆ ਗਿਆ।

ਹੈੱਡ-ਲਾਈਟ ਦੀ ਰੌਸ਼ਨੀ ਵਿਚ ਬੰਦੂਕ ਦੀ ਨਾਲ਼ੀ ਧੌਣ ਅਕੜਾਈ ਖੜ੍ਹੀ ਸੀ। ਬਾਵਰਦੀ ਸਿਪਾਹੀ ਨੇ ਧੜੰਮ ਦੇ ਕੇ ਪੱਕੀ ਸੜਕ ’ਤੇ ਖੁਰੀਆਂ ਵਾਲਾ ਬੂਟ ਪਟਕਿਆ। ਰਾਤ ਦੀ ਖਾਮੋਸ਼ੀ ਵਿਚ ਭਰਾੜ ਪੈ ਗਿਆ। ਅਚਾਨਕ ਪਈ ਬਿੱਜ ਕਾਰਨ ਉਨ੍ਹਾਂ ਤਿੰਨਾਂ ਦੇ ਬੁੱਲ੍ਹ ਸੀਤੇ ਗਏ। ਬੌਂਦਲ਼ਿਆ ਹੋਇਆ ਬੱਚਾ ਸਿਪਾਹੀ ਦੇ ਮੋਢੇ ’ਤੇ ਲੱਗੀ ਫੀਤੀ ਵੱਲ ਬਿਤਰ ਬਿਤਰ ਝਾਕ ਰਿਹਾ ਸੀ।

“ਏਧਰ ਲਾ ਲਓ ਸਕੂਟਰ ਪਾਸੇ ਕਰ ਕੇ।” ਕੈਂਪਾ ਕੋਲਾ ਵਾਲੇ ਖੋਖੇ ਰੁਖ਼ ਟਾਰਚ ਮਾਰਦਿਆਂ ਸਿਪਾਹੀ ਨੇ ਹੁਕਮੀਆ ਅੰਦਾਜ਼ ਵਿਚ ਕਿਹਾ।

ਹੁਕਮ ਦੀ ਤਾਮੀਲ ਹੋਣੀ ਹੀ ਸੀ। ਕਰ ਦਿੱਤੀ ਗਈ।

“ਕੀ ਨਾਂ ਵਾ?”

“ਸਰੂਪ ਸਿੰਘ। ਇਹ ਹਰਦੀਸ਼ ਸਿੰਘ ਨੇ।”

“ਤੇ ਇਹ ਬੱਚਾ?”

“ਇਨ੍ਹਾਂ ਦਾ ਪੁੱਤਰ ਵਾ।”

ਅਚੇਤੇ ਹੀ ਸਰੂਪ ਤੋਂ ਸਿਪਾਹੀ ਦੀ ਰੀਸ ਲੱਗ ਗਈ ਸੀ।

“ਕੀ ਕੰਮ ਕਰਦੇ ਓ?”

“ਏਥੇ ਯੂਨੀਵਰਸਿਟੀ ਵਿਚ ਹੀ ਪੜ੍ਹਾਉਨਾਂ। ਇਹ ਪਿੰਡ ਖੇਤੀ ਕਰਦੇ ਨੇ।”

“ਚੱਲੇ ਕਿੱਥੇ ਓ?”

“ਆਹ ਜੀ ਨਾਲ ਹੀ ਭਾਈ ਰਣਧੀਰ ਸਿੰਘ ਨਗਰ ਵਿਚ।”

ਸਰੂਪ ਸਿੰਘ ਨੇ ਯੂਨੀਵਰਸਿਟੀ ਵਿਚ ਪੜ੍ਹਾਉਣ ਤੇ ਭਾਈ ਰਣਧੀਰ ਸਿੰਘ ਨਗਰ ਲਫਜ਼ਾਂ ਨੂੰ ਆਮ ਨਾਲੋਂ ਜ਼ਰਾ ਕੁ ਵੱਧ ਘਰੋੜ ਕੇ ਉਚਾਰਿਆ ਸੀ। ਸ਼ਾਇਦ ਇਸ ਕਰਕੇ ਕਿ ਇਸ ਆਦਰਯੋਗ ਕਿੱਤੇ ਅਤੇ ਗੁਆਂਢ ਮੱਥੇ ਦੇ ਹੋਣ ਕਾਰਨ ਖੌਰੇ ਕੁਝ ਲਿਹਾਜ ਹੋ ਜਾਏ।

“ਆਏ ਕਿੱਥੋਂ ਹੋ?” ਸਿਪਾਹੀ ਦੀ ਆਵਾਜ਼ ਪਹਿਲਾਂ ਨਾਲੋਂ ਵੀ ਕੁਝ ਖਹੁਰੀ ਹੋ ਗਈ ਸੀ।

“ਪੰਜਾਬੀ ਭਵਨ ਤੋਂ। ਨਾਟਕ ਦੇਖ ਕੇ।”

“ਅੱਛਾ ਨਾਟਕ ਦੇਖ ਕੇ ਆਏ ਓਂ!” ਸਿਪਾਹੀ ਦੀ ਆਵਾਜ਼ ਵਿਚ ਕੁੱਝ ਇਸ ਕਦਰ ਵਿਅੰਗ ਸੀ ਜਿਵੇਂ ਉਹ ਇਹ ਕਹਿਣਾ ਚਾਹੁੰਦਾ ਹੋਵੇ ਕਿ ‘ਅਸਲ ਨਾਟਕ ਤਾਂ ਤੁਸੀਂ ਹੁਣ ਦੇਖੋਗੇ ਜਿਹਦਾ ਪਰਦਾ ਹੁਣੇ ਤੁਹਾਡੀਆਂ ਅੱਖਾਂ ਦੇ ਸਾਹਮਣੇ ਹੀ ਉੱਠਣ ਵਾਲਾ ਹੈ।’

ਪਰਦਾ ਉੱਠਣ ਤੋਂ ਪਹਿਲਾਂ ਵਾਲਾ ਹੀ ਮਾਹੌਲ! ਪਰ ਤਿੰਨਾਂ ਦਰਸ਼ਕਾਂ ਦੇ ਮਨਾਂ ਨੂੰ ਉਤਸੁਕਤਾ ਨਾਲੋਂ ਚਿੰਤਾ ਨੇ ਵੱਧ ਘੇਰਿਆ ਹੋਇਆ ਸੀ।

“ਗੱਲ ਕੀ ਹੋ ਗਈ?” ਹੁਣ ਤਕ ਡੈਂਬਰੇ ਖੜ੍ਹੇ ਹਰਦੀਸ਼ ਨੇ ਚੁੱਪ ਤੋੜੀ।

"ਗੱਲ ਵੀ ਦੱਸਦੇ ਹਾਂ, ਜਨਾਬ।" ਸਿਪਾਹੀ ਸ਼ਾਇਦ ਨਾਟਕ ਦੇ ਲਟਕਾਓ ਨੂੰ ਇਕ ਦਮ ਖ਼ਤਮ ਨਹੀਂ ਸੀ ਕਰਨਾ ਚਾਹੁੰਦਾ।

"ਫੇਰ ਵੀ ਕੁਛ ਪੱਲੇ ਤਾਂ ਪਾਓ।" ਹਰਦੀਸ਼ ਦੇ ਬੋਲ ਵਿਚ ਐਤਕੀਂ ਕੁਝ ਕਾਹਲ਼ੀ ਸੀ, ਸ਼ਾਇਦ ਤਲਖੀ ਵੀ।

ਖੋਖੇ ਦੇ ਪਿੱਛਿਓਂ ਹਨੇਰੇ ਦੀ ਬੁੱਕਲ਼ 'ਚੋਂ ਦੋ ਤਿੰਨ ਸਿਪਾਹੀ ਹੋਰ ਨਮੂਦਾਰ ਹੋ ਗਏ। ਮਾਹੌਲ ਪਹਿਲਾਂ ਨਾਲੋਂ ਵੀ ਬੋਝਲ ਹੋ ਗਿਆ ਸੀ।

"ਦੇਖਦੇ ਨਹੀਂ ਉੱਪਰੋਂ ਸਮੇਂ ਕਿਹੋ ਜਿਹੇ ਨੇ!"

"ਸਮੇਂ ਤਾਂ ਸੱਚਮੁੱਚ ਹੀ ਬੜੇ ਚੰਦਰੇ ਨੇ।"

ਇਹ ਆਖਦਿਆਂ ਸਰੂਪ ਨੇ ਆਪਣਾ ਸ਼ਨਾਖਤੀ ਕਾਰਡ ਨਵੇਂ ਆਏ ਸਿਪਾਹੀ ਵੱਲ ਵਧਾਇਆ।

"ਇਹਦੀ ਕੋਈ ਜ਼ਰੂਰਤ ਨਹੀਂ। ਸਾਨੂੰ ਅਤਬਾਰ ਆ ਤੁਹਾਡੇ 'ਤੇ।"

"ਟੈਮ ਕੀ ਹੋਇਆ?"

"ਸਵਾ ਨੌਂ।"

"ਤੇ ਤੁਹਾਨੂੰ ਪਤਾ ਨਹੀਂ ਨੌਂ ਤੋਂ ਬਾਅਦ ਸਕੂਟਰ 'ਤੇ ਦੋਹਰੀ ਸਵਾਰੀ ਦੀ ਮਨਾਹੀ ਹੈ ਤੇ ਤੁਸੀਂ ਤਿੰਨ ਚੜ੍ਹੀ ਫਿਰਦੇ ਓ।"

ਸਰੂਪ ਦੇ ਸਿਰ ਸੌ ਘੜਾ ਪਾਣੀ ਦਾ ਪੈ ਗਿਆ। ਡਬਲ ਰਾਈਡਿੰਗ ਦੀ ਫੇਟ ਵਿਚ ਉਹ ਇਕ ਵਾਰ ਪਹਿਲਾਂ ਵੀ ਆ ਚੁੱਕਾ ਸੀ। ਗੱਲ ਤਾਂ ਭਾਵੇਂ ਇਹ ਵਿਚੋਂ ਕੁਝ ਵੀ ਨਹੀਂ ਪਰ ਖੱਜਲ਼ ਖੁਆਰੀ ਨੂੰ ਰਾਹ ਹੋ ਗਿਆ ਸੀ।

"ਹੌਲਦਾਰ ਜੀ, ਐਵੇਂ ਭੁਲੇਖੇ ਵਿਚ ਹੀ ਦਸਾਂ ਕੁ ਮਿੰਟਾਂ ਦਾ ਫਰਕ ਪੈ ਗਿਆ। ਚੇਤਾ ਹੀ ਭੁੱਲ ਗਿਆ। ਅੱਜ ਤਾਂ ਇਹ ਗ਼ਲਤੀ ਐਵੇਂ ਹੀ ਹੋ ਗਈ ਜੀ। ਆਹ ਹੁਣੇ ਜੋ ਫੀਅਟ ਗਈ ਹੈ, ਉਸ ਵਿਚ ਸਾਡੇ ਹੀ ਬੱਚੇ ਸਨ। ਇਕ ਬੰਦਾ ਹੋਰ ਨਾਲ ਬੈਠ ਸਕਦਾ ਸੀ। ਜੇ ਚੇਤਾ ਹੁੰਦਾ ਤਾਂ ਸਰਦਾਰ ਹੋਰਾਂ ਦੀ ਥਾਂ ਕਿਸੇ ਕੁੜੀ ਨੂੰ ਹੀ ਨਾਲ ਬਹਾਲ਼ ਲੈਂਦੇ।" ਸਰੂਪ ਨੇ ਬੜੀ ਆਜ਼ਜੀ ਨਾਲ ਆਪਣੇ ਬੇਕਸੂਰ ਹੋਣ ਦੀ ਸਫ਼ਾਈ ਦਿੱਤੀ।

ਹਰਦੀਸ਼ ਦਾ ਚਿਹਰਾ ਕਸੂਰਵਾਰੀ ਦੇ ਅਹਿਸਾਸ ਨਾਲ ਧੁਆਂਖਿਆ ਗਿਆ ਸੀ। ਸਰੂਪ ਨੇ ਟੁਰਨ ਲੱਗਿਆਂ ਉਹਨੂੰ ਗੱਡੀ ਵਿਚ ਬੈਠਣ ਲਈ ਕਿਹਾ ਵੀ ਸੀ। ਉਹੀ ਨਹੀਂ ਸੀ ਮੰਨਿਆ। ਅਖੇ, ਨਿਆਣੇ ਆਰਾਮ ਨਾਲ ਖੁੱਲ੍ਹੇ ਡੁੱਲ੍ਹੇ ਬੈਠ ਕੇ ਜਾਣਗੇ। ਕਿਹੜਾ ਲੰਮਾ ਸਫ਼ਰ ਹੈ। ਤਿੰਨਾਂ ਚਹੁੰ ਕਿਲੋਮੀਟਰਾਂ ਦਾ ਤਾਂ ਪੈਂਡਾ। ਆਪਾਂ ਸਕੂਟਰ 'ਤੇ ਹੀ ਚਲੇ ਚਲਦੇ ਹਾਂ ਤੇ ਛੋਟੇ ਮੱਟੂ ਨੇ ਪਾਪਾ ਦੇ ਨਾਲ ਸਕੂਟਰ 'ਤੇ ਬੈਠਣ ਦੀ ਹੀ ਮਨਸ਼ਾ ਦੱਸੀ ਸੀ ਤੇ ਐਡੀ ਗੱਲ ਵੀ ਕੀ ਸੀ? ਮੱਟੂ ਦੇ ਭਾਰ ਨਾਲ ਕਿਹੜੇ ਚੇਤਕ ਦੇ ਪਿਸਟਨ ਬੈਠ ਜਾਣੇ ਸਨ!

ਫੇਰ ਵੀ ਸਰਕਾਰੀ ਹੁਕਮਾਂ ਦੀ ਉਲੰਘਣਾ ਤਾਂ ਹੋ ਹੀ ਗਈ ਸੀ। ਬੈਠੇ ਬਿਠਾਇਆਂ ਘਿਓ ਨੂੰ ਘੜਾ ਤਾਂ ਹੋ ਹੀ ਗਿਆ ਸੀ ਕੇਰਾਂ।

ਹਰਦੀਸ਼ ਨੇ ਬੜੇ ਦੀਨ ਜਿਹੇ ਭਾਵ ਨਾਲ ਸਰੂਪ ਵੱਲ ਝਾਕਿਆ, ਜਿਵੇਂ ਆਖ ਰਿਹਾ ਹੋਵੇ- ਚੰਗੇ ਕੁੜਿੱਕੀ ਵਿਚ ਫਸੇ ਭਾਅ ਜੀ!

"ਫਿਰ ਸਰਦਾਰ ਜੀ, ਕੋਈ ਕਰੋ ਹੀਲਾ ਵਸੀਲਾ। ਲੱਭੋ ਰਾਹ ਕੋਈ। ਗ਼ਲਤੀ ਹੋ ਗਈ ਪਰ ਜੀ ਹੋ ਗਈ ਅਟਕਲੋਂ, ਜਾਣ ਕੇ ਨੀ ਕੀਤੀ।"

ਹਰਦੀਸ਼ ਨੂੰ ਕੋਈ ਸਬੀਲ ਨਿੱਕਲ ਆਉਣ ਦੀ ਅੰਦਰੋਂ ਪੂਰੀ ਆਸ ਸੀ, ਕਿਹੜਾ ਏਨਾ ਹੀ ਸੰਗੀਨ ਦੋਸ਼ ਸੀ। ਨਾਲੇ ਇਨ੍ਹਾਂ ਪੁਲਸੀਆਂ ਦੀਆਂ ਛੋਟਾਂ ਕਿਹੜੀਆਂ ਕਿਸੇ ਤੋਂ ਗੁੱਝੀਆਂ ਨੇ। ਐਵੇ ਸੌਦਾ ਪਟਾਉਣ ਦੀ ਹੀ ਗੱਲ ਸੀ।

ਪਰ ਸੌਦਾ ਉਨ੍ਹਾਂ ਦੋਹਾਂ ਵਿਚੋਂ ਕਿਸੇ ਨੂੰ ਪਟਾਉਣਾ ਨਹੀਂ ਸੀ ਆਉਂਦਾ। ਉਨ੍ਹਾਂ ਦੀ ਸ਼ਰਾਫ਼ਤ ਨੂੰ

ਵੱਢੀ ਦੇਣ ਦੀ ਜਾਚ ਨਹੀਂ ਸੀ। ਕਦੇ ਲੋੜ ਹੀ ਨਹੀਂ ਸੀ ਪਈ। ਜੇ ਕਦੇ ਤਸੀਲੇ ਕਚਹਿਰੀ ਲੋੜ ਪਈ ਵੀ ਸੀ ਤਾਂ ਗੱਲ ਪਹਿਲੋਂ ਹੀ ਟੁੱਕੀ ਹੋਈ ਹੁੰਦੀ ਸੀ। ਵਿਚ ਵਿਚਾਲ਼ਾ ਕਰਾਉਣ ਲਈ ਕੋਈ ਵਿਚੋਲਾ ਹਾਜ਼ਰ ਹੁੰਦਾ ਸੀ ਤੇ ਅੱਜ ਉਹ ਦੋਵੇਂ ਅਸਲੋਂ ਹੀ ਇਕੱਲੇ ਸਨ।

"ਫੇਰ ਜੀ ਕੋਈ ਲੜਾਓ ਸਬੀਲ।"

ਕਹਿਣਾ ਉਹ ਇਹ ਚਾਹੁੰਦਾ ਸੀ ਕਿ ਕੁਝ ਲੈ ਦੇ ਕੇ ਛੱਡੋ ਸਾਡਾ ਪਿੱਛਾ ਪਰ ਢੁਕਵੇਂ ਲਫ਼ਜ਼ ਉਹਨੂੰ ਅਹੁੜ ਨਹੀਂ ਸਨ ਰਹੇ ਪਰ ਅੱਗੋਂ ਪੁਲਸੀਏ ਤਾਂ ਕੋਈ ਅਨਾੜੀ ਨਹੀਂ ਸਨ। ਅਣਬੋਲਤ ਹੀ ਵਿਥਿਆ ਜਾਨਣ ਦੇ ਹੰਢੇ ਵਰਤੇ ਮਾਹਿਰ ਸਨ।

"ਕੋਈ ਬੰਨ੍ਹ-ਸੁੱਬ ਤਾਂ ਜੀ ਕਰ ਹੀ ਲੈਂਦੇ ਪਰ ਸਾਡਾ ਠਾਣੇਦਾਰ ਬੜਾ ਕੱਬਾ। ਬਹੁਤਾ ਹੀ ਅੜਬ ਵਾ।"

"ਚਲੋ ਠਾਣੇਦਾਰ ਕਿਹੜਾ ਕੋਲ਼ ਹੈ ਹੁਣ।" ਹਰਦੀਸ਼ ਨੇ ਤਰਲਾ ਮਾਰਿਆ।

"ਜੋ ਸੇਵਾ ਕਹੋ, ਕਰ ਦਿੰਨੇ ਹਾਂ।"

ਅਖੇ, ਮਰਦੀ ਕੀ ਨਾ ਕਰਦੀ। ਅਚਾਨਕ ਉਹਦਾ ਹੱਥ ਜੇਬ ਵੱਲ ਨੂੰ ਉੱਲਰਿਆ।

"ਅਸੀਂ ਕੋਈ ਤੁਹਾਥੋਂ ਨਾਬਰ ਤਾਂ ਨਹੀਂ ਸਰਕਾਰ ਜੀ ਪਰ ਉਹਦੇ ਦੌਰੇ ਦਾ ਵੇਲ਼ਾ। ਐਵੇਂ ਮੂੰਹ ਚੱਕ ਕੇ ਏਧਰ ਨੂੰ ਆਉਂਦਾ ਹੋਇਆ ਤਾਂ ਉਹਨੇ ਟੰਗ ਦੇਣਾ ਸਾਨੂੰ।"

"ਫੇਰ?"

"ਠਾਣੇ ਤਾਂ ਜੀ ਤੁਹਾਨੂੰ ਚੱਲਣਾ ਹੀ ਪਊ। ਅੱਗੋਂ ਤੁਹਾਡੀ ਕਿਸਮਤ। ਜੇ ਉਹ ਉੱਥੇ ਨਾ ਹੋਇਆ ਤਾਂ ਤੁਸੀਂ ਜਿਵੇਂ ਕਹੋਗੇ, ਕਰ ਕਰਾ ਲਵਾਂਗੇ।"

"ਫੇਰ?" ਸਰੂਪ ਨੇ ਹਰਦੀਸ਼ ਨਾਲ ਨਜ਼ਰ ਮੇਲਦਿਆਂ ਪੁੱਛਿਆ।

"ਚਲੋ ਚਲੇ ਚਲਦੇ ਹਾਂ।" 'ਫਸ ਗਈ ਤਾਂ ਫਟਕਣ ਕੀ' ਦੇ ਲਹਿਜੇ ਵਿਚ ਉਸ ਨੇ ਆਖਿਆ।

ਸਕੂਟਰ ਧਰੀਕਦਿਆਂ ਉਨ੍ਹਾਂ ਠਾਣੇ ਵੱਲ ਨੂੰ ਚਾਲੇ ਪਾ ਦਿੱਤੇ। ਹਰਦੀਸ਼ ਦੀ ਉਂਗਲੀ ਫੜੀ ਮੱਟੂ ਨਿੱਕੇ ਨਿੱਕੇ ਛੋਹਲ਼ੇ ਕਦਮ ਭਰਦਾ ਉਨ੍ਹਾਂ ਦੇ ਨਾਲ ਤੁਰਿਆ ਜਾਂਦਾ ਪਿਆ ਸੀ। ਵਿਚਾਰਾ ਮੱਟੂ! ਅਖੇ, ਪੰਜਾਬ ਦੇ 'ਜੰਮਦਿਆਂ' ਨੂੰ ਹੀ ਨਿੱਤ ਮੁਹਿੰਮਾਂ। ਆਸ ਦੀ ਮੱਧਮ ਜਿਹੀ ਕਿਰਨ ਸਭਨਾਂ ਦੇ ਮਨ ਵਿਚ ਲਰਜ਼ ਰਹੀ ਸੀ। ਠਾਣੇਦਾਰ ਸ਼ਾਇਦ ਉੱਥੇ ਨਾ ਹੀ ਹੋਵੇ।

ਠਾਣਾ ਕੁਝ ਕਦਮਾਂ ਦੀ ਵਿੱਥ 'ਤੇ ਹੀ ਸੀ।

ਹਾਤੇ ਵਿਚ ਸਕੂਟਰ ਸਟੈਂਡ 'ਤੇ ਜਾ ਲਾਇਆ। ਬੂਹਾ ਖੋਲ੍ਹ ਕੇ ਅੰਦਰ ਵੜਦਿਆਂ ਹੀ ਹਰੇ ਮੇਜ਼ ਪੋਸ਼ ਦੇ ਪਿੱਛੇ ਤਣੇ ਬੈਠੇ ਹਰਦੀਪ ਸਿੰਘ 'ਤੇ ਨਜ਼ਰ ਪੈਂਦਿਆਂ ਹੀ ਉਨ੍ਹਾਂ ਦੇ ਚਿਹਰੇ ਹਿਰਾਸੇ ਗਏ। ਚੌੜਾ-ਚਿੱਘਾ ਚੁਗਾਠਾ। ਚਿਣਵੀਆਂ ਫੱਟੀਆਂ ਵਾਲੀ ਖਾਕੀ ਪੱਗ। ਲਾਲ ਫਿਫਟੀ। ਲਾਲ ਧਾਰੀਆਂ ਵਾਲੀਆਂ ਵੱਡੀਆਂ ਵੱਡੀਆਂ ਅੱਖਾਂ ਵਿਚ ਨਸ਼ੇ ਦੀ ਲੋਰ।

ਫਿਕਸੋ ਲੱਗੀ ਦਾਹੜੀ। ਨਗੌਰੀ ਸਾਨ੍ਹ ਦੇ ਸਿੰਗਾਂ ਵਾਂਗ ਆਕੜੀਆਂ ਸਿਰੇ 'ਤੇ ਤਿੱਖੀਆਂ ਤੂਈਆਂ ਵਾਲੀਆਂ ਮੁੱਢੋਂ ਭਰਵੀਆਂ ਮੁੱਛਾਂ।

ਮੂਸਿਆਂ ਅੱਗੇ ਤਣ ਕੇ ਖੜ੍ਹੀ ਮੌਤ।

"ਜੀ ਡਬਲ ਰਾਈਡਿੰਗ ਦਾ ਹੀ ਕੇਸ ਹੈ ਇਹ ਵੀ।" ਸਿਪਾਹੀ ਨੇ ਸਲੂਟ ਮਾਰਦਿਆਂ ਆਪਣੀ ਕਾਰਗੁਜ਼ਾਰੀ ਪਾਈ।

"ਹੂੰ।"

ਖੱਬੇ ਬੰਨੇ ਫੱਟੀਆਂ ਵਾਲੇ ਢੋਅਦਾਰ ਬੈਂਚ ਵੱਲ ਰੂਲ ਦਾ ਇਸ਼ਾਰਾ ਕਰਦਿਆਂ ਠਾਣੇਦਾਰ ਹਰਦੀਪ ਸਿੰਘ ਨੇ ਹੁਕਮ ਚਾੜ੍ਹਿਆ, "ਓਥੇ ਬਹਾਓ ਇਨ੍ਹਾਂ ਨੂੰ!"

"ਹਾਂ ਬਈ, ਤੁਸੀਂ ਦੱਸੋ, ਕਿਹੜੀ ਮਾਰ 'ਤੇ ਫਿਰਦੇ ਸੀ ਤੁਸੀਂ ਦੋਵੇਂ ਅੱਧੀ ਰਾਤ ਨੂੰ

ਸਕੂਟਰ 'ਤੇ।"

"ਜੀ ਕੁਛ ਨਹੀਂ। ਇਹਦੀ ਬਾਂਹ ਟੁੱਟ ਗਈ ਸੀ, ਬੰਨ੍ਹਾ ਕੇ ਆਇਆਂ ਲੱਤਾਂ ਬਾਹਾਂ ਚਾੜ੍ਹਨ ਵਾਲੇ ਤੋਂ। ਇਕ ਦੋ ਹੋਰ ਕੰਮ ਸੀ। ਕੁਵੇਲ਼ਾ ਹੋ ਗਿਆ। ਬੱਦੋਵਾਲ ਇਹਦੇ ਘਰ ਛੱਡਣ ਚੱਲਿਆ ਸਾਂ।"

"ਅੱਛਾ ਬੱਦੋਵਾਲ ਦੇ ਵੈਲੀ ਓਂ ਤੁਸੀਂ। ਕੰਧ ਟੱਪਦੇ ਦੀ ਬਾਂਹ ਟੁੱਟੀ ਹੋਣੀ ਆ ਤੇਰੀ।"

"ਨਹੀਂ ਜੀ...।"

"ਨਹੀਂ ਜੀ ਦੇ ਬੱਚੇ। ਰਾਤ ਨੂੰ ਵਾਰਦਾਤਾਂ ਕਰਦੇ ਫਿਰਦੇ ਨੇ ਸਾਲ਼ੇ। ਲਓ ਇਨ੍ਹਾਂ ਦੀ ਜਾਮਾ ਤਲਾਸ਼ੀ। ਕੱਟ ਓ ਚਲਾਨ ਇਨ੍ਹਾਂ ਬੜਿਆਂ ਬਦਮਾਸ਼ਾਂ ਦਾ। ਕਰੋ ਇਨ੍ਹਾਂ ਨੂੰ ਹਵਾਲਾਤ ਵਿਚ ਬੰਦ। ਦੇਖਦਾਂ ਕੌਣ ਇਨ੍ਹਾਂ ਦੇ ਮਗਰ ਆਉਂਦਾ।" ਹਰਦੀਪ ਸਿਘ ਦੇ ਨੱਕ ਵਿਚੋਂ ਬੇਸ਼ੁਮਾਰ ਨੂੰਹੇ ਡਿੱਗ ਰਹੇ ਸਨ।

ਦੋਹਰੀ ਸਵਾਰੀ ਵਾਲੇ ਸਕੂਟਰ ਸਵਾਰਾਂ ਦੇ ਵਾਰਦਾਤਾਂ ਕਰਨ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਨਿੱਤ ਦਿਹਾੜੇ ਛਪਦੀਆਂ ਹੀ ਰਹਿੰਦੀਆਂ ਸਨ। ਕਈ ਥਾਈਂ ਸਕੂਟਰ ਦੇ ਮਗਰ ਬੈਠੇ ਮੁੰਡਿਆਂ ਨੇ, ਬੜੇ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ ਸੀ। ਪਰ ਇਸ ਵਿਚਾਰੇ ਪਿਲੀਅਨ ਸਵਾਰ ਦੀ ਬਾਂਹ ਤਾਂ ਪਹਿਲੋਂ ਹੀ ਟੁੱਟ ਕੇ ਗਲ਼ ਵਿਚ ਪਈ ਹੋਈ ਸੀ। ਇਹ ਟੁੰਡੀਲਾਟ ਵਿਚਾਰਾ ਕੀ ਵਾਰਦਾਤ ਕਰਨ ਜੋਗਾ ਸੀ? ਸ਼ਕਲੋਂ ਵੀ ਬੜਾ ਜੀਅ-ਭਿਆਣਾ ਜਿਹਾ ਲਗਦਾ ਹੈ ਇਹ। ਇਹ ਕਿਹੋ ਜਿਹੇ ਕਾਨੂੰਨ ਨੇ? ਲੱਕੜ ਦੀ ਲੱਤ ਵਾਂਗ ਅਸਲੋਂ ਹੀ ਬੇਲਚਕ ਤੇ ਕਾਨੂੰਨ ਦੇ ਰਾਖੇ ਨਿਰੇ ਲੋਹੇ ਦੇ ਥਣ। ਸਰੂਪ ਦੇ ਮਨ ਵਿਚ ਇਹੋ ਜਿਹੇ ਬੜੇ ਖਿਆਲ ਆ ਰਹੇ ਸਨ ਪਰ ਅੱਗੇ ਸੀ ਠਾਣੇਦਾਰ ਹਰਦੀਪ ਸਿੰਘ!

'ਵਜੀਦਾ ਕੌਣ ਆਖੇ ਸਾਹਿਬ ਨੂੰ, ਇੰਝ ਨਹੀਂ ਇੰਝ ਕਰ?'

"ਆ ਜਾਓ ਤੁਸੀਂ ਵੀ ਸਰਦਾਰੋ।"

ਉਹ ਦੋਨੋਂ ਜੀਅ-ਭਿਆਣੇ ਜਿਹੇ ਉੱਠ ਕੇ ਥਾਣੇਦਾਰ ਸਾਹਿਬ ਦੇ ਸਾਹਮਣੇ ਜਾ ਖਲੋਏ। ਮੱਟੂ ਮੇਜ਼ ਦੇ ਓਹਲੇ ਹਰਦੀਸ਼ ਦੀਆਂ ਲੱਤਾਂ ਨੂੰ ਚੰਬੜਿਆ ਡਰਿਆ ਖੜ੍ਹਾ ਸੀ।

"ਤੁਸੀਂ ਤਾਂ ਪੜ੍ਹੇ ਲਿਖੇ ਜਾਪਦੇ ਹੋਂ, ਸਿਆਣੇ ਬਿਆਣੇ।"

"ਹਾਂ ਜੀ, ਦਰਅਸਲ...।" ਸਰੂਪ ਨੇ ਆਪਣੀ ਸ਼ਨਾਖ਼ਤ ਸਮੇਤ ਸਾਰੀ ਕਹਾਣੀ ਸੰਖੇਪ ਵਿਚ ਕਹਿ ਸੁਣਾਈ।

"ਬੜਾ ਗੰਦ ਪਾਇਆ ਏਸ ਯੂਨੀਵਰਸਿਟੀ ਨੇ ਵੀ। ਮੁੰਡੇ ਦਿਨ ਦਿਹਾੜੇ ਖਰੂਦ ਮਚਾਈ ਰੱਖਦੇ ਨੇ। ਤੁਸੀਂ ਸੰਭਾਲ ਨੀ ਸਕਦੇ ਤੇ ਆਪ ਰਾਤ ਨੂੰ ਕਾਨੂੰਨ ਤੋੜਦੇ ਫਿਰਦੇ ਹੋਂ।"

ਸਰੂਪ ਦੀ ਜ਼ੁਬਾਨ ਤਾਲੂ ਨਾਲ ਲੱਗੀ ਹੋਈ ਸੀ। ਕਹਿਣ ਨੂੰ ਤਾਂ ਉਸ ਮੰਨੇ ਦੰਨੇ ਲੈਕਚਰਾਰ ਕੋਲ਼ ਬੜਾ ਕੁਝ ਸੀ। ਪਰ ਭੈਂਸ ਅੱਗੇ ਬੀਨ ਦੀ ਕੀ ਵੱਟੀ ਜਾਣੀ ਸੀ? ਉਹਨੂੰ ਜਾਪਿਆ, ਜੇ ਉਹਨੇ ਆਪਣੀ ਭੈਰਵੀ ਦੀ ਕੋਈ ਸੁਰ ਛੁਹੀ ਤਾਂ ਸਾਹਮਣੇ ਤਣਿਆ 'ਦੀਪਕ' ਰਾਗ ਉਹਨੂੰ ਆਪਣੇ ਅੰਗਾਰਿਆਂ ਨਾਲ ਧੁਆਂਖ ਕੇ ਰੱਖ ਦੇਵੇਗਾ।

ਸੂਬੇ ਦਾ ਇਕ ਬੜਾ ਸੀਨੀਅਰ ਤੇ ਸਾਊ ਆਈ.ਜੀ. ਉਹਦਾ ਦੋਸਤ ਸੀ। ਪਲ ਭਰ ਲਈ ਉਹਦੇ ਜੀਅ ਵਿਚ ਆਇਆ ਕਿ ਉਹ ਹਰਦੀਪ ਸਿੰਘ ਨਾਲ ਉਸ ਨਾਲ ਆਪਣੀ ਦੋਸਤੀ ਦਾ ਜ਼ਿਕਰ ਛੇੜੇ। ਉਸ ਤੋਂ ਉਹਨੂੰ ਟੈਲੀਫੋਨ ਕਰਨ ਦੀ ਇਜਾਜ਼ਤ ਮੰਗੇ। ਉਹ ਹਰਦੀਪ ਸਿੰਘ ਵੱਲ ਕੋਈ ਗੱਲ ਕਰਨ ਲਈ ਝਾਕਿਆ ਵੀ। ਪਰ ਇਨ੍ਹਾਂ ਦੇ ਆਲ੍ਹਣੇ ਵਿਚੋਂ ਮਾਸ ਦੀ ਮੁਰਾਦ ਕਰਨ ਦਾ ਕੋਈ ਮਤਲਬ ਉਹਨੂੰ ਨਜ਼ਰ ਨਾ ਆਇਆ। ਹੋ ਸਕਦਾ ਹੈ, ਹਰਦੀਪ ਸਿੰਘ ਅੱਗੋਂ ਉਹਨੂੰ ਕੱਬਾ ਬੋਲੇ! ਗਾਲੀ ਦੁਪੜ ਹੀ ਕਰ ਦੇਵੇ। ਕੌਣ ਜਾਣੇ? ਉਹਨੇ ਚੁੱਪ ਧਾਰਨੀ ਹੀ ਬਿਹਤਰ ਸਮਝੀ। ਮੇਜ਼ 'ਤੇ ਪਏ ਟੈਲੀਫੋਨ ਦਾ ਚੌਂਗਾ ਉਹਨੂੰ ਖੜੱਪੇ ਸੱਪ ਦੇ ਫਣ ਵਾਂਗ ਸਿਰ ਚੁੱਕਦਾ ਨਜ਼ਰ ਆਇਆ। ਕੌਣ ਸੱਪ ਦੀ ਸਿਰੀ ਨੂੰ ਹੱਥ ਲਾਉਣ ਦੀ ਹਿੰਮਤ ਕਰੇ!

"ਸਰਦਾਰ ਜੀ, ਕਾਨੂੰਨ ਸਾਰਿਆਂ ਲਈ ਬਰਾਬਰ ਹੁੰਦਾ। ਅਹੁ ਜਿਨ੍ਹਾਂ ਨੂੰ ਹੁਣੇ ਹਵਾਲਾਤ ਵਿਚ ਭੇਜਿਆ, ਸਾਡੇ ਲਈ ਉਹ ਵੀ ਓਨੇ ਹੀ ਬਾਇੱਜ਼ਤ ਸ਼ਹਿਰੀ ਨੇ।"

ਹਰਦੀਪ ਸਿੰਘ ਦੇ 'ਕਾਨੂੰਨ ਦੇ ਸਾਹਮਣੇ ਬਰਾਬਰੀ' ਤੇ 'ਕਾਨੂੰਨ ਦੇ ਰਾਜ' ਦੇ ਉੱਚ ਪਾਏ ਦੇ ਸੰਕਲਪਾਂ ਦੀ ਉਲੰਘਣਾ ਕਰਨ ਦੀ ਸਰੂਪ ਹਰਦੀਸ਼ ਦੀ ਕੀ ਪਰੋਖੇ ਹੋ ਸਕਦੀ ਸੀ?

"ਮੁਣਸ਼ੀ ਕੱਟ ਵਾਈ ਚਲਾਨ ਇਨ੍ਹਾਂ ਦਾ ਵੀ।"

ਮੁਣਸ਼ੀ ਦੇ ਮਨ ਵਿਚ ਸ਼ਾਇਦ ਕੋਈ ਦੁਚਿੱਤੀ ਸੀ, ਜਾਂ ਉਹ ਉਂਝ ਹੀ ਜ਼ਰਾ ਬੇਧਿਆਨਾ ਜਿਹਾ ਬੈਠਾ ਸੀ।

"ਮੇਰੇ ਵੱਲ ਬਿਤਰ ਬਿਤਰ ਦੀ ਝਾਕੀ ਜਾਨਾਂ, ਚਲਾਨ ਕੱਟ।" ਹਰਦੀਪ ਸਿੰਘ ਗੁਸੈਲ਼ੀ ਜ਼ਬਾਨ ਵਿਚ ਗਰਜਿਆ।

ਡਡਿਆਏ ਮੱਟੂ ਦੀ ਇਕ ਦਮ ਲੇਰ ਨਿਕਲ ਗਈ। ਕੋਲ਼ ਖੜ੍ਹੇ ਸਿਪਾਹੀ ਨੇ ਉਹਨੂੰ ਚੁੱਕ ਕੇ ਵਰਾਉਣ ਦੀ ਕੋਸ਼ਿਸ਼ ਕੀਤੀ।

"ਇਹ ਕੀ ਕਰਨ ਡਿਹੋਂ ਉਹ ਬਲੰਤਿਆ, ਤੈਨੂੰ ਪਤਾ ਨਹੀਂ ਮੁਲਜ਼ਿਮ ਨਾਲ ਕਿਵੇਂ ਪੇਸ਼ ਆਈਦਾ?"

ਸਿਪਾਹੀ ਦੇ ਮੋਢੇ ਨਾਲ ਚੰਬੜੇ ਮੱਟੂ ਨੂੰ ਸਰੂਪ ਨੇ ਆਪਣੀ ਢਾਕੇ ਲਾਇਆ। ਹਰਦੀਪ ਸਿੰਘ ਦੇ ਦੀਵੇ ਦੀ ਲਾਟ ਜ਼ਰਾ ਜ਼ਿਆਦਾ ਹੀ ਸੀਖੀ ਜਾ ਕੇ ਧੂੰਏਂਧਾਰ ਰੂਪ ਅਖ਼ਤਿਆਰ ਕਰ ਰਹੀ ਸੀ। ਸਰੂਪ ਦਾ ਮਸਾਂ ਮਸਾਂ ਸਾਂਭ ਕੇ ਰੱਖਿਆ ਬੰਨ੍ਹ ਟੁੱਟਣਹਾਰਾ ਹੋ ਕੇ ਟੁੱਟ ਹੀ ਗਿਆ ਸੀ।

"ਸਰਦਾਰ ਜੀ ਕਸੂਰ ਕੀਤਾ ਅਸੀਂ, ਇਸ ਬੱਚੇ ਤੋਂ ਕਿਹੜੀ ਖੁਨਾਮੀ ਹੋਈ ਹੈ? ਇਹ ਕਿਹੜੇ ਕਾਨੂੰਨ ਦੀ ਧਾਰਾ ਅਨੁਸਾਰ ਮੁਲਜ਼ਿਮ ਹੋ ਗਿਆ?" ਉਹਦੇ ਬੋਲਾਂ ਵਿਚਲੀ ਸੁਭਾਵਿਕ ਰੜਕ ਮੁੜ ਆਈ ਸੀ।

ਹਰਦੀਪ ਸਿੰਘ ਦੀ ਬੜ੍ਹਕ ਨੂੰ ਛਿੱਕਲ਼ੀ ਪੈ ਗਈ ਲਗਦੀ ਸੀ। ਉਹ ਸ਼ਾਇਦ ਜੋਸ਼ ਦੀ ਬਹੁਤੀ ਹੀ ਨੁਮਾਇਸ਼ ਕਰ ਬੈਠਾ ਸੀ। ਗ਼ਲਤ ਪੈਰੋਂ ਫੜਿਆ ਜਾਣ ਕਾਰਨ ਉਹਨੂੰ ਕੋਈ ਉੱਤਰ ਨਹੀਂ ਸੀ ਅਹੁੜ ਰਿਹਾ।

ਸਰੂਪ ਨੇ ਤੱਤੇ ਤੱਤੇ ਘਾਹ ਹੀ ਸੱਟ ਮਾਰਨੀ ਬਿਹਤਰ ਸਮਝੀ, "ਆਹ ਨੇੜੇ ਹੀ ਹੈ ਮੇਰਾ ਘਰ, ਐਚ 165, ਬੱਚੇ ਨੂੰ ਘਰ ਛੱਡ ਕੇ ਆਉਣ ਦੀ ਇਜਾਜ਼ਤ ਦਿਓ ਤਾਂ ਬੜੀ ਮਿਹਰਬਾਨੀ, ਮੈਂ ਮੁੜ ਆਵਾਂਗਾ, ਹੁਣੇ ਪਿਛਲੇ ਪੈਰੀਂ।"

"ਨਾਲ ਜਾਓ ਓਇ ਦੋਨੋਂ ਜਣੇ, ਛੱਡ ਆਓ ਮੁੰਡੇ ਨੂੰ ਘਰ। ਛੇਤੀ ਮੁੜਿਓ।" ਹਰਦੀਪ ਨੇ ਸਿਪਾਹੀਆਂ ਨੂੰ ਤਾੜਨਾ ਕੀਤੀ।

ਹਰਦੀਪ ਸਿੰਘ ਕੋਲ਼ ਸ਼ਾਇਦ ਇਸ ਬੇਨਤੀ ਨੂੰ ਟਾਲਣ ਲਈ ਕੋਈ ਚਾਰਾ ਨਹੀਂ ਸੀ ਰਿਹਾ।

ਬੂਹੇ ਬਾਹਰ ਲੱਗੀ ਘੰਟੀ ਖੜਕਾਈ ਤਾਂ ਅੰਦਰੋਂ ਦੋਹਾਂ ਟੱਬਰਾਂ ਦੇ ਜੀਅ ਬਾਹਰ ਵਿਹੜੇ ਵਿਚ ਆ ਗਏ। ਜਾਲੀਦਾਰ ਜੀਪ ਵਿਚੋਂ ਪੁਲਸੀਆਂ ਮਗਰ ਸਰੂਪ ਤੇ ਮੱਟੂ ਨੂੰ ਉੱਤਰਦਿਆਂ ਦੇਖ ਕੇ ਉਨ੍ਹਾਂ ਸਭਨਾਂ ਦੀਆਂ ਜੀਭਾਂ ਤਾਲੂਏ ਲੱਗ ਗਈਆਂ ਸਨ।

"ਕੋਈ ਨੀ ਪੁੱਤ, ਕੁਛ ਨੀ ਹੋਇਆ। ਸਾਡਾ ਡਬਲ ਰਾਈਡਿੰਗ ਕਰ ਕੇ ਚਲਾਨ ਹੋ ਗਿਆ। ਮੈਂ ਮੱਟੂ ਨੂੰ ਛੱਡਣ ਆਇਆਂ। ਹਰਦੀਸ਼ ਠਾਣੇ ਹੈ। ਮੈਂ ਵੀ ਇਨ੍ਹਾਂ ਦੇ ਨਾਲ ਹੁਣੇ ਮੁੜਨਾ।"

"ਸਰਦਾਰ ਜੀ ਤੁਸੀਂ ਇਕ ਮਿੰਟ ਜ਼ਰਾ ਡਰਾਇੰਗ ਰੂਮ ਵਿਚ ਬੈਠੋ, ਮੈਂ ਹੁਣੇ ਕੁਰਤਾ ਪਾਜਾਮਾ ਪਾ ਕੇ ਆਇਆ।"

"ਚਾਹ ਬਣਾਓ, ਪੁੱਤ ਇਨ੍ਹਾਂ ਲਈ।"

"ਨਹੀਂ ਜੀ ਚਾਹ ਰਹਿਣ ਦਿਓ।" ਸਿਪਾਹੀ ਘਰ ਦਾ ਸਮੁੱਚਾ ਸਲੀਕੇ ਵਾਲਾ ਸ਼ਰੀਫ਼ਾਨਾ ਜਿਹਾ ਮਾਹੌਲ ਦੇਖ ਕੇ ਆਪਣੇ ਆਪ ਵਿਚ ਹੀ ਛਿੱਥੇ ਜਿਹੇ ਪਏ ਹੋਏ ਸਨ।

"ਆਪਾਂ ਛੇਤੀ ਚੱਲੀਏ, ਜੀ ਉਹ 'ਡੀਕਦੇ ਹੋਣੇ ਨੇ।"

"ਚੰਗਾ, ਮੈਂ ਹੁਣੇ ਆਇਆ।"

ਅੰਦਰ ਆ ਕੇ ਸਰੂਪ ਨੇ ਕੱਪੜੇ ਬਦਲੇ। ਗੁੱਟੋਂ ਘੜੀ ਲਾਹੀ।

ਹਰਦੀਸ਼ ਲਈ ਕੁਰਤਾ ਪਜਾਮਾ ਤੇ ਰਾਤ ਨੂੰ ਉੱਪਰ ਲੈਣ ਲਈ ਦੋ ਖੇਸੀਆਂ ਕਢਵਾਈਆਂ।

ਸਾਰਾ ਟੱਬਰ ਹੈਰਾਨੀ ਦੀ ਮੂਰਤ ਬਣਿਆ ਦੁਆਲੇ ਖੜ੍ਹਾ ਸੀ।

"ਅੱਛਾ ਤੁਸੀਂ ਏਦਾਂ ਕਰੋ। ਉਹ ਐੱਮ.ਐੱਲ.ਏ. ਗਰੇਵਾਲ ਸਾਹਿਬ ਮਿਲੇ ਸਨ ਨਾ ਆਪਾਂ ਨੂੰ ਪੰਜਾਬੀ ਭਵਨ ਵਿਚ, ਉਨ੍ਹਾਂ ਨੂੰ ਫੋਨ ਕਰ ਦਿਓ। ਸ਼ਾਇਦ ਹਾਲੇ ਵੀ ਰੇਖ ਵਿਚ ਮੇਖ ਵੱਜ ਹੀ ਜਾਵੇ। ਨਹੀਂ ਤਾਂ ਕੱਲ੍ਹ ਨੂੰ ਸਾਡੀ ਜ਼ਮਾਨਤ ਦਾ ਬੰਦੋਬਸਤ ਕਰ ਲਿਓ।" ਸਾਰੀਆਂ ਤਾਕੀਦਾਂ ਸਰੂਪ ਇਕੋ ਸਾਹੇ ਕਰ ਗਿਆ।

"ਚਲੋ ਬਾਈ ਜੀ, ਚੱਲੀਏ।"

ਸਿਪਾਹੀ ਪਹਿਲਾਂ ਹੀ ਮੁੜਨ ਨੂੰ ਕਾਹਲੇ ਸਨ।

ਵਾਪਿਸ ਠਾਣੇ ਆਏ ਤਾਂ ਹਰਦੀਸ਼ ਉਸੇ ਬੈਂਚ 'ਤੇ ਬੈਠਾ ਸੀ। ਮੁਣਸ਼ੀ ਚਲਾਨ ਦੇ ਕਾਗ਼ਜ਼ ਤਿਆਰ ਕਰ ਬੈਠਾ ਸੀ। ਉਨ੍ਹਾਂ ਇਕ ਦੋ ਥਾਈਂ ਉਨ੍ਹਾਂ ਦੇ ਦਸਤਖ਼ਤ ਕਰਵਾਏ। ਉੱਥੇ ਖੜ੍ਹਿਆਂ ਖੜ੍ਹਿਆਂ ਹੀ ਗਰੇਵਾਲ ਸਾਹਿਬ ਦਾ ਪੀ.ਏ. ਆ ਹਾਜ਼ਿਰ ਹੋਇਆ। ਸਰੂਪ ਨੂੰ ਫ਼ਤਿਹ ਬੁਲਾ ਕੇ ਉਹਨੇ ਹਰਦੀਪ ਸਿੰਘ ਹੋਰਾਂ ਨਾਲ ਕੋਈ ਖੁਸਰ ਮੁਸਰ ਕੀਤੀ।

"ਹੁਣ ਕੁਝ ਨਹੀਂ ਹੋ ਸਕਦਾ। ਹੁਣ ਤਾਂ ਚਲਾਨ ਕੱਟਿਆ ਜਾ ਚੁੱਕਾ। ਸਵੇਰੇ ਜ਼ਮਾਨਤਾਂ ਹੀ ਕਰਾਉਣੀਆਂ ਪੈਣਗੀਆਂ।"

"ਅੱਜ ਤਾਂ ਰਾਤ ਹਵਾਲਾਤ ਵਿਚ ਹੀ ਕੱਟਣੀ ਪਊ ਹਰਦੀਸ਼ ਸਿੰਹਾਂ।"

"ਚਲੋ ਕੋਈ ਨੀ– ਵਿਚਾਰਾ ਮੱਟੂ ਤਾਂ ਰਮਾਨ ਨਾਲ ਘਰ ਸਊਂ। ਉੱਦਾਂ ਭਾਅ ਜੀ, ਥਾਣੇਦਾਰ ਹੈ ਨੇਮ-ਕਾਨੂੰਨ ਦਾ ਪੂਰਾ। ਸਿਫਾਰਿਸ਼ ਵੀ ਨੀ ਮੰਨੀ।"

"ਹਾਂ, ਪਰ ਇਸ ਨੇਮ-ਕਾਨੂੰਨ ਦਾ ਨਜ਼ਲਾ ਡਿਗਦਾ ਸਦਾ ਧਮਾਤੜਾਂ 'ਤੇ ਹੀ ਹੈ। ਪਰ ਚਲੋ, ਉਹ ਜਾਣੇ। ਕੋਈ ਹੋਰ ਫਸਿਆ ਹੁੰਦਾ ਤਾਂ ਬਾਹਰੋਂ ਸੌ ਸਬੀਲਾਂ ਕਰ ਸਕਦੇ ਸਾਂ। ਪਰ ਅੱਜ ਤਾਂ ਉਹ ਗੱਲ ਹੋਈ, ਅਖੇ, ਆਪੇ ਫਾਥੜੀਏ ਤੈਨੂੰ ਕੌਣ ਛੁਡਾਏ?"

"ਹਾਂ ਜੀ, ਗੰਗਾ ਰਾਮ ਕੀ ਸਮਝ ਮੇਂ ਨਾ ਆਏ।"

"ਚੱਲ ਫੇਰ ਗੰਗਾ ਰਾਮਾ ਚੱਲੀਏ ਪਿੰਜਰੇ ਵਿਚ।"

"ਅੱਜ ਤਾਂ ਕੈਦ ਮੇਂ ਹੈ ਬੁਲਬੁਲ ਵਾਲੀ ਗੱਲ ਹੋ ਗਈ।"

"ਚੱਲ ਚਲੇ ਚੱਲੀਏ ਲੌਂਦੀ ਝੌਂਦੀ ਲੈ ਕੇ, ਮਤੇ ਸਈਆਦ ਨੇ ਸੁਣ ਲਿਆ ਤਾਂ ਹੋਰ ਵੀ ਜਾਹ ਜਾਂਦੀ ਦੀ ਹੋ ਜਾਊ।"

ਉਹ ਦੋਨੋਂ ਹਵਾਲਾਤ ਵੱਲ ਜਾਂਦੇ ਹੋਏ, ਲਫ਼ਜ਼ੀ ਚੁਹਲਬਾਜ਼ੀ ਨਾਲ ਇਕ ਦੂਜੇ ਦਾ ਚਿੱਤ ਪਰਚਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਹਵਾਲਾਤ ਦਾ ਸੀਖਦਾਰ ਬੂਹਾ ਖੁੱਲ੍ਹਿਆ, ਅੰਦਰ ਜ਼ੀਰੋ ਦੇ ਮਿਟਿਆਲੇ ਜਿਹੇ ਬਲਬ ਦੀ ਮੱਧਮ ਜਿਹੀ ਰੌਸ਼ਨੀ ਹਨੇਰਾ ਦੂਰ ਕਰਨ ਦੀ ਤਗਦੌ ਕਰਦੀ ਹਾਫਲੀ ਪਈ ਸੀ। ਦੱਬੇ ਦੱਬੇ ਪੈਰੀਂ ਉਹ ਦੋਨੋਂ ਅੰਦਰ ਵੜੇ, ਬਾਹਰੋਂ ਸੰਤਰੀ ਨੇ ਤਾਲਾ ਮਾਰਦਿਆਂ ਕਿਹਾ, "ਚੰਗਾ ਸਰਦਾਰ ਜੀ।" ਪਤਾ ਨਹੀਂ, ਉਹਦੇ ਸ਼ੁਭ ਰਾਤਰੀ ਕਹਿਣ ਦੇ ਇਸ ਅੰਦਾਜ਼ ਵਿਚ ਕੋਈ ਸ਼ਰਮਿੰਦਗੀ ਸੀ, ਜਾਂ ਮਜਬੂਰੀ ਵਿਚ ਮਿਲੀ ਤਨਜ਼ ਦੀ ਕੋਈ ਲੇਸ।

"ਚੰਗਾ ਬਾਈ ਸਿਹਾਂ।" ਹਰਦੀਸ਼ ਨੇ ਸਰਸਰੀ ਜਿਹੀ ਹੁੰਗਾਰਾ ਭਰ ਕੇ ਸਰੂਪ ਨਾਲ ਝੇਪਵੀਂ ਜਿਹੀ ਨਜ਼ਰ ਮਿਲਾਉਂਦਿਆਂ ਕਿਹਾ।

"*ਦੋ ਸਿਤਾਰੋਂ ਕਾ ਹੈ ਜ਼ਮੀਨ ਪਰ ਮਿਲਨ...*।"

"ਬੜੇ ਜੱਭ 'ਚ ਪਾਇਆ ਭਾਅ ਜੀ ਤਹਾਨੂੰ ਅੱਜ।" ਹਰਦੀਸ਼ ਦੀ ਸੁਰ ਅਚਾਨਕ ਉਦਾਸੀ ਵਾਲੀ ਹੋ ਗਈ ਸੀ।

"ਨਾ ਭਾਈ ਹਰਦੀਸ਼ ਏਦਾਂ ਨਾ ਕਹਿ, ਤੇਰੇ ਵੱਸ ਹੋਵੇ, ਤੂੰ ਤਾਂ ਤੱਤੀ ਵਾਅ ਨਾ ਲੱਗਣ ਦੇਵੇ ਮੈਨੂੰ। ਮੇਰੇ ਵੱਸ ਹੋਵੇ ਤਾਂ ਤਲੀਆਂ ਧਰਦਾ ਰਹਾਂ ਸਾਰੀ ਉਮਰ ਤੇਰੇ ਪੈਰਾਂ ਹੇਠ। ਇਹ ਤਾਂ ਜੋ ਵੀ ਭਾਣਾ ਵਰਤਿਆ, ਅਚਿੰਤੇ ਬਾਜ ਪੈਣ ਵਾਂਗ ਵਰਤਿਆ। ਐਵੇਂ ਮਨ ਨਾ ਭੈੜਾ ਪਾ। ਅੱਖ ਮੀਟੀ ਰਾਤ ਘੜੀਸੀ।"

"ਉਹ ਤਾਂ ਤੁਹਾਡੀ ਗੱਲ ਠੀਕ ਆ। ਪਰ ਅੱਖ ਲੱਗਣੀ ਕਿੱਦਾਂ ਹੈ, ਇਸ ਨ੍ਹੇਰ ਕੋਠੜੀ ਵਿਚ।"

ਗੱਲਾਂ ਦੀ ਆਵਾਜ਼ ਸੁਣ ਕੇ ਇਕ ਖੂੰਜੇ ਪਏ ਦੋ ਪਰਛਾਵੇਂ ਜਿਹਾਂ ਨੇ ਉਸਲਵੱਟੇ ਲਏ। ਧਿਆਨ ਲਾ ਕੇ ਦੇਖਿਆ ਤਾਂ ਵਿਚਾਰਾ ਟੁੰਡੀਲਾਟ ਆਪਣੀ ਭੱਜੀ ਬਾਂਹ ਛਾਤੀ ਨੂੰ ਲਾਈ ਹਉਕੇ ਭਰ ਰਿਹਾ ਸੀ। ਕੋਲ਼ ਹੀ ਉਹਦੀ ਬੇੜੀ ਦਾ ਮੁਹਾਣਾ ਪਿਆ ਸੀ। ਦੋਵੇਂ ਹਾਲ ਦੀ ਘੜੀ ਤਾਂ ਘੁੰਮਣਘੇਰੀ ਜਿਹੀ ਵਿਚ ਹੀ ਫਾਥੇ ਪਏ ਸਨ।

ਹਰਦੀਸ਼ ਨੇ ਉਨ੍ਹਾਂ ਦੇ ਕੋਲ਼ ਹੀ ਪਈ ਤਰਪਾਲ ਨੂੰ ਫਰਸ਼ 'ਤੇ ਸਵਾਹਰਿਆਂ ਕਰਨ ਲਈ ਕੰਨੀ ਸਰਕਾਈ ਤਾਂ ਚੂਹਿਆਂ ਦੀ ਹੇੜ ਹਰਲ ਹਰਲ ਕਰਦੀ ਦੂਜੇ ਕੋਨੇ ਵਿਚ ਓਟਾ ਬਣਾ ਕੇ ਬਣਾਈ ਟੱਟੀ ਵੱਲ ਭੱਜ ਖਲੋਈ। ਕਮਰਾ ਬੋਅ ਨਾਲ ਡਾਡਾਂ ਮਾਰਦਾ ਸੀ।

ਉਨ੍ਹਾਂ ਤਰਪਾਲ ਘਸੀਟ ਕੇ ਚੂਹਿਆਂ ਦੇ ਆਰਾਮ ਕਰਨ ਲਈ ਦੂਜੇ ਕੋਨੇ ਵਿਚ 'ਕੱਠੀ ਕਰ ਦਿੱਤੀ ਤੇ ਘਰੋਂ ਲਿਆਂਦੀਆਂ ਖੇਸੀਆਂ ਵਿਛਾ ਕੇ ਉਨ੍ਹਾਂ ਉਪਰ ਟੇਢੇ ਹੋ ਗਏ। ਪਤਾ ਨਹੀਂ ਉਸੱਲਵੱਟੇ ਲੈਂਦਿਆਂ ਦੀ ਦੇਰ ਰਾਤ ਗਈ ਕਦ ਅੱਖ ਲੱਗੀ।

ਸਵੇਰੇ ਸਰੂਪ ਦੀ ਅੱਖ ਖੁੱਲ੍ਹੀ ਤਾਂ ਹਰਦੀਸ਼ ਪਹਿਲੋਂ ਹੀ ਜਾਗ ਰਿਹਾ ਸੀ। ਉਹਨੇ ਸੰਤਰੀ ਨੂੰ ਪੈਸੇ ਦੇ ਕੇ ਚਾਹ ਲਿਆਉਣ ਦੀ ਪਹਿਲਾਂ ਹੀ ਫਰਮਾਇਸ਼ ਪਾਈ ਹੋਈ ਸੀ।

"ਕਿੱਦਾਂ ਜੀ, ਨੀਂਦ ਆਈ ਕੁਛ।"

"ਹਾਂ, ਲੱਗ ਈ ਗਈ ਸੀ ਅੱਖ। ਐਵੇਂ ਨੀ ਕਹਿੰਦੇ ਹੁੰਦੇ ਕਿ ਨੀਂਦ ਤਾਂ ਕੰਡਿਆਂ 'ਤੇ ਵੀ ਆ ਜਾਂਦੀ ਆ।"

"ਭਾਅ ਜੀ ਦੇਖੋ, ਇਹ ਮਾਡਲ ਥਾਣਾ। ਇਮਾਰਤ ਨਵੀਂ ਹੈ ਪਰ ਅੰਦਰ ਦੀ ਹਾਲਤ। ਤੋਬਾ ਕਰਾ'ਤੀ, ਇਕੋ ਰਾਤ ਦੀ ਸਰਕਾਰੀ ਪ੍ਰਾਹੁਣਚਾਰੀ ਨੇ।"

ਗਵਾਂਢੀ ਢਾਬੇ ਵਾਲਾ ਮੁੰਡਾ ਸੀਖਾਂ ਵਿਚੀਂ ਚਾਰ ਗਲਾਸ ਚਾਹ ਦੇ ਅੰਦਰ ਅੱਪੜਦੇ ਕਰ ਗਿਆ। ਬਾਕੀ ਬਚਦੇ ਪੈਸੇ ਮੁੰਡੇ ਨੂੰ ਸ਼ੁਕਰਾਨੇ ਵਜੋਂ ਕੋਲ ਰੱਖਣ ਲਈ ਹੀ ਬੇਨਤੀ ਕਰ ਦਿੱਤੀ ਸੀ। ਨਾਂਹ ਨਾਂਹ ਕਰਦਿਆਂ ਨੂੰ ਹਰਦੀਸ਼ ਨੇ ਆਪਣੇ ਦੂਜੇ ਹਵਾਲਾਤੀ ਭਰਾਵਾਂ ਨੂੰ ਚਾਹ ਦੇ ਦੋ ਗਲਾਸ ਥੰਮਾ ਦਿੱਤੇ ਸਨ।

"ਪੀਓ ਯਾਰ, ਹੁਣ ਤੁਹਾਡੇ ਨਾਲ ਕਾਣਾ ਵੰਡਾ ਕਰਦੇ ਚੰਗੇ ਲਗਦੇ ਹਾਂ।"

ਚਾਹ ਦੇ ਦੋ ਘੁੱਟ ਭਰੇ ਹੀ ਸਨ ਕਿ ਦਰਵਾਜ਼ੇ ਦੇ ਬਾਹਰ ਖੜ੍ਹਾ ਸ਼ਰਾਰਤੀ ਹਾਸਾ ਹੱਸਦਾ ਅਸ਼ਵਨੀ ਨਜ਼ਰ ਆਇਆ।

"ਕਿੱਦਾਂ ਭਾਅ ਜੀ, ਬੈੱਡ ਟੀ ਪੀਨੇ ਪਏ ਓਂ!"

ਬਾਹਰਲੇ ਦਰਵਾਜ਼ੇ ਦੀਆਂ ਸਲਾਖਾਂ ਫੜੀ ਕੱਕੇ ਵਾਲ਼ਾਂ ਵਾਲਾ ਨਾਟਕ ਨਿਰਦੇਸ਼ਕ ਅਸ਼ਵਨੀ ਮੁੱਛਾਂ ਵਿਚੋਂ ਸ਼ਰਾਰਤੀ ਮੁਸਕਰਾਹਟ ਦੀਆਂ ਫੁਹਾਰਾਂ ਛੱਡ ਰਿਹਾ ਸੀ।

"ਕਿੱਦਾਂ ਓ ਪਤੰਦਰਾ।" ਭੰਬਤਰੇ ਹੋਏ ਸਰੂਪ ਦੇ ਮੂੰਹੋਂ ਸਿਰਫ਼ ਇਹੀ ਸ਼ਬਦ ਮਸਾਂ ਨਿਕਲ ਸਕੇ ਸਨ।

"ਕਿੱਦਾਂ ਕੀ ਭਾਅ ਜੀ, ਜਨੇਤੇ ਨੀ ਜਾਣਾ।"

"ਓ ਤੇਰੇ ਦੀ, ਅੱਜ ਤੇ ਤੇਰਾਂ ਅਪਰੈਲ ਹੈ, ਵਸਾਖੀ ਵਾਲਾ ਦਿਨ। ਓਹ ਤੇਰੇ ਤਾਂ ਵਿਆਹ ਹੈ ਅੱਜ। ਮੈਨੂੰ ਤਾਂ ਇਸ ਗਧੀ ਗੇੜ ਵਿਚ ਚੇਤਾ ਹੀ ਭੁੱਲ ਗਿਆ ਸੀ।"

"ਦੇਖ ਲਓ ਫੇਰ ਭਾਅ ਜੀ, ਚੰਗੀ ਗੱਲ ਨੀ ਏਹ, ਛੋਟੇ ਭਾਈ ਦਾ ਵਿਆਹ ਕੋਈ ਰੋਜ਼ ਰੋਜ਼ ਨੀ ਹੋਣਾ ਤੇ ਤੁਸੀਂ ਇੱਥੇ ਘੋੜੇ ਵੇਚ ਕੇ ਲੰਮੀਆਂ ਤਾਣੀ ਪਏ ਓ।"

ਹਰਦੀਸ਼ ਤੇ ਸਰੂਪ ਦੋਨੋਂ ਉੱਠ ਕੇ ਗੇਟ ਕੋਲ ਆਏ। ਅਸ਼ਵਨੀ ਨੇ ਦੋਹਾਂ ਨਾਲ ਹੱਥ ਮਿਲਾਉਣ ਲਈ ਆਪਣੇ ਦੋਨੋਂ ਹੱਥ ਅੰਦਰ ਲੰਘਾਏ ਹੋਏ ਸਨ।

"ਕਿੱਦਾਂ ਫੇਰ ਕੀਤਾ ਕੋਈ ਜੁਗਾੜ।"

"ਹੋਰ ਕੀ? ਕਰਨਾ ਨ ਸੀ?"

"ਬੱਲੇ ਓਏ ਤੇਰੇ ਕੌਮਾਂਤਰੀ ਜੁਗਾੜੀਆ। ਤੈਨੂੰ ਪਤਾ ਕਿੱਦਾਂ ਲੱਗਾ।"

"ਮੈਨੂੰ ਤਾਂ ਭਾਅ ਜੀ ਸਵੇਰੇ ਐਵੇਂ ਬੈਠੇ ਬੈਠੇ ਨੂੰ ਖਿਆਲ ਆ ਗਿਆ। ਤੁਹਾਨੂੰ ਤਾਂ ਵਿਆਹ ਦਾ ਪਤਾ ਹੀ ਸੀ। ਘਰ ਨੀ ਸੀ ਦੱਸ ਹੋਇਆ ਭੱਜ ਨੱਠ ਵਿਚ। ਮੈਂ ਕਿਹਾ, ਕਿਤੇ ਭਾਬੀ ਬੁੜ੍ਹੀਆਂ ਵਾਲੀ ਹੀ ਨ ਗੱਲ ਕਰੇ, ਪਈ ਮੈਨੂੰ ਤਾਂ ਕਿਹਾ ਹੀ ਨੀ। ਤੁਹਾਡਾ ਕੀ ਹੈ ਕਿਤੇ 'ਕੱਲੇ ਹੀ ਬਾਹਾਂ ਲਮਕਾਉਂਦੇ ਤੁਰੇ ਆਉਂਦੇ। ਘਰ ਗਿਆ ਤਾਂ ਅੱਗੋਂ ਤੁਹਾਡੇ ਸੀੜ੍ਹੀ ਸਿਆਪੇ ਦਾ ਪਤਾ ਲੱਗਾ।"

"ਫੇਰ?"

"ਫੇਰ ਕੀ, ਠਾਣੇ ਵਾਲੇ ਕਹਿਣ ਐੱਸ.ਡੀ.ਐੱਮ. ਦੇ ਜ਼ਮਾਨਤਾਂ ਹੋਣਗੀਆਂ। ਉਹਦੇ ਘਰੋਂ ਪਤਾ ਕੀਤਾ। ਅੱਜ ਛੁੱਟੀ ਸੀ। ਅਖੇ, ਜ਼ਮਾਨਤਾਂ ਤਾਂ ਡਿਊਟੀ ਮੈਜਿਸਟ੍ਰੇਟ ਕਰੂ।"

"ਲੱਭਾ ਫੇਰ ਡਿਊਟੀ ਮੈਜਿਸਟ੍ਰੇਟ?"

"ਮੈਂ ਕਿਹਾ ਉਹਨੂੰ ਲੱਭਣ ਦਾ ਖਲਜਗਣ ਕੀ ਕਰੂੰ।"

"ਫੇਰ?"

"ਫੇਰ ਕੀ, ਮੈਂ ਸਿੱਧਾ ਡੀ.ਸੀ. ਦੇ ਘਰ ਜਾ ਵੱਜਾ। ਭਾਅ ਜੀ ਐਵੇਂ ਅਫਸਰਾਂ ਨੂੰ ਮਿਲਣੋਂ ਵਰਜਦੇ ਰਹਿੰਦੇ ਓਂ। ਓਦਣ ਵਾਲੇ ਨਾਟਕ ਦੀ ਡੀ.ਸੀ. ਤੋਂ ਪ੍ਰਧਾਨਗੀ ਕਰਵਾਈ ਅੱਜ ਵੇਲ਼ੇ 'ਤੇ ਬਹੁੜੀ। ਨਹੀਂ ਤਾਂ ਵਾੜ ਵਿਚ ਫਸੇ ਬਿੱਲੇ ਵਾਂਗ ਅੰਦਰੇ ਬਿਤਰ ਬਿਤਰ ਝਾਕਦੇ ਰਹਿੰਦੇ।"

"ਓ ਨਹੀਂ ਰੀਸਾਂ ਤੇਰੀਆਂ ਲਛਮਣ ਬੀਰ ਦੀਆਂ।"

"ਲਛਮਣ ਕਿੱਥੇ ਜੀ, ਅੱਜ ਤਾਂ ਭੰਬੀਰੀ ਹੋਏ ਹਨੂੰਮਾਨ ਵਾਂਗ ਪੂਛ ਤੁੜਾਉਣੀ ਪਈ। ਉੱਤੋਂ ਚੜ੍ਹਨਾ ਜੰਝੇ ਲਾੜਾ ਬਣ ਕੇ! ਤੇ ਹੋਰ ਕੀ? ਡੀ.ਸੀ. ਕਹੇ, ਮੈਂ ਹੁਣੇ ਬੰਦਾ ਭੇਜ ਦਿੰਦਾਂ। ਤੂੰ ਤਿਆਰੀ ਕਰ ਘੋੜੀ ਚੜ੍ਹਨ ਦੀ।"

"ਫੇਰ?"

"ਮੈਂ ਕਿਹਾ, ਇਹ ਗੱਲ ਝੂਠੀ। ਹੁਣੇ ਕਰੋ ਫੂਨ ਥਾਣੇ। ਆਪਾਂ ਬਹਿ ਗਏ ਰਾਂਝੇ ਵਾਂਗ ਧੂਣੀ ਰਮਾ ਕੇ। ਮਗਰ ਭਰਾ ਨਾ ਹੋਣ ਹਾਥੀਆਂ ਵਾਂਗ ਮੇਲ੍ਹਦੇ ਆਉਂਦੇ, ਘੋੜੀ 'ਤੇ ਚੜ੍ਹਨ ਦਾ ਸੁਆਦ ਮੈਨੂੰ ਸੁਆਹ ਆਉਣਾ ਸੀ।"

"ਹੁਣ ਫੇਰ ਖੁਲ੍ਹਾ ਦੇ ਬੂਹੇ ਲੰਕਾ ਦੇ। ਪਾਈਏ ਧਾਈਆਂ ਅਯੁਧਿਆ ਵੱਲ। ਚੜ੍ਹੀਏ ਛੈਲ ਨੱਢਿਆਂ ਵਾਂਗ ਧਨੁਸ਼ਧਾਰੀ ਹੋ ਕੇ ਰਾਜਾ ਜਨਕ ਦੇ ਡੇਰੇ।"

"ਬੱਸ ਹੁਣ ਬਿੰਦ ਕੁ ਦੰਦਾਂ ਹੇਠ ਜੀਭ ਦਓ। ਹੁਣੇ ਠਾਣੇਦਾਰ ਆਉਂਦਾ ਘਰੋਂ। ਵਰਦੀਧਾਰੀ ਹੁੰਦਾ ਸੀ...।"

"ਪਹਿਲਾਂ ਤਾਂ ਫੋਨ 'ਤੇ ਮੁਣਸ਼ੀ ਕਹੇ ਜੀ ਜ਼ਮਾਨਤਾਂ ਤੋਂ ਬਿਨਾਂ ਨੀ ਛੁੱਟ ਸਕਦੇ। ਦਫ਼ਾ 188 ਦੇ ਮੁਲਜ਼ਮ ਨੇ।"

"ਇਹ ਦਫ਼ਾ 188 ਕੀ ਹੋਈ!"

"ਹੋਊਗੀ, ਆਪਾਂ ਕਿਹੜੀ ਵਕਾਲਤ ਕਰਨੀ ਆਂ। ਡੀ.ਸੀ. ਨੇ ਚਕਾ'ਤੇ ਚਹੁੰਟੇ ਟੈਲੀਫੋਨ

’ਤੇ। ਕਹਿੰਦਾ ਦਫ਼ਾ 188 ਵਿਚ ਬੱਝੇ ਛੁਡਾਉਣ ਲਈ ਆਪ ਆਵਾਂ ਸਾਰਾ ਅਮਲਾ ਫੈਲਾ ਲੈ ਕੇ। ਛੱਡੋ ਉਹਨਾਂ ਨੂੰ ਇਕ ਦਮ। ਮੈਂ ਡੈਪਟੀ ਕਮਿਸ਼ਨਰ ਬੋਲਦਾਂ। ਇਕ ਵਾਰ ਤਾਂ ਦੰਦਲ਼ ਪੈ ਗਈ ਪੁਲਸੀਏ ਨੂੰ। ਮਸਾਂ ਮੂੰਹ ਖੁੱਲ੍ਹਿਆ... ਮਮੈਂ ਜੀ ਹੁਣੇ ਖ਼ਬਰ ਕਰਦਾਂ ਐੱਸ.ਐੱਚ.ਓ. ਸਾਹਿਬ ਨੂੰ।”

ਸੰਤਰੀ ਨੇ ਹਵਾਲਾਤ ਦਾ ਬੂਹਾ ਖੋਲ੍ਹਿਆ। ਖੇਸੀਆਂ ਕੱਛੇ ਮਾਰੀ ਉਹ ਦੋਨੋਂ ਇਵੇਂ ਬਾਹਰ ਆਏ ਜਿਵੇਂ ਅਜ਼ਲਾਂ ਮਗਰੋਂ ਦਿਨ ਦਾ ਚਾਨਣ ਦੇਖਿਆ ਹੋਵੇ।

“ਜਾਮਾ ਤਲਾਸ਼ੀ ਸਟੋਰ ਕਰਨ ਦੇ ਹੁਕਮ ਲੈ ਆਇਓ, ਸਕੂਟਰ ਤਾਂ ਮਿਲੂ...।” ਠਾਣੇਦਾਰ ਹਰਦੀਪ ਸਿਘ ਦੀ ਤਾਕੀਦ ਅਣਸੁਣੀ ਜਿਹੀ ਕਰ ਕੇ ਉਹ ਅਸ਼ਵਨੀ ਦੀ ਜੀਪ ਵਿਚ ਜਾ ਚੜ੍ਹੇ। ਠਾਣੇਦਾਰ ਉਨ੍ਹਾਂ ਜਾਂਦਿਆਂ ਦੀਆਂ ਪਿੱਠਾਂ ਉਸ ਬੇਬੱਸ ਬਘਿਆੜ ਵਾਂਗ ਨਿਹਾਰ ਰਿਹਾ ਸੀ ਜਿਸ ਦੇ ਜਬ੍ਹਾੜੇ ਹੇਠ ਆਏ ਸ਼ਿਕਾਰ ਅਣਚਬਾਏ ਹੀ ਨਿਕਲ ਕੇ ਹਰਨ ਹੋ ਗਏ ਹੋਣ।

ਕਾਹਲ਼ੀ ਕਾਹਲ਼ੀ ਮੂੰਹ ਧੋ ਕੇ ਹੀ ਸਰੂਪ ਹਰਦੀਸ਼ ਤੇ ਉਨ੍ਹਾਂ ਦੇ ਪਰਿਵਾਰ ਅਸ਼ਵਨੀ ਦੀ ਜਨੇਤੇ ਚੜ੍ਹੇ। ਅਸ਼ਵਨੀ ਨੂੰ ਵੀ ਚੱਜ ਹਾਲ ਨਾਲ ਨਹਾਉਣ ਦਾ ਵਕਤ ਨਹੀਂ ਸੀ ਮਿਲਿਆ। ਪਰ ਸਭਨਾਂ ਦੇ ਚਿਹਰਿਆਂ ’ਤੇ ਮੋਰਚਾ ਜਿੱਤ ਕੇ ਆਏ ਸੰਗਰਾਮੀਆਂ ਵਾਲਾ ਜਲਾਲ ਠਾਠਾਂ ਮਾਰ ਰਿਹਾ ਸੀ। ਜੰਗਲ ਦੀ ਅੱਗ ਵਾਂਗ ਫੈਲੀ ਪ੍ਰੋਫੈਸਰ ਸਰੂਪ ਸਿੰਘ ਦੀ ਹਵਾਲਾਤੀ ਰਾਤ ਦੀ, ਜਨੇਤ ਦੀਆਂ ਥਾਹੋਂ-ਥਾਹੀਂ ਢਾਣੀਆਂ ਬੰਨ੍ਹ ਕੇ ਦਾਰੂ ਪੀਂਦੀਆਂ ਮਜਲਸਾਂ ਵਿਚ ਚਰਚਾ ਆਮ ਸੀ।

ਦੋ ਤਿੰਨਾਂ ਦਿਨਾਂ ਬਾਅਦ ਸਕੂਟਰ ’ਤੇ ਆਉਂਦੇ ਸਰੂਪ ਸਿੰਘ ਨੂੰ ਉਸੇ ਸਿਪਾਹੀ ਨੇ ਬੜੀ ਹਲੀਮੀ ਨਾਲ ਹੱਥ ਦਾ ਇਸ਼ਾਰਾ ਕਰ ਕੇ ਰੋਕਿਆ, “ਅਠਾਈ ਤਾਰੀਕ ਹੈ ਤੁਹਾਡੀ। ਗੁਪਤਾ ਸਾਹਿਬ ਦੀ ਕਚਹਿਰੀ ਵਿਚ।”

“ਕੱਚੀ ਜਿਹੀ ਪਰਚੀ ਬੋਝੇ ਵਿਚ ਪਾਉਂਦਿਆਂ ‘ਚੰਗਾ’ ਕਹਿ ਕੇ ਉਹਨੇ ਸਕੂਟਰ ਦੀ ਕੀਲੀ ਨੱਪ ਦਿੱਤੀ ਸੀ। ਹਰਦੀਸ਼ ਨੂੰ ਚਿੱਠੀ ਰਾਹੀਂ ਖ਼ਬਰ ਕਰ ਦਿੱਤੀ ਸੀ। ਮਿਥੇ ਦਿਨ ਉਹ ਦੋਵੇਂ ਗੁਪਤਾ ਸਾਹਿਬ ਦੀ ਕਚਹਿਰੀ ਵਿਚ ਦਸ ਵਜੇ ਹਾਜ਼ਰ ਹੋਏ। ਕਚਹਿਰੀ ਵਿਚ ਹਾਲੇ ਉੱਲੂ ਬੋਲ ਰਹੇ ਸਨ। ’ਵਾਜ ਮਾਰਨ ਵਾਲੇ ਚਪੜਾਸੀ ਤੋਂ ਲੱਗੇ ਮੁਕੱਦਮਿਆਂ ਦੀ ਤਫ਼ਸੀਲ ਪੁੱਛੀ। ਉਨ੍ਹਾਂ ਦੋਹਾਂ ਮੁਜਰਮਾਂ ਦੇ ਨਾਂ ਫਹਿਰਿਸਤ ਵਿਚ ਸ਼ਾਮਲ ਨਹੀਂ ਸਨ। ਅੱਧਾ ਕੁ ਘੰਟਾ ਬਾਅਦ ਆਏ ਸਟੈਨੋ ਨੂੰ ਪੁੱਛਿਆ। ਉਹਨੇ ਕਾਲ਼ੀ ਟ੍ਰੇਅ ਵਿਚ ਪਈਆਂ ਫਾਇਲਾਂ ਦੇ ਕਈ ਵਾਰ ਪੰਨੇ ਪਰਤੇ ਤੇ ਆਪਣੀ ਐਨਕ ਦੇ ਮੋਟੇ ਸ਼ੀਸ਼ਿਆਂ ਵਿਚੀਂ ਖਾਲੀ ਤੱਕਣੀ ਉਨ੍ਹਾਂ ਵੱਲ ਸੁੱਟੀ। ਉਹ ਦੋਨੋਂ ਸੁਰਖ਼ਰੂ ਜਿਹੇ ਹੋ ਕੇ ਕਚਹਿਰੀ ਵਿਚੋਂ ਬਾਹਰ ਆਏ। ਠਾਣੇਦਾਰ ਹਰਦੀਪ ਸਿੰਘ ਦੇ ਹੁਕਮ ਤੇ ਕਾਨੂੰਨ ਦਾ ਢਾਂਚਾ ਬਿਖ਼ਰ ਗਿਆ ਜਾਪਦਾ ਸੀ।

“ਹਰਦੀਸ਼, ਦਫ਼ਾ 188 ਦੀਆਂ ਤਣਾਵਾਂ ਤਾਂ ਢਿੱਲੀਆਂ ਪੈ ਗਈ ਜਾਪਦੀਆਂ ਨੇ। ਕੀ ਬਣੂ ਇਸ ਮੁਲਕ ਦੇ ਅਮਨ ਕਾਨੂੰਨ ਦਾ।”

“ਤੁਸੀਂ ਦਫ਼ਾ 188 ਦੀ ਚਿੰਤਾ ਵਿਚ ਹੀ ਫਸੇ ਪਏ ਓ। ਏਥੇ ਪੂਰੀ ਦੀ ਪੂਰੀ ਤਾਜੀਰਾਤਿ-ਹਿੰਦ ਦੇ ਬਖ਼ੀਏ ਉਧੜੇ ਪਏ ਨੇ। 188 ਕਿਹਦੀ ਪਾਣੀਹਾਰ ਏ। ਅਗਲਿਆਂ ਦਫ਼ਾ 302 ਨੂੰ ਮਾਈ ਬੁੱਢੀ ਦੇ ਝਾਟੇ ਵਾਂਗ ਖੱਖੜੀਆਂ ਖੱਖੜੀਆਂ ਕਰ ਕੇ ਖਿੰਡਾ ਛੱਡਿਆ।

ਹਰਦੀਸ਼ ਦੇ ਚਿਹਰੇ ’ਤੇ ਹਿਰਖ ਤੇ ਹਾਸੇ ਦਾ ਰਲ਼ਿਆ ਮਿਲ਼ਿਆ ਪ੍ਰਭਾਵ ਉੱਕਰਿਆ ਪਿਆ ਸੀ। 000

***(14745 - 69 Avenue, Surrey BC V3S 2C5 CANADA***
***Phone: 1-604- 671-7582***
***Email: sadhumadahar@gmail.com)***

# ਮੇਜਰ ਮਾਂਗਟ: ਕਹਾਣੀ: ਘੁੰਮਣਘੇਰ

ਸਟੀਲਜ਼ ਐਵੀਨਿਊ ਜੂੰ ਦੀ ਤੋਰ ਤੁਰ ਰਹੀ ਸੀ...। ਮੇਰਾ ਮਨ ਤੇਜ਼... ਬਹੁਤ ਤੇਜ਼।

ਕਿੰਦਰ ਦਾ ਫੋਨ ਮੇਰੀ ਕਾਰ ਦੀ ਡਿਸਪਲੇਅ ਸਕਰੀਨ 'ਤੇ ਉੱਘੜਿਆ ਤੇ ਰਿੰਗ ਵੱਜੀ।

ਫੋਨ ਆਪਣੇ ਆਪ ਬਲਿਊਟੂਥ ਨਾਲ ਜੁੜ ਗਿਆ। ਮੈਂ ਤੁਰੰਤ ਅੰਨਸਰ ਵਾਲਾ ਬਟਣ ਦਬਾਇਆ।

"ਕਿੱਥੇ ਕੁ ਪਹੁੰਚ ਗੇ? ਅਜੇ ਆਏ ਈ ਨੀ?"

"ਰਸ਼ ਆਵਰ ਵਿਚ ਫਸ ਗਏ ਆਂ। ਸਟੀਲ ਤਾਂ ਜਮਾ ਈ ਖੜ੍ਹੀ ਆ। ਅਜੇ ਤਾਂ ਡਿਕਸੀ ਟੱਪੇ ਆਂ..."

"ਜਲਦੀ ਆ ਜੋ...ਪੰਜ ਵਜੇ ਦਾ ਟੈਮ ਆ"

ਫੋਨ ਕੱਟਣ ਸਾਰ ਕਾਰ ਦਾ ਰੇਡੀਉ ਚੱਲ ਪਿਆ।

ਤੇ ਮੇਰੇ ਮਨ ਦਾ ਰੇਡੀਉ ਵੀ ਚੱਲ ਪਿਆ ਸੀ। ਪਰੰਤੂ ਇਹ ਕਿਸੇ ਹੋਰ ਨੂੰ ਸੁਣਾਈ ਨਹੀਂ ਸੀ ਦੇ ਰਿਹਾ।

ਕਾਰ ਵਿਚ ਮੇਰੀ ਪਤਨੀ ਅਤੇ ਬੱਚੇ ਚੁੱਪ ਬੈਠੇ ਸਨ।

ਕਿੰਦਰ ਮੇਰਾ ਛੋਟਾ ਭਰਾ ਸੀ। ਮਾਂ ਨੂੰ ਕੈਨੇਡਾ ਭਾਵੇਂ ਮੈਂ ਮੰਗਵਾਇਆ ਸੀ, ਪਰ ਰਹਿੰਦੀ ਕਿੰਦਰ ਨਾਲ ਸੀ।

ਵਕਤ ਵੀ ਕਿੰਨੀ ਛੇਤੀ ਬੀਤ ਜਾਂਦੈ। ਮਾਂ ਨੂੰ ਗਈ ਨੂੰ ਦੋ ਸਾਲ ਹੋ ਗਏ ਸਨ।

ਮੈਂ ਸੋਚਣ ਲੱਗਿਆ।

ਮਾਂ ਦੇ ਅਸਤ ਅਜੇ ਵੀ ਫਿਊਨਰਲ ਹੋਮ ਵਿਚ ਪਏ ਸਨ।

ਮਨ ਵਿਚ ਪੈਂਦਾ ਸ਼ੋਰ ਹੋਰ ਉੱਚਾ ਹੋ ਗਿਆ।

ਕੋਵਿਡ ਨੇ ਸਾਰਾ ਕੁੱਝ ਤਹਿਸ਼ ਨਹਿਸ਼ ਕਰ ਦਿੱਤਾ ਸੀ। ਭਾਰਤ ਨੂੰ ਜਾਣ ਵਾਲੀਆਂ ਹਵਾਈ ਉਡਾਣਾਂ ਬੰਦ ਹੋ ਗਈਆਂ ਸਨ। ਕੋਰਇਨਟੀਨ ਦਾ ਡਰ, ਵੈਕਸੀਨਾਂ ਦੇ ਪਰੂਫ਼ ਤੇ ਭਾਰਤ ਵਿਚ ਦਾਖ਼ਲੇ ਦੀਆਂ ਪਾਬੰਦੀਆਂ ਨੇ ਜਾਣਾ ਮੁਸ਼ਕਲ ਬਣਾ ਦਿੱਤਾ ਸੀ। ਬੱਸ ਇਨ੍ਹਾਂ ਗੱਲਾਂ ਨੇ ਹੀ ਮਾਂ ਦਾ ਮਰਨ ਰੋਲ਼ ਦਿੱਤਾ ਸੀ।

ਕਈ ਵਾਰ ਬੰਦਾ ਵੇਖਣ ਨੂੰ ਚੁੱਪ ਲੱਗਦੈ, ਪਰ ਹੁੰਦਾ ਨਹੀਂ। ਪਤਨੀ ਨੂੰ ਲੱਗਿਆ ਮੈਂ ਉਦਾਸ ਹਾਂ, ਮਾਂ ਨੂੰ ਯਾਦ ਕਰ ਰਿਹਾ ਹਾਂ। ਉਹ ਮੇਰੀਆਂ ਸਿੱਲ੍ਹੀਆਂ ਅੱਖਾਂ ਵੱਲ ਵੇਖਦੀ ਰਹੀ, ਜਿੰਨ੍ਹਾਂ ਨੂੰ ਮੈਂ ਡੈਸ਼ਬੋਰਡ 'ਤੇ ਪਏ ਟਿਸ਼ੂਆਂ ਨਾਲ ਕਈ ਵਾਰ ਪੂੰਝ ਚੁੱਕਾ ਸੀ।

ਕੋਵਿਡ ਪਾਬੰਦੀਆਂ ਘਟਣ ਦੀ ਦੇਰ ਸੀ ਕਿ ਟੋਰਾਂਟੋ ਦੇ ਆਸ ਪਾਸ ਸ਼ਹਿਰਾਂ ਦਾ ਟ੍ਰੈਫਿਕ ਫੇਰ ਵਧ ਗਿਆ। ਟ੍ਰੈਫਿਕ ਕਰਕੇ ਲੱਗਦੇ ਜਾਮਾਂ ਨੇ ਲੋਕਾਂ ਦਾ ਜੀਣਾ ਹਰਾਮ ਕੀਤਾ ਪਿਆ ਸੀ। ਪਤਾ ਨਹੀਂ ਸੜਕਾਂ 'ਤੇ ਐਨੀਆਂ ਗੱਡੀਆਂ ਕਿੱਥੋਂ ਆ ਗਈਆਂ ਸਨ? ਕੀ ਬਣੇਗਾ ਪੰਜ ਸੱਤ ਸਾਲਾਂ ਤਕ...? ਮੈਂ ਸੋਚਣ ਲੱਗਿਆ।

ਮਾਂ ਜੀਂਦੇ ਜੀਅ ਇਕ ਵਾਰ ਆਪਣੇ ਇੰਡੀਆ ਵਾਲੇ ਘਰ ਜਾਣਾ ਚਾਹੁੰਦੀ ਸੀ। ਉਸ ਨੂੰ ਕੈਨੇਡਾ ਰਹਿੰਦਿਆਂ ਭਾਵੇਂ ਵੀਹ ਸਾਲ ਤੋਂ ਵੀ ਵੱਧ ਹੋ ਗਏ ਸਨ, ਪਰ ਉਹ ਆਪਣਾ ਘਰ ਉਸੇ ਨੂੰ ਸਮਝਦੀ ਸੀ।

ਉਹ ਕਈ ਵਾਰ ਮੈਨੂੰ ਵੀ ਤਰਲੇ ਜਿਹੇ ਨਾਲ ਕਹਿੰਦੀ:

"ਵੇ ਪੁੱਤ ਮੇਰਾ ਇਕ ਗੇੜਾ ਲੁਆ ਦੋ, ਫੇਰ ਨੀ ਮੈਂ ਕਹਿੰਦੀ..."

ਕਦੇ ਉਹ ਆਪਣੇ ਦਾਜ ਵਾਲੀ ਪੇਟੀ ਦਾ ਫ਼ਿਕਰ ਕਰਦੀ ਅਤੇ ਦਾਜ ਵਿਚ ਲਿਆਂਦੀ ਰੰਗਲੀ ਚਰਖੀ ਦਾ। ਕਦੇ ਆਂਢ ਗੁਆਂਢ ਬਾਰੇ ਗੱਲਾਂ ਕਰਨ ਲੱਗ ਜਾਂਦੀ ਤੇ ਕਦੇ ਆਪਣੀਆਂ ਵਿਕ ਚੁੱਕੀਆਂ ਮੱਝਾਂ ਨੂੰ ਯਾਦ ਕਰਦੀ ਰਹਿੰਦੀ। ਬਾਪੂ ਨਾਲ ਜੁੜੀਆਂ ਉਸ ਦੀਆਂ ਯਾਦਾਂ ਵੀ ਇੰਡੀਆ ਹੀ ਰਹਿ ਗਈਆਂ ਸਨ। ਮੈਨੂੰ ਮਾਂ 'ਤੇ ਤਰਸ ਜਿਹਾ ਵੀ ਆਉਂਦਾ, ਪਰ ਮੈਂ ਕਰ ਕੁੱਝ ਨਾ ਸਕਦਾ।

ਇਹ ਮੇਰਾ ਹੀ ਫੈਸਲਾ ਸੀ ਕਿ ਮਾਂ ਅਜੇ ਭਾਰਤ ਨਾ ਜਾਏ, ਜਾਣ ਵਾਲੇ ਹਾਲਾਤ ਹੀ ਨਹੀਂ ਸਨ। ਤੇ ਉਹ ਜੀਂਦੇ ਜੀਅ ਜਾ ਹੀ ਨਾ ਸਕੀ। ਬੱਸ ਤੁਰ ਗਈ ਜਹਾਨ ਤੋਂ...।

ਅੱਥਰੂ ਅੱਖਾਂ ਚੋਂ ਨਿੱਕਲ ਕੇ ਗੱਲ੍ਹਾਂ 'ਤੇ ਡਿੱਗੇ।

ਹੁਣ ਤਾਂ ਮਾਂ ਨੂੰ ਗਿਆਂ ਦੋ ਸਾਲ ਹੋ ਗਏ ਸਨ। ਸੋਚਿਆ ਸੀ ਅਸਥੀਆਂ ਹੀ ਭਾਰਤ ਲੈ ਜਾਵਾਂਗੇ, ਪਰ ਉਹ ਵੀ ਨਹੀਂ ਸੀ ਹੋ ਸਕਿਆ। ਲੋਕਾਂ ਲਈ ਇਹ ਆਮ ਗੱਲ ਹੋ ਸਕਦੀ ਸੀ, ਪਰ ਮੇਰੇ ਲਈ ਆਮ ਗੱਲ ਨਹੀਂ ਸੀ। ਮੈਨੂੰ ਖਿੱਝ ਜਿਹੀ ਚੜ੍ਹਦੀ ਰਹਿੰਦੀ। ਉਦਾਸੀ ਭਾਰੂ ਹੋ ਜਾਂਦੀ, ਪਰ ਮੈਂ ਕਰ ਕੁੱਝ ਵੀ ਨਾ ਸਕਦਾ।

ਟਰੈਵਲ ਖੁੱਲ੍ਹਣ ਅਤੇ ਫਲਾਈਟਾਂ ਚੱਲਣ ਦਾ ਅਜੇ ਵੀ ਕੋਈ ਪਤਾ ਨਹੀਂ ਸੀ। ਦੋਨਾਂ ਭਰਾਵਾਂ ਨੇ ਮਾਂ ਦੇ ਫੁੱਲ ਕੈਨੇਡਾ ਪਾਉਣ ਦਾ ਹੀ ਫੈਸਲਾ ਕਰ ਲਿਆ, ਫਿਊਨਰਲ ਹੋਮ ਵਾਲੇ ਦੋ ਸਾਲ ਤੋਂ ਵੱਧ ਅਸਤ ਨਹੀਂ ਸੀ ਰੱਖ ਸਕਦੇ। ਅੱਜ ਅਸੀਂ ਉਹ ਹੀ 'ਫੁੱਲ' ਚੁੱਕਣ ਜਾ ਰਹੇ ਸੀ, ਜਿਸ ਦੀ ਅਪੁਆਂਇਟਮੈਂਟ ਸਾਢੇ ਪੰਜ ਵਜੇ ਦੀ ਤੇ ਹੁਣ ਪੌਣੇ ਛੇ ਵੱਜਣ ਲੱਗੇ ਸੀ।

ਟ੍ਰੈਫਿਕ ਅਜੇ ਵੀ ਕੀੜੀ ਦੀ ਤੋਰ ਤੁਰ ਰਿਹਾ ਸੀ।

ਮੈਂ ਤਾਂ ਸੋਚਿਆ ਸੀ ਕਿ ਮਾਂ ਦੇ ਫੁੱਲ ਪੰਜਾਬ ਹੀ ਲੈ ਕੇ ਜਾਵਾਂਗੇ। ਦੋ ਦਿਨ ਫੁੱਲ ਉਸ ਦੇ ਜੱਦੀ ਘਰ ਰੱਖਾਂਗੇ। ਉਸ ਅੰਬ ਨਾਲ ਟੰਗਾਂਗੇ, ਜਿਸ ਦੀਆਂ ਮਾਂ ਹਰ ਸਮੇਂ ਗੱਲਾਂ ਕਰਦੀ ਰਹਿੰਦੀ ਸੀ। ਫੇਰ ਉਸ ਦੀਆਂ ਦੋ ਬਚੀਆਂ ਭਰਜਾਈਆਂ, ਇਕ ਭੈਣ, ਭਤੀਜੇ ਭਤੀਜੀਆਂ, ਉਸ ਨੂੰ ਅਲਵਿਦਾ ਕਹਿਣ ਆਉਣਗੇ। ਉਹ ਵੀ ਕੀਰਤਪੁਰ ਸਾਹਿਬ ਆਪਣੇ ਪਤੀ, ਮਾਂ ਬਾਪ, ਭਰਾਵਾਂ ਅਤੇ ਵਿੱਛੜ ਗਈਆਂ ਦੋ ਭੈਣਾਂ ਨਾਲ ਜਾ ਰਲ਼ੇਗੀ।

ਮੇਰੀ ਰੂਹ 'ਤੇ ਮਾਂ ਨੂੰ ਭਾਰਤ ਨਾ ਭੇਜਣ ਦਾ ਬੇਹੱਦ ਬੋਝ ਸੀ। ਮੈਨੂੰ ਪਤਾ ਨਹੀਂ ਅੱਜ ਕਿਉਂ ਲੱਗ ਰਿਹਾ ਸੀ ਕਿ ਜੇ ਮਾਂ ਦੇ ਫੁੱਲ ਕੈਨੇਡਾ ਹੀ ਪਾ ਦਿੱਤੇ, ਤਾਂ ਮਾਂ ਦੀ ਰੂਹ ਨੂੰ ਸ਼ਾਂਤੀ ਨਹੀਂ ਮਿਲਣੀ। ਅੱਜ ਮੈਨੂੰ ਲੱਗਿਆ ਕਿ ਬੰਦਾ ਸਿਰਫ਼ ਸਾਹ ਰੁਕਣ ਨਾਲ ਹੀ ਨਹੀਂ ਮਰਦਾ, ਜੀਂਦੇ ਜੀਅ ਵੀ ਮਰ ਜਾਂਦਾ ਹੈ।

"ਪਹੁੰਚਗੇ ਨੇੜੇ ਕਿ ਅਜੇ ਹੋਰ ਲੱਗੂ ਟੈਮ...?" ਭਰਾ ਦੀ ਆਵਾਜ਼ ਕੁੱਝ ਰੁੱਖੀ ਹੋ ਗਈ ਸੀ।

"ਬੱਸ ਟ੍ਰੌਬਰਮ ਵਾਲੀਆਂ ਲਾਈਟਾਂ 'ਤੇ ਆਂ", ਮੈਂ ਕਹਿ ਕੇ ਫੋਨ ਰੱਖ ਦਿੱਤਾ।

ਅਸੀਂ ਬਰੈਂਪਟਨ ਕਰੈਮੇਟੋਰੀਅਮ ਵੱਲ ਜਾ ਰਹੇ ਸੀ। ਪਾਰਕਿੰਗ ਲੌਟ ਤਕ ਪੁੱਜਦਿਆਂ ਮੇਰਾ ਮਨ ਪਿੱਛੇ ਵੱਲ ਦੌੜਦਾ ਰਿਹਾ ਕਿ ਕਿਵੇਂ ਬੰਦੇ ਅੰਦਰੋਂ ਬੰਦਾ ਮਰ ਜਾਂਦਾ ਹੈ।

ਅਸੀਂ ਕਾਰ ਪਾਰਕ ਕਰਕੇ ਅੰਦਰ ਨੂੰ ਤੁਰ ਪਏ। ਵੱਡਾ ਸਾਰਾ ਦਰਵਾਜ਼ਾ ਦੇਖਦਿਆਂ ਹੀ ਮੇਰੇ ਮਨ ਨੂੰ ਕੁੱਝ ਹੋਣ ਲੱਗਿਆ। ਜਿਵੇਂ ਮਾਂ ਅੰਦਰ ਬੈਠੀ ਮੈਨੂੰ ਉਡੀਕ ਰਹੀ ਹੋਵੇ। ਸੂਟਿਡ ਬੂਟਿਡ ਕਰਮਚਾਰੀ ਮੇਰੇ ਵੱਲ ਤੱਕਦੇ ਰਹੇ ਤੇ ਇਕ ਪੁੱਛਣ ਲੱਗਾ ਕਿ ਕਿੱਥੇ ਜਾਣਾ ਹੈ? ਸਕਰੀਨ 'ਤੇ ਤਿੰਨ ਚਾਰ ਲੋਕਾਂ ਦੇ ਨਾਂ ਸਨ, ਜਿਨ੍ਹਾਂ ਦੀ ਅੱਜ ਸ਼ੋਇੰਗ ਹੋ ਰਹੀ ਸੀ। ਮੈਂ ਸਾਹਮਣੇ ਪਈ ਟੋਕਰੀ 'ਚੋਂ ਚੁੱਕ ਕੇ ਕਾਲ਼ਾ ਰੁਮਾਲ ਆਪਣੇ ਸਿਰ 'ਤੇ ਬੰਨ੍ਹ ਲਿਆ, ਤੇ ਬਾਕੀਆਂ ਨੇ ਵੀ ਸਿਰ ਢਕ ਲਏ। ਇਕ ਕਰਮਚਾਰੀ ਨੂੰ ਮਾਂ ਦਾ ਨਾਮ ਦੱਸਣ 'ਤੇ ਉਸ ਨੇ ਸਾਨੂੰ ਇਕ ਵੱਡੇ ਕਮਰੇ ਵੱਲ ਤੋਰ ਦਿੱਤਾ, ਜਿੱਥੇ ਮੇਰੇ ਭਰਾਵਾਂ ਦੇ ਪਰਿਵਾਰ ਅਤੇ ਕੁੱਝ ਨਜ਼ਦੀਕੀ ਰਿਸ਼ਤੇਦਾਰ ਮੇਰੇ ਹੀ ਆਉਣ ਦਾ ਇੰਤਜ਼ਾਰ ਕਰ ਰਹੇ ਸਨ।

ਏਥੇ ਕਈਆਂ ਨੇ ਕਾਲੇ ਕੁੜਤੇ ਪਜਾਮੇ ਪਾਏ ਹੋਏ ਸਨ, ਪਰੰਤੂ ਮੈਂ ਤਾਂ ਓਵੇਂ ਆ ਗਿਆ ਸੀ।

'ਗ਼ਮ ਬੰਦੇ ਦੇ ਅੰਦਰ ਹੁੰਦਾ ਹੈ, ਦਿਖਾਉਣ ਨਾਲ ਥੋੜ੍ਹੋ ਹੁੰਦੈ', ਪਤਨੀ ਬੋਲੀ ਸੀ।

ਕੋਈ ਘੁਲਾੜੀ ਮੈਨੂੰ ਅੰਦਰੋਂ ਗੰਨੇ ਵਾਂਗ ਪੀੜ ਰਹੀ ਸੀ। ਸਾਰੇ ਮੈਨੂੰ ਦੇਖ ਕੇ ਚੁੱਪ ਕਰ ਗਏ।

ਕਈ ਔਰਤਾਂ ਦੇ ਸੁੜ੍ਹਾਕੇ ਵੀ ਸੁਣਾਈ ਦਿੱਤੇ, ਜਿਵੇਂ ਹੁਣੇ ਰੋ ਕੇ ਹਟੀਆਂ ਹੋਣ। ਸਭ ਮਾਂ ਨੂੰ ਆਪੋ ਆਪਣੇ ਤਰੀਕੇ ਨਾਲ ਯਾਦ ਕਰ ਰਹੇ ਸਨ।

ਮੈਨੂੰ ਵੀ ਮਾਂ ਦੀਆਂ ਕੀਤੀਆਂ ਉਹ ਗੱਲਾਂ ਯਾਦ ਆ ਰਹੀਆਂ ਸਨ, ਜਦੋਂ ਅਸੀਂ ਉਸ ਨੂੰ ਹਸਪਤਾਲ ਲੈ ਕੇ ਜਾਂਦੇ ਹੁੰਦੇ ਸੀ। ਸਾਰੇ ਰਾਹ ਉਹ ਲੜੀ ਨਾਲ ਲੜੀ ਜੋੜੀਂ ਰੱਖਦੀ। ਮਾਂ ਦੀਆਂ ਗੱਲਾਂ ਆਪਣੇ ਪੇਕੇ ਪਿੰਡ, ਆਪਣੇ ਘਰ ਜਾਂ ਪਿੱਛੇ ਰਹਿ ਗਏ ਪਰਿਵਾਰਾਂ ਬਾਰੇ ਹੁੰਦੀਆਂ।

ਜਦੋਂ ਸਨ 2019 ਦੇ ਸ਼ੁਰੂ ਵਿਚ ਟੋਰਾਂਟੋ ਜਨਰਲ ਹਸਪਤਾਲ ਦੇ ਡਾਕਟਰਾਂ, ਉਸ ਨੂੰ ਦੱਸ ਦਿੱਤਾ ਕਿ ਆਕਸੀਜਨ ਦੇ ਘਟਣ ਅਤੇ ਦਿਲ ਦੀ ਬਿਮਾਰੀ ਕਾਰਨ, ਉਹ ਭਾਰਤ ਨਹੀਂ ਜਾ ਸਕਦੀ, ਤਾਂ ਉਸ ਦਿਨ ਸਾਰੇ ਰਾਹ ਉਸ ਨੇ ਕੋਈ ਗੱਲ ਨਹੀਂ ਸੀ ਕੀਤੀ। ਉਸ ਨੂੰ ਨਹੀਂ ਸੀ ਲੱਗਦਾ ਕਿ ਮੁੜ ਕੇ ਉਹ ਕਦੇ ਵੀ ਆਪਣਾ ਤੀਲਾ ਤੀਲਾ ਕਰਕੇ ਜੋੜਿਆ ਘਰ ਨਹੀਂ ਵੇਖ ਸਕੇਗੀ। ਮੇਰਾ ਵੀ ਰੋਣ ਨਿੱਕਲ ਗਿਆ ਸੀ।

ਮੈਨੂੰ ਉਸੇ ਸਾਲ ਪਰਿਵਾਰ ਸਮੇਤ, ਪੰਜਾਬ ਇਕ ਵਿਆਹ 'ਤੇ ਜਾਣਾ ਪੈ ਗਿਆ। ਮੈਂ ਉਸ ਨੂੰ ਨਾਲ ਨਹੀਂ ਸੀ ਲੈ ਕੇ ਜਾ ਸਕਦਾ। ਮੇਰੇ ਜਾਣ ਵੇਲੇ ਉਸ ਦੀਆਂ ਅੱਖਾਂ ਭਰ ਆਈਆਂ, ਜੋ ਮੇਰੇ ਤੋਂ ਦੇਖੀਆਂ ਨਹੀਂ ਸੀ ਗਈਆਂ। ਉਹ ਹਰ ਰੋਜ਼ ਮੈਨੂੰ ਭਾਰਤ ਫੋਨ ਕਰਦੀ ਅਤੇ ਘਰ ਦੀ ਇਕ ਇਕ ਚੀਜ਼ ਬਾਰੇ ਪੁੱਛਦੀ। ਮੁੜਕੇ ਆਏ ਤਾਂ ਕੋਵਿਡ ਫੈਲ ਗਿਆ। ਮਾਂ ਦੇ ਭਾਰਤ ਜਾਣ ਲਈ ਸਾਰੇ ਹੀ ਰਸਤੇ ਬੰਦ ਹੋ ਗਏ। ਹਸਪਤਾਲਾਂ ਵਿਚ ਇਲਾਜ ਵੀ ਰੁਕ ਗਏ। ਮਾਂ ਤਾਂ ਪਹਿਲਾਂ ਹੀ ਬਿਮਾਰ ਸੀ ਤੇ ਉਹ ਹੋਰ ਵੀ ਬਿਮਾਰ ਹੋ ਗਈ।

ਕਈ ਵਾਰ ਨਿਰਾਸ਼ ਹੋਈ ਕਹਿੰਦੀ,"ਇਹ ਬੇਵਸੀ ਨਾਲੋਂ ਤਾਂ ਰੱਬ ਮੈਨੂੰ ਚੱਕ ਈ ਲਵੇ।"

ਮੈਂ ਆਪਣੇ ਅਥਰੂ ਪੂੰਝੇ, ਸਭ ਨੂੰ ਮਿਲਿਆ, ਛੋਟੇ ਭਰਾ ਅਤੇ ਬੱਚਿਆਂ ਨੂੰ ਦਿਲਾਸਾ ਦਿੱਤਾ। ਮਾਂ ਨੇ ਹੀ ਪਾਲ਼ ਕੇ ਇਨ੍ਹਾਂ ਬੱਚਿਆਂ ਨੂੰ ਵੱਡਾ ਕੀਤਾ ਸੀ।

ਇਕ ਕਰਮਚਾਰੀ, ਫਾਰਮ ਸਾਈਨ ਕਰਵਾ ਕੇ ਲੈ ਗਿਆ ਤੇ ਮਾਂ ਦੀਆਂ ਅਸਥੀਆਂ ਵਾਲਾ ਕਲਸ ਚੁੱਕ ਲਿਆਇਆ। ਸਾਨੂੰ ਜਨਮ ਦੇਣ ਵਾਲੀ, ਪੜ੍ਹਾ ਲਿਖਾ ਕੇ ਕੈਨੇਡਾ ਭੇਜਣ ਵਾਲੀ, ਘਰ ਦੀ ਮਾਲਕਣ ਮਾਂ, ਹੁਣ ਰਾਖ ਦੀ ਮੁੱਠੀ ਬਣੀ, ਨਿੱਕੇ ਜਿਹੇ ਕਲਸ਼ 'ਚ ਬੰਦ ਪਈ ਸੀ। ਮੇਰੀਆਂ ਧਾਹਾਂ ਨਿੱਕਲ ਗਈਆਂ। ਕਈਆਂ ਨੇ ਮੈਨੂੰ ਚੁੱਪ ਕਰਾਇਆ ਤੇ ਕਈ ਵਾਹਿਗੁਰੂ ਵਾਹਿਗੁਰੂ ਦਾ ਪਾਠ ਕਰਨ ਲੱਗੇ।

ਅੱਜ ਮਾਂ ਨੂੰ ਅਸੀਂ ਕੈਨੇਡਾ ਵਾਲੇ ਘਰ ਲੈ ਕੇ ਜਾਣਾ ਸੀ, ਜਿੱਥੇ ਜਾਣ ਲਈ ਉਸ ਨੇ ਆਖਰੀ ਸਮੇਂ ਤਰਲੇ ਲਏ ਸਨ। ਤੇ ਫੇਰ ਉਸ ਦੀ ਇਹ ਇੱਛਾ ਵੀ ਪੂਰੀ ਨਹੀਂ ਸੀ ਹੋਈ। ਅਸੀਂ ਅੱਜ ਮਾਂ ਦੀ ਉਹੋ ਅਧੂਰੀ ਇੱਛਾ ਪੂਰੀ ਕਰਨ ਲੱਗੇ ਹੋਏ ਸੀ। ਮੇਰੇ ਵਰਗਾ ਰੂਹਾਂ ਨੂੰ ਨਾ ਮੰਨਣ ਵਾਲਾ ਬੰਦਾ ਵੀ ਮਾਂ ਦੀ ਆਤਮਾ ਨੂੰ ਸ਼ਾਤੀ ਦੁਆਉਣ ਲਈ ਇਹ ਸਭ ਕੁੱਝ ਕਰ ਰਿਹਾ ਸੀ।

ਮੈਂ ਮਾਂ ਦੇ ਅਸਥੀ ਕਲਸ਼ ਨੂੰ ਘੁੱਟ ਕੇ ਹਿੱਕ ਨਾਲ ਲਾਇਆ, ਜਿਵੇਂ ਮੈਂ ਮਾਂ ਨੂੰ ਦੋ ਸਾਲ ਬਾਅਦ ਮਿਲ ਰਿਹਾ ਹੋਵਾਂ। ਕਈਆਂ ਨੇ ਮੇਰੀ ਪਿੱਠ ਥਪਥਪਾਈ ਤੇ ਮੈਨੂੰ ਤਕੜਾ ਹੋਣ ਲਈ ਆਖਿਆ। ਮੇਰੀਆਂ ਅੱਖਾਂ 'ਚੋਂ ਲਗਾਤਾਰ ਘਰਾਲ਼ਾਂ ਵਗਦੀਆਂ ਰਹੀਆਂ।

ਅਸੀਂ ਮਾਂ ਨੂੰ ਘਰ ਲੈ ਕੇ ਚੱਲ ਪਏ। ਮੈਂ ਅਸਥੀਆਂ ਵਾਲਾ ਕਲਸ਼ ਆਪਣੀ ਗੋਦੀ ਵਿਚ ਰੱਖ ਲਿਆ ਤੇ ਪਤਨੀ ਗੱਡੀ ਚਲਾਉਣ ਲੱਗ ਪਈ। ਗੱਡੀ ਤੁਰਨ ਤੋਂ ਪਹਿਲਾਂ ਦੋ ਔਰਤਾਂ ਨੇ ਆ ਕੇ ਮੈਨੂੰ ਕਿਹਾ ਵੀ ਸੀ, "ਕਾਕਾ ਮੁਰਦੇ ਦੀ ਰਾਖ ਘਰ ਨਹੀਂ ਲਜਾਈਦੀ। ਉਹਦੀ ਆਤਮਾ ਘਰ ਅੰਦਰ ਰਹਿ ਜਾਂਦੀ ਆ। ਤੇ ਮੁਕਤ ਨੀ ਹੁੰਦੀ।"

ਪਰ ਮੇਰੀ ਮਾਂ ਮੇਰੇ ਲਈ ਕੋਈ ਮੁਰਦਾ ਰੂਹ ਨਹੀਂ ਸੀ, ਉਹ ਤਾਂ ਮੇਰੇ ਰੋਮ ਰੋਮ ਵਿਚ ਵਸਦੀ ਸੀ। ਮੇਰੇ ਜਿਸਮ ਵਿਚ ਉਸੇ ਦਾ ਲਹੂ ਦੌੜ ਰਿਹਾ ਸੀ। ਫੇਰ ਮੈਂ ਉਸਦੀ ਆਖਰੀ ਇੱਛਾ ਕਿਵੇਂ ਨਾ ਪੂਰੀ ਕਰਦਾ?

ਮੈਨੂੰ ਉਹ ਦਿਨ ਯਾਦ ਆਇਆ, ਜਿਸ ਦਿਨ ਮਾਂ ਹਸਪਤਾਲ ਗਈ ਸੀ। ਤੇ ਉਸ ਨੇ ਫੋਨ ਕਰਕੇ ਕਿਹਾ ਸੀ, "ਜਗਮੇਲ ਸਿਆਂ, ਪੁੱਤ ਮੈਂ ਔਖੀ ਆਂ...ਹੁਣ ਸਾਰੇ ਮੈਨੂੰ ਹਸਪਤਾਲ ਲਿਜਾਣ ਨੂੰ ਕਹੀ ਜਾਂਦੇ ਨੇ। ਮੇਰਾ ਨੀ ਭਾਈ ਦਿਲ ਕਰਦਾ...। ਉੱਪਰੋਂ ਕਰੋਨੇ ਨੇ ਕੀ ਹਾਲ ਕੀਤਾ ਪਿਆ ਏ...। ਭਾਈ ਤੂੰ ਦੱਸ ਹੁਣ ਕੀ ਕਰਾਂ?"

ਮਾਂ ਨੂੰ ਲੱਗਦਾ ਸੀ ਮੈਂ ਨਾਂਹ ਕਰ ਦੇਵਾਂਗਾ। ਉਸ ਨੂੰ ਪਤਾ ਨਹੀਂ ਕਿਉਂ ਲੱਗਦਾ ਸੀ, ਕਿ ਜੇ ਉਹ ਹਸਪਤਾਲ ਚਲੀ ਗਈ ਤਾਂ ਮੁੜ ਕੇ ਉਸ ਨੇ ਘਰ ਨਹੀਂ ਆਉਣਾ। ਪਰੰਤੂ ਮੇਰਾ ਜਵਾਬ ਉਸ ਦੀ ਆਸ ਦੇ ਉਲਟ ਸੀ।

"ਮਾਂ ਜੇ ਔਖੀ ਏਂ ਤਾਂ ਹਸਪਤਾਲ ਤਾਂ ਜਾਣਾ ਹੀ ਪਵੇਗਾ। ਬਿਮਾਰੀ ਵਧ ਵੀ ਤਾਂ ਸਕਦੀ ਆ... ਫੇਰ ਕੀ ਕਰਾਂਗੇ?"

"ਚੰਗਾ ਭਾਈ ਦੇਖ ਲੋ ਥੋਡੀ ਮਰਜੀ ਆ। ਜੇ ਕਹਿਨੇ ਓਂ ਤਾਂ ਚਲੀ ਜਾਨੀ ਆਂ"

ਮਾਂ ਬੇਵਸ ਹੋਈ ਕਹਿ ਰਹੀ ਸੀ। ਤੇ ਉਸਦਾ ਠੰਢਾ ਹਉਕਾ ਮੇਰਾ ਦਿਲ ਚੀਰ ਗਿਆ। ਮੈਂ ਕਿਵੇਂ ਕਹਿ ਦਿੰਦਾ ਕਿ ਹਸਪਤਾਲ ਨਾ ਜਾਹ...। ਉਹ ਅੱਗੋਂ ਫੇਰ ਬੋਲੀ ਸੀ, "ਚੰਗਾ ਪੁੱਤ ਫੇਰ ਤੂੰ ਏਧਰ ਨੂੰ ਆ ਜਾ"

ਮੈਂ ਕਿੰਦਰ ਨੂੰ ਫੋਨ ਕਰ ਦਿੱਤਾ ਸੀ ਕਿ ਮੈਂ ਤੇਰੇ ਵੱਲ ਆ ਰਿਹਾ ਆਂ, ਮੇਰੇ ਆਏ ਤੋਂ ਐਂਬੂਲੈਂਸ ਨੂੰ ਫੋਨ ਕਰੀਂ। ਅਸੀਂ ਉਸੇ ਵਕਤ ਮਾਂ ਨੂੰ ਮਿਲਣ ਚੱਲ ਪਏ। ਉਹ ਭੱਜ ਕੇ ਮਿਲੀ ਤਾਂ ਜ਼ਰੂਰ ਪਰ ਬਹੁਤ ਉਦਾਸ ਸੀ। ਅਸੀਂ ਉਸ ਨੂੰ ਹੌਸਲਾ ਦਿੰਦੇ ਰਹੇ ਕਿ ਤੂੰ ਜਲਦੀ ਠੀਕ ਹੋ ਕੇ ਘਰ ਆ ਜਾਣੈ।

ਭਰਾ ਨੇ 911 ਡਾਇਲ ਕਰਕੇ ਐਂਬੂਲੈਂਸ ਮੰਗਵਾ ਲਈ, ਜੋ ਕੁੱਝ ਹੀ ਮਿੰਟਾਂ ਵਿਚ ਪਹੁੰਚ ਗਈ। ਉਹ ਫਟਾਫਟ ਸਟਰੈਚਰ ਲੈ ਕੇ ਅੰਦਰ ਆ ਗਏ। ਮਾਂ ਦੀ ਅੱਧੀ ਚਾਹ ਅਤੇ ਗੱਲਾਂ ਵਿਚਕਾਰ ਹੀ ਰਹਿ ਗਈਆਂ। ਉਨ੍ਹਾਂ ਮਾਂ ਦੀ ਸਿਹਤ ਬਾਰੇ ਜਾਣਕਾਰੀ ਲਈ ਤੇ ਕੁੱਝ ਟੈੱਸਟ ਕੀਤੇ।

ਮਾਂ ਸਟਰੈਚਰ 'ਤੇ ਪਈ ਸੀ। ਉਸ ਨੇ ਸਾਡੇ ਵੱਲ ਵੇਖ ਕੇ ਅੱਖਾਂ ਭਰ ਲਈਆਂ। ਸਾਰੇ ਘਰ ਨੂੰ ਸਿਰ ਘੁਮਾ ਕੇ ਤੱਕਿਆ ਤੇ ਸਭ ਨੂੰ ਸਤਿ ਸ੍ਰੀ ਅਕਾਲ ਕਹੀ। ਐਂਬੂਲੈਂਸ ਵਾਲਿਆ ਨੇ ਕਿਸੇ ਨੂੰ ਵੀ ਨਾਲ ਨਾ ਜਾਣ ਦਿੱਤਾ। ਉਸ ਦਾ ਸਟਰੈਚਰ ਗੱਡੀ ਵਿਚ ਚਲਾ ਗਿਆ। ਮੈਂ ਜਾਂਦੀ ਮਾਂ ਦੀ ਆਪਣੇ ਫੋਨ ਨਾਲ ਫੋਟੋ ਖਿੱਚੀ। ਮੈਨੂੰ ਕੀ ਪਤਾ ਸੀ ਕਿ ਇਹ ਉਸ ਦੀ ਅੰਤਿਮ ਫੋਟੋ ਬਣ ਜਾਵੇਗੀ...।

ਅੱਜ ਉਸ ਦਾ ਦਾ ਅਸਥੀ ਕਲਸ ਮੇਰੀ ਗੋਦ ਵਿਚ ਪਿਆ ਸੀ। ਜਿਵੇਂ ਹੁਣ ਵੀ ਕਹਿ ਰਹੀ ਹੋਵੇ, 'ਜਗਮੇਲ ਸਿਆਂ, ਪੁੱਤ ਉਸ ਦਿਨ ਮੈਨੂੰ ਕਾਹਨੂੰ ਭੇਜਣਾ ਸੀ'

ਮੇਰੀਆਂ ਅੱਖਾਂ 'ਚੋਂ ਪਰਲ ਪਰਲ ਅੱਥਰੂ ਵਗਦੇ ਰਹੇ। ਗੱਡੀ ਚਲਾਉਂਦੀ ਪਤਨੀ ਨੇ ਮੇਰਾ ਮੋਢਾ ਥਪਥਪਾ ਕੇ ਹੌਸਲਾ ਦਿੱਤਾ।

ਅਸੀਂ ਏਅਰਪੋਰਟ ਰੋਡ 'ਤੇ ਭਰਾ ਦੇ ਘਰ ਵੱਲ ਜਾ ਰਹੇ ਸੀ। ਮਾਂ ਵੀ ਸਾਡੇ ਨਾਲ ਹੀ ਜਾ ਰਹੀ ਸੀ। ਬਾਕੀ ਕਾਰਾਂ ਵੀ ਸਾਡੇ ਪਿੱਛੇ ਪਿੱਛੇ ਆ ਰਹੀਆਂ ਸਨ।

ਕੋਵਿਡ ਪਾਬੰਦੀਆਂ ਵਿਚ ਨਰਮੀ ਨੇ ਲੋਕਾਂ ਦੇ ਸੁਭਾਅ ਬਦਲ ਦਿੱਤੇ ਸਨ। ਪਰੰਤੂ ਹਾਲਾਤ ਅਜੇ ਵੀ ਪਹਿਲਾਂ ਵਰਗੇ ਨਹੀਂ ਸੀ ਹੋਏ। ਬੀਤੇ ਦੋ ਸਾਲਾਂ ਨੇ ਮਨੁੱਖ ਨੂੰ ਅਹਿਸਾਸ ਕਰਵਾ ਦਿੱਤਾ ਸੀ, ਕਿ ਉਹ ਕੁੱਝ ਵੀ ਨਹੀਂ ਹੈ। ਤੇ ਇਹ ਵੀ ਕਿ ਬੇਵਸੀ ਕਿੰਨੀ ਮਾਰੂ ਹੁੰਦੀ ਹੈ। ਇਹ ਗੱਲ ਸਾਡੇ ਤੋਂ ਵੱਧ ਹੋਰ ਭਲਾਂ ਕੌਣ ਜਾਣ ਸਕਦਾ ਸੀ? ਮੈਂ ਮਾਂ ਨੂੰ ਆਪਣੀ ਗੋਦ ਵਿਚ ਹੋਰ ਜ਼ੋਰ ਨਾਲ ਘੁੱਟ ਲਿਆ।

ਕੋਵਿਡ ਕਾਰਨ ਹਸਪਤਾਲ ਵਿਚ ਲੋਕਾਂ ਦਾ ਦਾਖ਼ਲਾ ਬੰਦ ਹੋ ਗਿਆ ਸੀ। ਅਸੀਂ ਵੀ ਮਾਂ ਨੂੰ ਮਿਲਣ ਨਹੀਂ ਸੀ ਜਾ ਸਕਦੇ। ਮਾਂ ਨੂੰ ਨਾ ਅੰਗਰੇਜ਼ੀ ਬੋਲਣੀ ਆਉਂਦੀ ਸੀ ਤੇ ਨਾ ਹੀ ਉਹ ਸਮਝਦੀ ਸੀ। ਉਹ ਤਾਂ ਸਾਰੀ ਉਮਰ ਸਾਡੇ 'ਤੇ ਹੀ ਨਿਰਭਰ ਰਹੀ ਸੀ। ਇਕੱਲੀ ਕਿਤੇ ਗਈ ਹੀ ਨਹੀਂ ਸੀ। ਕੋਵਿਡ ਤੋਂ ਡਰੇ ਹੋਏ ਡਾਕਟਰਾਂ ਦਾ ਰਵਈਆ ਅਜੀਬ ਜਿਹਾ ਹੋ ਗਿਆ ਸੀ। ਉਹ ਮਰੀਜ਼ਾ ਤੋਂ ਇਉਂ ਡਰਦੇ ਸਨ, ਜਿਵੇਂ ਮਰੀਜ਼ਾਂ 'ਚੋਂ ਨਿੱਕਲ ਕੇ ਮੌਤ ਉਨ੍ਹਾਂ ਨੂੰ ਚਿੰਬੜ ਜਾਣੀ ਹੋਵੇ। ਕੰਮ ਦੇ

ਬੇਲੋੜੇ ਬੋਝ ਨੇ ਉਨ੍ਹਾਂ ਨੂੰ ਬੇਹੱਦ ਖਿਝੂ ਤੇ ਸਨਕੀ ਬਣਾ ਦਿੱਤਾ ਸੀ। ਉਹ ਤਾਨਾਸ਼ਾਹਾਂ ਵਾਂਗ ਫ਼ੁਰਮਾਨ ਸੁਣਾਉਂਦੇ। ਜਿਵੇਂ ਰਿਸ਼ਤਿਆਂ ਦੀ ਸਾਰੀ ਮਰਿਯਾਦਾ ਹੀ ਭੁੱਲ ਗਏ ਹੋਣ।

ਮਾਂ ਨੂੰ ਹਸਪਤਾਲ ਵਿਚ ਕਮਰਾ ਕਿੱਥੇ ਮਿਲਿਆ ਸੀ, ਸਾਨੂੰ ਕੋਈ ਨਹੀਂ ਸੀ ਪਤਾ। ਮਿੰਨਤਾਂ ਤਰਲੇ ਕਰ ਕੇ ਕਿਸੇ ਪੰਜਾਬੀ ਕੁੜੀ ਤੋਂ ਮਾਂ ਨੇ ਘਰ ਫੋਨ ਕਰਵਾਇਆ ਸੀ। ਉਹ ਸਾਨੂੰ ਆਪਣੇ ਕੋਲ਼ ਬੁਲਾ ਰਹੀ ਸੀ। ਆਪਣਾ ਦੁੱਖ ਦੱਸਣਾ ਚਾਹੁੰਦੀ ਸੀ। ਘਰ ਆਉਣਾ ਚਾਹੁੰਦੀ ਸੀ। ਪਰੰਤੂ ਮਾਂ ਦੀਆਂ ਗੱਲਾਂ ਦਾ ਸਾਡੇ ਕੋਲ਼ ਕੋਈ ਜਵਾਬ ਨਹੀਂ ਸੀ। ਮਾਂ ਨੂੰ ਅਸੀਂ ਬਾਹਰਲੇ ਹਾਲਾਤ ਕਿਵੇਂ ਸਮਝਾਉਂਦੇ, ਕਿ ਸਾਨੂੰ ਤਾਂ ਅਗਲੇ ਹਸਪਤਾਲ ਦੇ ਨੇੜੇ ਵੀ ਫਟਕਣ ਨਹੀਂ ਦੇ ਰਹੇ।

ਅਸੀਂ ਹਰ ਰੋਜ਼ ਮਿੰਨਤਾਂ ਤਰਲੇ ਕਰਦੇ, ਲੇਲ੍ਹੜੀਆਂ ਕੱਢਦੇ, ਮਾਂ ਦੀ ਸਿਹਤ ਦਾ ਵਾਸਤਾ ਪਾਉਂਦੇ, ਪਰ ਹਸਪਤਾਲ ਵਾਲੇ ਤਾਂ ਸਾਡੀ ਕੋਈ ਵੀ ਗੱਲ ਸੁਣਨ ਨੂੰ ਤਿਆਰ ਨਹੀਂ ਸਨ।

ਇਕ ਦਿਨ ਮੈਂ ਆਪਣੀ ਬੇਟੀ ਨੂੰ ਹਸਪਤਾਲ ਦਾ ਗਾਊਨ ਤੇ ਮਾਸਕ ਪਵਾ ਕੇ, ਡਾਕਟਰਾਂ ਦੀਆਂ ਅਨੇਕਾਂ ਹੋਰ ਹਦਾਇਤਾਂ ਅਨੁਸਾਰ, ਮਸੀਂ ਆਗਿਆ ਲੈ ਕੇ ਅੰਦਰ ਭੇਜਿਆ, ਪਰ ਮਾਂ ਨੂੰ ਬੇਟੀ ਦੀ ਪਛਾਣ ਹੀ ਨਹੀਂ ਸੀ ਆਈ, ਕਿਉਂਕਿ ਕੋਵਿਡ ਕਾਰਨ ਉਸ ਨੂੰ ਨੇੜੇ ਨਹੀਂ ਸੀ ਜਾਣ ਦਿੱਤਾ ਗਿਆ। ਬੇਟੀ ਮੂੰਹ ਤੋਂ ਮਾਸਕ ਵੀ ਨਹੀਂ ਸੀ ਲਾਹ ਸਕਦੀ। ਡਾਕਟਰਾਂ ਨੇ ਦੋ ਮਿੰਟ ਬਾਅਦ ਹੀ ਬੇਟੀ ਨੂੰ ਦੂਰ ਤੋਂ ਹੀ ਥੱਲੇ ਭੇਜ ਦਿੱਤਾ। ਮਾਂ ਜੋ ਕੁੱਝ ਪਲ ਲਈ ਖ਼ੁਸ਼ ਹੋਈ ਸੀ, ਕਿ ਘਰੋਂ ਉਹਨੂੰ ਕੋਈ ਮਿਲਣ ਆਇਆ ਹੈ, ਉਸ ਦੀਆਂ ਅੱਖਾਂ ਤੱਕਦੀਆਂ ਹੀ ਰਹਿ ਗਈਆਂ ਸਨ। ਮਾਂ ਬਹੁਤ ਨਿਰਾਸ਼ ਹੋ ਗਈ ਸੀ।

ਸਾਡੀ ਗੱਡੀ ਫੇਰ ਟ੍ਰੈਫਿਕ ਵਿੱਚ ਫਸ ਗਈ। ਮੈਂ ਚੁੱਪ ਚਾਪ ਬੈਠਾ ਸੀ। ਘਟਨਾਵਾਂ ਦਾ ਜਮਘਟਾ ਸੰਘਣੀ ਟ੍ਰੈਫਿਕ ਵਾਂਗ ਮੇਰੇ ਮਨ ਵਿਚ ਤੁਰ ਰਿਹਾ ਸੀ।

ਮਾਂ ਦਿਲ ਦੀ ਮਰੀਜ਼ ਸੀ ਤੇ ਉਸਦੇ ਫੇਫੜੇ ਵੀ ਚੰਗੀ ਤਰ੍ਹਾਂ ਕੰਮ ਨਹੀਂ ਸੀ ਕਰਦੇ। ਉਸ ਨੂੰ ਕੋਵਿਡ ਹੋਣ ਦਾ ਬਹੁਤ ਡਰ ਸੀ। ਉਸਦਾ ਆਕਸੀਜਨ ਲੈਵਲ ਵਧ ਕੇ 10 ਨੰਬਰ ‘ਤੇ ਆ ਗਿਆ ਸੀ। ਜੋ ਵੱਧ ਤੋਂ ਵੱਧ ਫਲੋਅ ਸੀ। ਦਿਲ ਵਿਚਲੇ ਛੇਕ ਕਾਰਨ ਲਹੂ ਦਾ ਦਬਾਅ ਵੀ ਠੀਕ ਨਹੀਂ ਸੀ। ਅਜਿਹੀ ਹਾਲਤ ਵਿਚ ਮਾਂ ਨੂੰ ਇਕੱਲੀ ਕਿਵੇਂ ਛੱਡਿਆ ਜਾ ਸਕਦਾ ਸੀ? ਪਰ ਡਾਕਟਰਾਂ ਨੂੰ ਕੌਣ ਸਮਝਾਉਂਦਾ?

ਕਿਸੇ ਬਹੁਤੇ ਕਾਹਲ਼ੇ ਨੇ ਪਿੱਛੋਂ ਹਾਰਨ ਮਾਰਿਆ ਕਿ ਅਸੀਂ ਗੱਡੀ ਹੌਲ਼ੀ ਕਿਉਂ ਚਲਾ ਰਹੇ ਹਾਂ।

“ਲੋਕਾਂ ਵਿਚ ਸਹਿਣਸ਼ੀਲਤਾ ਹੈ ਹੀ ਨਹੀਂ। ਮਾੜੀ ਮਾੜੀ ਗੱਲ ‘ਤੇ ਝੱਟ ਹਾਰਨ ਮਾਰ ਦਿੰਦੇ ਨੇ”, ਪਤਨੀ ਬੋਲੀ।

ਮਾਂ ਦਾ ਕਮਰਾ ਪਾਰਕਿੰਗ ਲਾਟ ਵੱਲ ਸੀ। ਅਸੀਂ ਰੋਜ਼ ਪਾਰਕਿੰਗ ਲਾਟ ਵਿਚ ਜਾ ਕੇ ਖੜ੍ਹ ਜਾਂਦੇ। ਫੋਨ ਕੈਮਰਾ ਜ਼ੂਮ ਕਰਕੇ ਮਾਂ ਦੀ ਇਕ ਝਲਕ ਦੇਖਣ ਦੀ ਕੋਸ਼ਿਸ਼ ਕਰਦੇ, ਪਰ ਕਾਮਯਾਬ ਨਾ ਹੁੰਦੇ। ਡਾਕਟਰਾਂ ਕੋਲ ਜਾ ਕੇ ਮਿੰਨਤਾਂ ਕਰਦੇ ਤਾਂ ਉਹ ਵੀ ਸਾਨੂੰ ਨੇੜੇ ਨਾ ਫਟਕਣ ਦਿੰਦੇ।

ਸ਼ਹਿਰ ਵਿਚ ਲੋਕ ਧੜਾਧੜ ਕੋਵਿਡ ਨਾਲ ਮਰ ਰਹੇ ਸਨ। ਟੈਲੀਵੀਯਨ ‘ਤੇ ਸਿਰਫ਼ ਕੋਵਿਡ ਨਾਲ ਮਰਨ ਵਾਲਿਆਂ ਦੀਆਂ ਖ਼ਬਰਾਂ ਸਨ, ਜਿਸ ਦਾ ਅਜੇ ਕੋਈ ਇਲਾਜ ਨਹੀਂ ਸੀ ਨਿੱਕਲਿਆ। ਦੁਨੀਆਂ ਮਰ ਰਹੀ ਸੀ...।

ਭਰਾ ਦਾ ਪਰਿਵਾਰ ਵੀ ਸਾਡੇ ਪਿੱਛੇ ਪਿੱਛੇ ਆ ਰਿਹਾ ਸੀ। ਕੁਈਨ ਸਟਰੀਟ ‘ਤੇ ਕੋਈ ਹਾਦਸਾ ਹੋਇਆ ਹੋਣ ਕਾਰਨ, ਪੁਲੀਸ ਦੀਆਂ ਗੱਡੀਆਂ ‘ਤੇ ਲਾਈਟਾਂ ਘੁੰਮ ਰਹੀਆਂ ਸਨ। ਕਈ ਐਂਬੂਲੈਂਸਾਂ ਤੇ ਫਾਇਰ ਟਰੱਕ ਸਾਡੇ ਕੋਲ਼ੋ ਸਾਇਰਨ ਵਜਾਉਂਦੇ ਸ਼ੂੰ ਸ਼ੂੰ ਕਰਦੇ ਲੰਘੇ। ਐਕਸੀਡੈਂਟ ਵਿਚ ਦੋ ਕਾਰਾਂ ਟੁੱਟੀਆਂ ਪਈਆਂ ਸਨ। ਕਿਸੇ ਨੂੰ ਸਟਰੈਚਰ ‘ਤੇ ਪਾਇਆ ਜਾ ਰਿਹਾ ਸੀ। ਚੱਲਦਾ ਟ੍ਰੈਫਿਕ, ਹਾਦਸੇ ਨੂੰ ਦੇਖਣ ਲੱਗਿਆ ਹੋਰ ਵੀ ਹੌਲ਼ੀ ਹੋ ਗਿਆ ਸੀ।

ਲੋਕਾਂ ਨੂੰ ਕਿਸੇ ਵੀ ਗੱਲ ਦੀ ਪਰਵਾਹ ਨਹੀਂ ਸੀ। ਕਿਸੇ ਬਹੁਤੇ ਕਾਹਲ਼ੇ ਨੇ ਵੀ ਲਾਲ ਲਾਈਟਾਂ ਵਿਚ ਹੀ ਲੈੱਫਟ ਟਰਨ ਮਾਰ ਦਿੱਤੀ ਸੀ। ਤੇ ਅਸੀਂ ਏਥੋਂ ਵੀ ਹੌਲ਼ੀ ਹੌਲ਼ੀ ਲੰਘ ਗਏ। ਜੇ ਮਾਂ ਹੁੰਦੀ

ਤਾਂ ਉਸ ਨੇ ਕਹਿਣਾ ਸੀ. 'ਭਾਈ ਦੁਨੀਆਂ ਨੂੰ ਜਮਾ ਟੇਕ ਨੀ, ਦੇਖ ਕਿਵੇਂ ਆਦਮ ਬੋਅ, ਆਦਮ ਬੋਅ ਕਰਦੀ ਫਿਰਦੀ ਆ।'

ਮੈਨੂੰ ਮਾਂ ਦੀਆਂ ਗੱਲਾਂ ਵੀ ਯਾਦ ਆ ਰਹੀਆਂ ਸਨ।

ਫੇਰ ਉਹ ਗੁਰਦੁਵਾਰਾ ਵੀ ਆ ਗਿਆ, ਜਿੱਥੇ ਮਾਂ ਹਰ ਐਤਵਾਰ, ਛੁੱਟੀ ਵਾਲੇ ਦਿਨ ਅਕਸਰ ਹੀ ਜਾਂਦੀ ਹੁੰਦੀ ਸੀ। ਮੈਂ ਹੀ ਬਹੁਤੀ ਵਾਰ ਮਾਂ ਨੂੰ ਛੱਡ ਕੇ ਅਤੇ ਚੱਕ ਕੇ ਘਰ ਛੱਡਦਾ ਹੁੰਦਾ ਸੀ। ਉਦੋਂ ਮੈਂ ਵੀ ਮਾਲਟਨ ਵਿਚ ਹੀ ਰਹਿੰਦਾ ਸੀ। ਜਦੋਂ ਮੈਂ ਬਰੈਂਪਟਨ ਚਲਾ ਗਿਆ ਤਾਂ ਫੇਰ ਮਾਂ ਛੋਟੇ ਭਰਾ ਨਾਲ ਚਲੀ ਜਾਂਦੀ ਸੀ।

ਹੁਣ ਤਾਂ ਬਿਮਾਰੀ ਕਾਰਨ ਮਾਂ ਦਾ ਗੁਰਦੁਵਾਰਾ ਵੀ ਛੁੱਟ ਗਿਆ ਸੀ। ਉਹ ਕਿਸੇ ਦੇ ਹੱਥ ਦੇਗ਼ ਦੇ ਪੈਸੇ, ਮੱਥਾ ਟੇਕਣ ਦੇ ਪੈਸੇ, ਜਾਂ ਰਾਸ਼ਣ ਦੇ ਪੈਸੇ ਜ਼ਰੂਰ ਭੇਜਦੀ ਰਹੀ। ਕਿਹੋ ਜਿਹੀ ਬੇਵਸੀ ਸੀ...।

ਮਾਂ ਬਿਨਾਂ ਮੈਨੂੰ ਸਾਰਾ ਕੁੱਝ ਉਦਾਸ ਜਾਪਿਆ।

ਮੈਂ ਆਪਣੇ ਮੂੰਹ ਵਿਚ ਹੀ ਕਿਹਾ,

'ਮਾਂ ਟੇਕ ਲੈ ਜਾਂਦੀ ਵਾਰ ਦਾ ਮੱਥਾ।'

'ਪਤਾ ਨਹੀਂ ਤੂੰ ਕਿੱਥੇ ਚਲੀ ਗਈ ਏਂ, ਤੇਰੀਆਂ ਅਰਦਾਸਾਂ ਪ੍ਰਵਾਨ ਕਿਉਂ ਨਹੀਂ ਹੋਈਆਂ? ਆਖ਼ਰੀ ਵਾਰ ਤੇਰਾ ਘਰ ਆਉਣ ਦਾ ਸੁਪਨਾ ਕਿਉਂ ਨਾ ਪੂਰਾ ਹੋਇਆ? ਰੱਬ ਨੇ ਤੇਰੀ ਕਿਉਂ ਨਾ ਸੁਣੀ?'

ਅਸੀਂ ਭਰਾ ਕਿੰਦਰ ਦੇ ਘਰ ਵਲ ਮੁੜ ਪਏ। ਰਾਹ ਜਾਂਦੇ ਲੋਕਾਂ ਦੀਆਂ ਕਾਰਾਂ ਵਿਚ ਚੱਲਦਾ ਸੰਗੀਤ ਮੈਨੂੰ ਚੁਭ ਰਿਹਾ ਸੀ। ਪਰ ਕਿਸੇ ਨੂੰ ਕਿਸੇ ਦੇ ਦਰਦ ਬਾਰੇ ਕੀ ਪਤਾ ਹੋ ਸਕਦੈ?

ਮਾਂ ਮਰਨ ਤੋਂ ਪਹਿਲਾਂ ਆਪਣੇ ਬੱਚਿਆਂ ਅਤੇ ਪੋਤੇ ਪੋਤੀਆਂ ਨੂੰ ਜੀਅ ਭਰ ਕੇ ਦੇਖਣਾ ਚਾਹੁੰਦੀ ਸੀ। ਮਾਂ ਦਾ ਹਸਪਤਾਲ ਵਿਚ ਸਾਰੀ ਰਾਤ ਪਾਣੀ ਖੁਣੋ ਮੂੰਹ ਸੁੱਕਦਾ ਰਹਿੰਦਾ ਸੀ, ਪਰ ਨਰਸਾਂ ਲਈ ਇਹ ਕੋਈ ਜ਼ਰੂਰੀ ਗੱਲ ਨਹੀਂ ਸੀ। ਮਾਂ ਦੇ ਬਿਸਤਰੇ ਵਿਚ ਵਲ਼ ਪੈ ਜਾਂਦੇ, ਖੰਘ ਛਿੜਦੀ ਕਦੇ ਸਾਹ ਨਾ ਮੁੜਦਾ, ਪਰ ਉੱਥੇ ਉਸ ਦੀ ਸਾਰ ਲੈਣ ਵਾਲਾ ਕੋਈ ਵੀ ਨਾ ਹੁੰਦਾ। ਡਾਕਟਰਾਂ ਨਰਸਾਂ ਦਾ ਸਾਰਾ ਧਿਆਨ ਕੋਵਿਡ ਮਰੀਜ਼ਾਂ ਵਲ ਰਹਿੰਦਾ।

ਸਾਡੇ ਰੋਜ਼ ਲੜਨ ਕਰ ਕੇ, ਡਾਕਟਰਾਂ ਨੇ ਮਾਂ ਨਾਲ ਸਾਡੀ ਹਰ ਰੋਜ਼ ਜ਼ੂਮ ਮੀਟਿੰਗ ਕਰਾਉਣੀ ਸੈੱਟ ਕਰ ਦਿਤੀ। ਮਾਂ ਨੂੰ ਤਾਂ ਆਈਪੈਡ ਦੀ ਸਮਝ ਹੀ ਕੋਈ ਨਹੀਂ ਸੀ, ਉਹ ਤਾਂ ਫੋਨ ਵੀ ਨਹੀਂ ਸੀ ਚਲਾ ਸਕਦੀ। ਨਰਸ ਸੈੱਟ ਕਰ ਕੇ ਦੇ ਜਾਂਦੀ ਤਾਂ ਮਾਂ ਤੋਂ ਕਦੇ ਕੈਮਰਾ ਹਿੱਲ ਜਾਂਦਾ ਤੇ ਕਦੇ ਆਵਾਜ਼ ਨਾ ਆਉਂਦੀ। ਦਸ ਮਿੰਟ ਐਵੇਂ ਲੰਘ ਜਾਂਦੇ। ਉਹ ਹੱਥ ਮਾਰਦੀ, ਤਰਲੇ ਕਰਦੀ ਜਿਵੇਂ ਕਹਿੰਦੀ ਹੋਵੇ, 'ਮੈਨੂੰ ਘਰ ਲੈ ਜਾਵੋ। ਨਹੀਂ ਤਾਂ ਫੇਰ ਮੇਰੇ ਮਰੀ ਦਾ ਹੀ ਮੂੰਹ ਦੇਖਣ ਆਵੋਂਗੇ?'

ਅੱਜ ਉਹ ਘਰ ਜਾ ਰਹੀ ਸੀ। ਅਸੀਂ ਲੋਕਾਂ ਦੀਆਂ ਗੱਲਾਂ ਦੀ ਪਰਵਾਹ ਨਹੀਂ ਸੀ ਕੀਤੀ। ਆਖਿਰ ਉਹ ਸਾਡੀ ਮਾਂ ਸੀ। ਬਾਕੀ ਕਾਰਾਂ ਵੀ ਸਾਡੇ ਪਿੱਛੇ ਹੀ ਮੁੜ ਪਈਆਂ।

ਦੁਨੀਆਂ ਉਸੇ ਤਰ੍ਹਾਂ ਚੱਲ ਰਹੀ ਸੀ। ਸੂਰਜ, ਚੜ੍ਹ ਰਿਹਾ ਸੀ, ਹਵਾ ਵਗ ਰਹੀ ਸੀ, ਲੋਕ ਕੰਮਾਂ 'ਤੇ ਆ ਜਾ ਰਹੇ ਸਨ। ਕਿਸੇ ਦੇ ਜਾਣ ਨਾਲ ਦੁਨੀਆਂ ਨੂੰ ਕੋਈ ਫਰਕ ਨਹੀਂ ਪੈਂਦਾ। ਇਕ ਦੋ ਗੁਆਂਢਣਾਂ ਨੇ ਜ਼ਰੂਰ ਪੁ'ਛਿਆ ਸੀ ਕਿ "ਭਾਈ ਥੋਡੀ ਬੀਬੀ ਨੀ ਦੀਂਹਦੀ" ਤਾਂ ਅਸੀਂ ਦੱਸਿਆ ਸੀ ਕਿ ਉਹ ਤਾਂ ਹਸਪਤਾਲ ਦਾਖ਼ਲ ਆ।

ਫੇਰ ਲੋਕਾਂ ਦੇ ਆਉਣ ਜਾਣ ਤੋਂ ਆਂਢ ਗੁਆਂਢ ਨੂੰ ਵੀ ਪਤਾ ਲੱਗ ਗਿਆ ਸੀ ਕਿ ਮਾਤਾ ਚੜ੍ਹਾਈ ਕਰ ਗਈ ਹੈ। ਮੂੰਹ ਮੁਲਾਹਜੇ ਨੂੰ ਕਈ ਆ ਕੇ ਅਫ਼ਸੋਸ ਵੀ ਕਰ ਗਏ ਸਨ।

ਜੇ ਮਾਂ ਕੁਦਰਤੀ ਚੜ੍ਹਾਈ ਕਰ ਜਾਂਦੀ ਤਾਂ ਵੱਖਰੀ ਗੱਲ ਸੀ। ਪਰ ਸਾਡੀ ਮਾਂ ਤਾਂ ਕੋਵਿਡ 'ਚ ਹੋਈ ਲਾਪਰਵਾਹੀ ਕਾਰਨ ਮਰੀ ਸੀ। ਹਜ਼ਾਰਾਂ ਹੋਏ ਕਤਲਾਂ ਵਿਚੋਂ ਇਹ ਵੀ ਇਕ ਕਤਲ ਹੀ ਸੀ। ਉਸ ਭਿਆਨਕ ਵੇਲੇ ਨੂੰ ਯਾਦ ਕਰਕੇ ਮੈਂ ਧੁਰ ਅੰਦਰ ਤਕ ਹਿੱਲ ਗਿਆ।

ਅਸੀਂ ਰੋਜ਼ ਜ਼ੂਮ ਮੀਟਿੰਗ 'ਤੇ ਗੱਲ ਕਰ ਰਹੇ ਸਾਂ। ਮਾਂ ਤੋਂ ਚੰਗੀ ਤਰ੍ਹਾਂ ਬੋਲਿਆ ਨਹੀਂ ਸੀ ਜਾ

ਰਿਹਾ। ਅਸੀਂ ਸਾਰੇ ਜ਼ੋਰ ਲਾ ਕੇ ਉਸ ਦੀ ਗੱਲ ਸਮਝ ਲੈਂਦੇ। ਉਹ ਕਹਿ ਰਹੀ ਸੀ ਕਿ ਬੀਤੀ ਰਾਤ ਜਦੋਂ ਰੋਟੀ ਖਾਣ ਤੋਂ ਬਾਅਦ ਉਸ ਨੂੰ ਹੁੱਥੂ ਆਇਆ, ਤਾਂ ਉਸ ਦਾ ਆਕਸੀਜਨ ਮਾਸਕ ਲਹਿ ਗਿਆ ਸੀ। ਉਸ ਨੇ ਬਥੇਰਾ ਰੌਲ਼ਾ ਪਾਇਆ ਪਰ ਕੋਈ ਨਰਸ ਨਹੀਂ ਸੀ ਆਈ। ਉਸ ਤੋਂ ਥੱਲੇ ਡਿੱਗਿਆ ਮਾਸਕ ਚੁੱਕਿਆ ਨਾ ਗਿਆ। ਉਸਦਾ ਸਾਹ ਬੰਦ ਹੋ ਰਿਹਾ ਸੀ। ਉਹ ਮਰਨ ਲੱਗੀ ਸੀ। ਉਸ ਦਾ ਦਿਲ ਦਰਦ ਕਰ ਰਿਹਾ ਏ। ਤੇ ਉਹ ਧਾਹੀਂ ਰੋ ਰਹੀ ਸੀ।

ਉਹ ਮੌਤ ਨਾਲ ਜੂਝਦੀ ਰਹੀ। ਫੇਰ ਜੋ ਹੱਥ ਆਇਆ ਚਲਾ ਕੇ ਮਾਰਿਆ ਸੀ। ਤਾਂ ਕਿਤੇ ਖੜਕਾ ਸੁਣ ਕੇ ਕੋਈ ਨਰਸ ਆਈ ਸੀ। ਉਸ ਵਕਤ ਮਾਂ ਦਾ ਦਿਲ ਫੇਲ੍ਹ ਹੋਣ ਕਿਨਾਰੇ ਸੀ। ਉਸ ਦੀ ਆਵਾਜ਼ ਨਿੱਕਲਣੀ ਬੰਦ ਹੋ ਗਈ ਸੀ। ਪਰ ਜਦੋਂ ਅਸੀਂ ਫੋਨ ਕੀਤਾ ਤਾਂ ਨਰਸ ਨੇ ਅਜਿਹੀ ਕੋਈ ਗੱਲ ਨਹੀਂ ਸੀ ਦੱਸੀ। ਮਾਂ ਕਹਿੰਦੀ ਰਹੀ ਸੀ ਕਿ ਉਸ ਨੂੰ ਘਰ ਲੈ ਜਾਉ, ਨਹੀਂ ਤਾਂ ਉਹ ਉਸ ਨੂੰ ਮਾਰ ਦੇਣਗੇ। ਫੇਰ ਮਾਂ ਦੀ ਹਾਲਤ ਏਨੀ ਵਿਗੜ ਗਈ ਕਿ ਉਸਦਾ ਸਪੈਸ਼ਲਿਸਟ ਕਹਿ ਰਿਹਾ ਸੀ, 'ਤੁਸੀਂ ਪ੍ਰਵਾਨਗੀ ਤਾਂ ਦੇਵੋ ਕਿ ਮਾਂ ਨੂੰ ਪੇਲੇਟਿਵ ਕੇਅਰ ਵਿਚ ਬਦਲਿਆ ਜਾਵੇ। ਤੇ ਜਾਂ ਫੇਰ ਘਰ ਲੈ ਜਾਵੋ। ਕਿਸੇ ਵੀ ਸਮੇਂ ਹੁਣ ਇਹ ਜਾ ਸਕਦੀ ਆ, ਭਾਵ ਡੈੱਥ ਹੋ ਸਕਦੀ ਆ"

ਇਸ ਸਥਿਤੀ ਵਿਚ ਜਦੋਂ ਡਾਕਟਰ ਸਾਰਾ ਇਲਾਜ ਰੋਕ ਦਿੰਦੇ ਹਨ। ਦਵਾਈਆਂ ਬੰਦ ਕਰ ਦਿੰਦੇ ਹਨ ਤੇ ਮਰੀਜ਼ ਨੂੰ ਉਹਦੇ ਹਾਲ 'ਤੇ ਮਰਨ ਲਈ ਛੱਡ ਦਿੰਦੇ ਹਨ। ਇਹ ਗੱਲ ਵੀ ਸਾਨੂੰ ਸਪੈਸ਼ਲਿਸਟ ਡਾਕਟਰ ਨੇ ਹੀ ਸਮਝਾਈ ਸੀ।

ਮੈਨੂੰ ਇਹ ਗੱਲਾਂ ਸੁਣ ਹੀ ਘੁਮੇਰ ਜਿਹੀ ਚੜ੍ਹੀ ਸੀ। ਮੈਂ ਤਾਂ ਅਜੇ ਸੋਚ ਹੀ ਰਿਹਾ ਸੀ, ਪਰੰਤੂ ਭਰਾ ਨੇ ਮਾਂ ਦਾ ਘਰ ਆਉਣਾ ਸੁਣ ਕੇ ਹੀ ਪੇਲੇਟਿਵ ਕੇਅਰ ਲਈ ਹਾਂ ਕਰ ਦਿੱਤੀ। ਮੈਂ ਉਸ ਨੂੰ ਕਿਹਾ ਵੀ ਸੀ ਕਿ 'ਇਹ ਤੂੰ ਕੀ ਕੀਤਾ?'

ਪਰ ਉਸਦਾ ਕਹਿਣਾ ਸੀ ਕਿ ਜੇ ਮਾਂ ਨੇ ਹੁਣ ਜਾਣਾ ਹੀ ਹੈ ਤਾਂ ਘਰੋਂ ਤਾਂ ਜਾਵੇਗੀ। ਸਾਡੇ ਸਾਰਿਆਂ ਦੇ ਹੱਥਾਂ ਵਿਚ ਉਸ ਦੀ ਜਾਨ ਸੌਖੀ ਨਿੱਕਲੇਗੀ। ਤੇ ਜਾਣ ਲੱਗੀ ਕੁੱਝ ਗੱਲਾਂ ਵੀ ਕਰ ਜਾਵੇਗੀ ।ਉਸਦੇ ਮਨ ਨੂੰ ਸ਼ਾਂਤੀ ਮਿਲ ਜਾਵੇਗੀ। ਉਹ ਮਾਂ ਦੀ ਜ਼ਿੱਦ ਅੱਗੇ ਝੁਕ ਗਿਆ ਸੀ।

ਫੇਰ ਅਸੀਂ ਹਸਪਤਾਲ ਵਾਲਿਆਂ ਨੂੰ ਕਹਿ ਦਿੱਤਾ ਸੀ, ਕਿ ਮਾਂ ਨੂੰ ਅਸੀ ਘਰ ਲਿਆਉਣਾ ਚਾਹੁੰਦੇ ਹਾਂ। ਅਸੀਂ ਸਪੈਸ਼ਲਿਸਟ ਨੂੰ ਆਪਣੀ ਇੱਛਾ ਦੱਸੀ ਤਾਂ ਉਹ ਕਹਿਣ ਲੱਗਾ ਕਿ ਹੋ ਸਕਦਾ ਇਹ ਘਰ ਪਹੁੰਚੇ ਹੀ ਨਾ, ਤੇ ਹੋ ਸਕਦਾ ਹੈ ਕਿ ਮਹੀਨਾ ਹੋਰ ਕੱਟ ਜਾਵੇ। ਪਰੰਤੂ ਅਸੀਂ ਮਾਂ ਨੂੰ ਘਰ ਲਿਆਉਣ ਦੀ ਤਿਆਰੀ ਕਰ ਲਈ, ਤੇ ਮਾਂ ਨੂੰ ਵੀ ਫੋਨ 'ਤੇ ਇਹ ਗੱਲ ਦੱਸ ਦਿੱਤੀ। ਮਾਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਸਦੀ ਆਵਾਜ਼ ਵਿਚ ਤਾਕਤ ਆ ਗਈ। ਤੇ ਉਹ ਸਾਨੂੰ ਉਡੀਕਣ ਲੱਗੀ।

ਉਧਰ ਹਸਪਤਾਲ ਵਾਲਿਆਂ ਦੀ ਸ਼ਰਤ ਸੀ ਕਿ ਅਸੀਂ ਮਾਂ ਨੂੰ ਸਿਰਫ਼ ਐਂਬੂਲੈਂਸ ਵਿਚ ਹੀ ਘਰ ਲੈ ਕੇ ਜਾ ਸਕਦੇ ਹਾਂ। ਹੁਣ ਸਾਡੇ ਲਈ ਕੋਈ ਐਂਬੂਲੈਂਸ ਲੱਭਣਾ ਯੁੱਧ ਲੜਨ ਵਰਗੀ ਗੱਲ ਸੀ। ਕੋਵਿਡ ਕਾਰਨ ਸ਼ਹਿਰ ਵਿਚ ਇਕ ਵੀ ਐਂਬੂਲੈਂਸ ਖਾਲੀ ਨਹੀਂ ਸੀ।

ਬਹੁਤ ਜੱਦੋ ਜਹਿਦ ਕਰਕੇ ਸਾਨੂੰ ਸ਼ਾਮ ਦੇ ਛੇ ਕੁ ਵਜੇ ਇਕ ਐਂਬੂਲੈਂਸ ਮਿਲ ਗਈ। ਮਾਂ ਦੁਪਹਿਰ ਦੇ ਇਕ ਵਜੇ ਤੋਂ ਸਾਨੂੰ ਉਡੀਕਦੀ ਅੱਕ ਚੁੱਕੀ ਸੀ। ਉਸਦਾ ਘਰ ਜਾਣਾ ਇਕ ਸੁਪਨਾ ਬਣਦਾ ਜਾ ਰਿਹਾ ਸੀ। ਮਾਂ ਦਾ ਸਮਾਨ ਨਰਸਾਂ ਤਿਆਰ ਕਰ ਦਿੱਤਾ ਤੇ ਹਸਪਤਾਲੋਂ ਛੁੱਟੀ ਵੀ ਦੇ ਦਿੱਤੀ ਸੀ। ਅਸੀਂ ਤਾਂ ਅੰਦਰ ਜਾ ਨਹੀਂ ਸੀ ਸਕਦੇ, ਬੱਸ ਨਰਸਾਂ ਨੇ ਹੀ ਮਾਂ ਨੂੰ ਘਰ ਤੋਰਨਾ ਸੀ। ਉਹ ਸਾਡੇ ਨਾਲ ਫੋਨ 'ਤੇ ਗੱਲ ਕਰ ਰਹੀਆਂ ਸਨ। ਮਾਂ ਨੂੰ ਜਦੋਂ ਨਰਸ ਨੇ ਦੱਸਿਆ ਕਿ ਤੈਨੂੰ ਲੈਣ ਐਂਬੂਲੈਂਸ ਆ ਰਹੀ ਹੈ, ਤਾਂ ਉਹ ਬਹੁਤ ਖ਼ੁਸ਼ ਹੋ ਗਈ।

ਛੇ ਕੁ ਵਜੇ ਐਂਬੂਲੈਂਸ ਹਸਪਤਾਲ ਪਹੁੰਚੀ। ਜਦੋਂ ਉਨ੍ਹਾਂ ਮਾਂ ਦੇ ਲੱਗੀ ਆਕਸੀਜਨ ਵੇਖੀ, ਤਾਂ ਉਹ ਨਾਂਹ ਨੁੱਕਰ ਕਰਨ ਲੱਗੇ। ਕਿਉਂਕਿ ਇਸ ਐਂਬੂਲੈਂਸ ਵਿਚ ਏਨੀ ਆਕਸੀਜਨ ਦਾ ਪ੍ਰਬੰਧ ਨਹੀਂ ਸੀ। ਹਸਪਤਾਲ ਵਾਲੇ ਵੀ ਇਸ ਛੋਟੀ ਸਮਰੱਥਾ ਵਾਲੀ ਗੱਡੀ ਵਿਚ ਮਾਂ ਨੂੰ ਭੇਜ ਕੇ ਕੋਈ ਖ਼ਤਰਾ ਮੁੱਲ ਲੈਣਾ ਨਹੀਂ ਸੀ ਚਾਹੁੰਦੇ। ਮਾਂ ਦੀ ਸਾਰੀ ਤਿਆਰੀ ਧਰੀ ਧਰਾਈ ਹੀ ਰਹਿ ਗਈ।

ਐਂਬੂਲੈਂਸ ਵਾਲੇ ਮਾਂ ਨੂੰ ਬਗ਼ੈਰ ਲਏ ਹੀ ਵਾਪਿਸ ਮੁੜ ਗਏ ਤੇ ਮਾਂ ਰੋਂਦੀ ਹੀ ਰਹਿ ਗਈ। ਉਸ ਦਾ ਦਿਲ ਟੁੱਟ ਗਿਆ ਸੀ।

ਉਸ ਤੋਂ ਬਾਅਦ ਇਕ ਇਕ ਜੀਅ ਫੋਨ 'ਤੇ ਲੱਗ ਗਿਆ, ਤਾਂ ਕਿ ਕਿਸੇ ਹੋਰ ਐਂਬੂਲੈਂਸ ਦਾ ਪ੍ਰਬੰਧ ਕੀਤਾ ਜਾ ਸਕੇ। ਸ਼ਹਿਰ ਵਿਚ ਕੋਈ ਪੈਰਾਮੈਡਿਕ ਤੇ ਕੋਈ ਐਂਬੂਲੈਂਸ ਨਹੀਂ ਸੀ ਮਿਲ ਰਹੀ। ਇਹ ਯੁੱਧ ਸਭ ਤੋਂ ਔਖਾ ਸੀ, ਜੋ ਅਸੀ ਹਾਰ ਰਹੇ ਸਾਂ ਤੇ ਰੋ ਰਹੇ ਸਾਂ। ਇਹ ਸੋਚ ਸੋਚ ਕੇ ਕਾਲਜਾ ਮੂੰਹ ਨੂੰ ਆਉਂਦਾ, ਕਿ ਸਾਨੂੰ ਜਨਮ ਦੇਣ ਵਾਲੀ ਅੱਜ ਕੀ ਸੋਚਦੀ ਹੋਊ? ਕਿ ਮੈਨੂੰ ਘਰ ਕਿਉਂ ਨਹੀਂ ਲੈ ਕੇ ਜਾ ਰਹੇ?

ਜਦੋਂ ਨੌਂ ਵਜੇ ਤਕ ਵੀ ਅਸੀਂ ਐਂਬੂਲੈਂਸ ਦਾ ਪ੍ਰਬੰਧ ਨਾ ਕਰ ਸਕੇ, ਤਾਂ ਹਸਪਤਾਲ ਤੋਂ ਫੋਨ ਆਇਆ ਕਿ ਨੌਂ ਵਜੇ ਤੋਂ ਬਾਅਦ ਅਸੀਂ ਮਰੀਜ਼ ਨੂੰ ਘਰ ਨਹੀਂ ਭੇਜ ਸਕਦੇ। ਉਨ੍ਹਾਂ ਮਾਂ ਨੂੰ ਇਕ ਰਾਤ ਵਾਸਤੇ ਫੇਰ ਦਾਖ਼ਲ ਕਰ ਲਿਆ, ਤੇ ਸਾਨੂੰ ਐਂਬੂਲੈਂਸ ਦਾ ਪ੍ਰਬੰਧ ਕਰ ਕੇ ਦੂਸਰੇ ਦਿਨ ਫੋਨ ਕਰਨ ਲਈ ਕਿਹਾ। ਉਹ ਰਾਤ ਸਾਡੀ ਜ਼ਿੰਦਗੀ ਦੀ ਸਭ ਤੋਂ ਮੁਸ਼ਕਲ ਰਾਤ ਸੀ।

ਨਿਰਾਸ਼ ਹੋ ਕੇ ਅਸੀਂ ਹਸਪਤਾਲ ਦੀ ਪਾਰਕਿੰਗ ਲਾਟ ਵਿਚ ਚਲੇ ਗਏ। ਡਾਕਟਰਾਂ ਦੀ ਮਿੰਨਤਾਂ ਕੀਤੀਆਂ, ਕਿ ਮਾਂ ਨੂੰ ਮਿਲਾ ਦਵੋ। ਪਰ ਉਹ ਨਹੀਂ ਮੰਨੇ ਤੇ ਸਕਿਉਰਟੀ ਬੁਲਾ ਕੇ ਸਾਨੂੰ ਹਸਪਤਲੋਂ ਕੱਢਣ ਦੀਆਂ ਧਮਕੀਆਂ ਦੇਣ ਲੱਗੇ। ਅਸੀਂ ਹਾਰ ਕੇ ਘਰ ਨੂੰ ਮੁੜ ਆਏ। ਅਸੀਂ ਮਾਂ ਦੀ ਇਕ ਨਿੱਕੀ ਜਿਹੀ ਮੰਗ ਵੀ ਪੂਰੀ ਨਾ ਕਰ ਸਕੇ...।

ਮੇਰੇ ਅੱਥਰੂ ਪਰਲ ਪਰਲ ਵਗਣ ਲੱਗੇ। ਹੁਣ ਲਗ ਪਗ ਅਸੀਂ ਘਰ ਦੇ ਕੋਲ਼ ਆ ਗਏ ਸਾਂ। ਮਾਂ ਦੀ ਰਾਖ਼ ਦਾ ਇਸ ਤਰ੍ਹਾਂ ਘਰ ਲਿਆਉਣਾ ਮੈਨੂੰ ਭਾਵੁਕ ਕਰ ਗਿਆ।

ਸਾਡੀਆਂ ਗੱਡੀਆਂ ਘਰ ਅੱਗੇ ਆ ਕੇ ਰੁਕ ਗਈਆਂ। ਮੈਂ ਮਾਂ ਨੂੰ ਬੁੱਕਲ਼ ਵਿਚ ਲਈਂ ਬੈਠਾ ਸੀ। ਸਾਹਮਣੇ ਬਾਲਕੋਨੀ ਵਿਚ ਉਹ ਹੀ ਕੁਰਸੀ ਪਈ ਸੀ, ਜਿਸ 'ਤੇ ਮਾਂ ਅਕਸਰ ਬੈਠ ਕੇ ਸੜਕ 'ਤੇ ਜਾਂਦੇ ਲੋਕਾਂ ਨੂੰ ਵੇਖਦੀ ਹੁੰਦੀ ਸੀ। ਸਾਹਮਣੇ ਉਹ ਝੂਲਾ ਵੀ ਝੂੱਲ ਰਿਹਾ ਸੀ, ਜਿਸ 'ਤੇ ਮਾਂ ਕਦੇ ਕਦੇ ਬੈਠ ਜਾਂਦੀ ਸੀ। ਪਰ ਅੱਜ ...।

ਮੈਂ ਮਾਂ ਦਾ ਕਲਸ ਲੈ ਕੇ ਹੌਲ਼ੀ ਹੌਲ਼ੀ ਦਰਵਾਜ਼ੇ ਵੱਲ ਵਧਣ ਲੱਗਾ। ਮੇਰੇ ਪਿੱਛੇ ਪਿੱਛੇ ਸਾਰੇ ਹੀ ਆ ਰਹੇ ਸਨ। ਉਹ ਹੀ ਘਰ ਸੀ, ਉਹ ਹੀ ਆਲ਼ਾ ਦੁਆਲ਼ਾ, ਪਰ ਹੁਣ ਹਾਲਾਤ ਬਦਲ ਚੁੱਕੇ ਸਨ।

ਮੈਂ ਮਾਂ ਨੂੰ ਕਿਹਾ "ਲੈ ਮਾਂ ਆ ਗਈ ਤੂੰ ਆਪਣੇ ਘਰ"

ਮੇਰੇ ਮੂੰਹੋਂ ਇਹ ਸੁਣ ਕੇ ਸਭ ਦੀਆਂ ਭੁੱਬਾਂ ਨਿਕਲ ਗਈਆਂ। ਮੇਰੇ ਵੀ ਅਥਰੂ ਬੇਮੁਹਾਰੇ ਹੋ ਗਏ। ਮਾਂ ਨੂੰ ਸਤਿਕਾਰ ਨਾਲ ਘਰ ਦੇ ਅੰਦਰ ਲਿਜਾਇਆ ਗਿਆ। ਮਾਂ ਦੀ ਲਾਡਲੀ ਡੇਜ਼ੀ ਜੋ ਮਾਂ ਦਾ ਕਦੇ ਵਸਾਹ ਨਹੀਂ ਸੀ ਕਰਦੀ, ਹੁਣ ਭੱਜੀ ਫਿਰਦੀ ਸੀ। ਉਸ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਇਹ ਕੀ ਹੋ ਰਿਹਾ ਹੈ। ਇਹ ਡੌਗੀ ਨਿੱਕੀ ਹੁੰਦੀ ਮਾਂ ਦੇ ਹੱਥਾਂ ਵਿਚ ਹੀ ਪਲ਼ੀ ਸੀ। ਡੇਜ਼ੀ ਨੇ ਮਾਂ ਨੂੰ ਬਹੁਤ ਮਿੱਸ ਕੀਤਾ ਸੀ। ਉਹ ਘੰਟਿਆਂ ਬੱਧੀ ਬੂਹੇ ਅੱਗੇ ਬੈਠੀ ਉਸ ਨੂੰ ਉਡੀਕਦੀ ਰਹਿੰਦੀ ਸੀ। ਜੇ ਮਾਂ ਅੱਜ ਘਰ ਆਈ ਸੀ ਤਾਂ ਵਿਚਾਰੀ ਡੇਜ਼ੀ ਨੂੰ ਨਹੀਂ ਸੀ ਪਤਾ।

ਸਾਹਮਣੇ ਮਾਂ ਦਾ ਡੇਅ ਬੈੱਡ ਪਿਆ ਸੀ, ਜਿਸ 'ਤੇ ਬੈਠ ਕੇ ਉਹ ਪਾਠ ਕਰਦੀ, ਗੱਲਾਂ ਮਾਰਦੀ ਤੇ ਆਪਣਾ ਸਮਾਂ ਗੁਜ਼ਾਰਦੀ।

ਔਰਤਾਂ ਗੱਲਾਂ ਕਰ ਕਰ ਡੁਸਕਦੀਆਂ ਰਹੀਆਂ।

"ਲੈ ਦੱਸ ਭਾਈ ਬੰਦੇ ਦਾ ਕੀ ਪਤੈ...ਵਿਚਾਰੀ ਏਥੇ ਈ ਬੈਠੀ ਹੁੰਦੀ ਸੀ। ਵਿਚਾਰੀ ਨੂੰ ਘਰ ਆਉਣਾ ਵੀ ਨਸੀਬ ਨਾ ਹੋਇਆ", ਮਹਿੰਦਰ ਕੁਰ ਬੋਲੀ ਜੋ ਦੂਰੋਂ ਉਸਦੀ ਨਣਾਨ ਲੱਗਦੀ ਸੀ।

"ਕੀ ਪਤਾ ਸੀ ਆਂਟੀ ਇਸ ਤਰ੍ਹਾਂ ਘਰ ਆਊ?" ਉਸ ਦੀ ਭਤੀਜੀ ਮਹਿਕ ਬੋਲੀ।

"ਬੱਸ ਭਾਈ ਕੋਈ ਗ੍ਰਹਿਆਂ ਦਾ ਗੇੜ ਸੀ, ਕਦੇ ਸੁਣਿਆਂ ਸੀ ਏਹੋ ਜਿਹਾ ਸਮਾਂ...? ਇਹ ਵੀ ਵਿਚਾਰੇ ਘੁੰਮਣ ਘੇਰੀਆਂ ਵਿਚ ਪਏ ਰਹੇ।"

"ਏਹਨਾਂ ਨੇ ਕਿਤੇ ਵਿਚਾਰਿਆਂ ਨੇ ਥੋੜ੍ਹਾ ਕੀਤੈ। ਜੋ ਪਰਮਾਤਮਾ ਨੂੰ ਮੰਜੂਰ ਆ, ਉਹ ਹੀ

ਹੋਣੈ", ਗੁਰਮੇਲ ਕੌਰ ਬੋਲੀ।

"ਭਾਈ ਜਿੰਨੇ ਸਾਹ ਲਿਖੇ ਨੇ ਉਨੇ ਹੀ ਲੈਣੇ ਆ - ਬੱਸ ਉਹਦੀ ਆ ਲੱਗੀ।"

ਔਰਤਾਂ ਗੱਲਾਂ ਕਰਦੀਆਂ ਰਹੀਆਂ। ਤੇ ਅੰਤ ਨੂੰ ਸਾਰਾ ਭਾਂਡਾ ਰੱਬ ਸਿਰ ਭੰਨ ਦਿੱਤਾ ਗਿਆ। ਡਾਕਟਰਾਂ ਨੂੰ ਬਰੀ ਕਰ ਦਿੱਤਾ ਗਿਆ। ਪਰੰਤੂ ਮੈਂ ਨਹੀਂ ਸੀ ਬਰੀ ਕਰ ਸਕਿਆ। ਮੈਨੂੰ ਲੱਗਿਆ ਜਿਵੇਂ ਮੇਰੀ ਮਾਂ ਨੂੰ ਮਾਰ ਦਿੱਤਾ ਗਿਆ ਸੀ। ਮੇਰਾ ਭਰਾ ਕਿੰਦਰ ਵੀ ਏਸੇ ਤਰ੍ਹਾਂ ਸੋਚਦਾ ਸੀ।

ਫੇਰ ਮੈਨੂੰ ਉਹ ਮਨਹੂਸ ਰਾਤ ਯਾਦ ਆਈ।

ਉਸ ਰਾਤ ਜਦੋਂ ਐਂਬੂਲੈਂਸ ਨਾ ਮਿਲੀ ਤਾਂ ਅਸੀਂ ਬੇਵਸ ਹੋਏ ਘਰ ਆ ਗਏ। ਮਾਂ ਨੂੰ ਹਸਪਤਾਲ ਵਾਲਿਆਂ ਮੁੜ ਤੋਂ ਦਾਖ਼ਲ ਕਰ ਲਿਆ। ਉਹ ਬੇਹੱਦ ਨਿਰਾਸ਼ ਸੀ ਤੇ ਰੋਈ ਵੀ ਹੋਵੇਗੀ। ਉਸ ਦੀ ਘਰ ਜਾਣ ਦੀ ਆਸ ਮਿਟ ਗਈ ਹੋਵੇਗੀ ਤੇ ਗਹਿਰੇ ਸਦਮੇ ਕਾਰਨ ਹੀ ਉਸ ਦਾ ਦਿਲ ਫੇਲ੍ਹ ਹੋ ਗਿਆ ਹੋਵੇਗਾ। ਇਹ ਗੱਲਾਂ ਤਾਂ ਸਿਰਫ਼ ਮੈਂ ਸੋਚ ਰਿਹਾ ਸੀ। ਅਸਲੀਅਤ ਕਿਸੇ ਨੂੰ ਵੀ ਨਹੀਂ ਸੀ ਪਤਾ, ਕਿ ਕੀ ਹੋਇਆ ਹੋਵੇਗਾ।

ਉਸ ਦਿਨ ਮੈਂ ਘਰ ਜਾ ਕੇ ਮੂੰਹ ਵਿਚ ਬੁਰਕੀ ਪਾਉਣ ਹੀ ਲੱਗਿਆ ਸੀ, ਕਿ ਮੇਰੇ ਭਤੀਜੇ ਰਾਜ ਦਾ ਫੋਨ ਆਇਆ। ਉਹ ਰੋ ਰਿਹਾ ਸੀ ਤਾਂ ਮੇਰਾ ਮੱਥਾ ਠਣਕਿਆ ਕਿ ਮਾਂ ਠੀਕ ਹੋਵੇ। ਪਰ ਉਸ ਨੇ ਤਾਂ ਫਲਾਹ ਸੋਟਾ ਮਾਰ ਦਿੱਤਾ ਸੀ। "ਅੰਕਲ ਦਾਦੀ ਪੂਰੇ ਹੋ ਗਏ..."

ਉਹ ਰੋ ਰਿਹਾ ਸੀ। ਤੇ ਪਿੱਛੋਂ ਵੀ ਰੋਣ ਦੀਆਂ ਆਵਾਜ਼ਾਂ ਆ ਰਹੀਆਂ ਸਨ।

"ਅੰਕਲ ਹੁਣੇ ਏਧਰ ਨੂੰ ਆਜੋ"

ਮੈਂ ਕਿਹਾ ਕਿੰਦਰ ਨਾਲ ਮੇਰੀ ਗੱਲ ਕਰਾ। ਉਸ ਤੋਂ ਵੀ ਰੋਂਦੇ ਤੋਂ ਬੋਲਿਆ ਨਹੀਂ ਸੀ ਜਾ ਰਿਹਾ। ਉਸ ਨੇ ਦੱਸਿਆ।

ਨਰਸ ਦੱਸਦੀ ਸੀ ਕਿ ਦੁਬਾਰਾ ਦਾਖ਼ਲ ਕਰਨ ਤੋਂ ਬਾਅਦ ਮਾਂ ਬਹੁਤ ਅੱਪਸੈੱਟ ਸੀ। ਉਹ ਕੁੱਝ ਨਹੀਂ ਸੀ ਬੋਲ ਰਹੀ, ਸਿਰਫ਼ ਰੋ ਰਹੀ ਸੀ। ਅਸੀਂ ਨੌਂ ਕੁ ਵਜੇ ਉਸ ਨੂੰ ਫੂਡ ਦਿੱਤਾ। ਪਰ ਉਸ ਨੇ ਖਾਧਾ ਨਹੀਂ। ਉਹ ਨਰਸ ਦੂਸਰੇ ਮਰੀਜ਼ ਦੇਖਣ ਅੱਗੇ ਚਲੀ ਗਈ। ਜਦੋਂ ਉਸ ਨੇ ਪੰਦਰਾਂ ਕੁ ਮਿੰਟ ਬਾਅਦ ਆ ਕੇ ਦੇਖਿਆ, ਤਾਂ ਫੂਡ ਉਸੇ ਤਰ੍ਹਾਂ ਪਿਆ ਸੀ ਤੇ ਮਾਂ ਦੁਨੀਆਂ ਛੱਡ ਕੇ ਜਾ ਚੁੱਕੀ ਸੀ। ਭਰਾ ਦੀ ਧਾਅ ਨਿੱਕਲ ਗਈ ਸੀ।

ਅਸੀਂ ਗੱਡੀ ਭਜਾ ਕੇ ਹਸਪਤਾਲ ਪਹੁੰਚੇ। ਜਿਸ ਨੂੰ ਵੀ ਪਤਾ ਲੱਗਿਆ ਉਹ ਹਸਪਤਾਲ ਆ ਗਿਆ। ਅਸੀਂ ਉੱਥੇ ਦਸ ਬਾਰਾਂ ਲੋਕ ਸੀ।

ਕਾਊਂਟਰ 'ਤੇ ਜਾ ਕੇ ਮਿਲੇ ਤੇ ਸਾਰੀ ਗੱਲ ਦੱਸੀ। ਉਹ ਤਾਂ ਪਹਿਲਾਂ ਹੀ ਜਾਣਦੇ ਸਨ। ਅੱਜ ਉਨ੍ਹਾਂ ਦਾ ਰਵਈਆ ਕਾਫੀ ਨਰਮ ਸੀ। ਰਿਸੈਪਸ਼ਨਿਸਟ ਨੇ ਵਾਰਡ ਇੰਚਾਰਜ ਨੂੰ ਬੁਲਾਇਆ। ਉਸ ਨੇ ਕਿਹਾ ਗਾਊਨ ਤੇ ਮਾਸਕ ਪਹਿਨ ਕੇ ਸਿਰਫ਼ ਬਲੱਡ ਰਿਲੇਸ਼ਨ ਵਾਲੇ ਹੀ ਅੰਦਰ ਜਾ ਸਕਦੇ ਨੇ। ਜਿਸ ਵਿਚ ਮੈਨੂੰ, ਕਿੰਦਰ ਤੇ ਸਾਡੀਆਂ ਪਤਨੀਆਂ ਨੂੰ ਅੰਦਰ ਜਾਣ ਦੀ ਆਗਿਆ ਮਿਲ ਗਈ।

ਉਹ ਹੀ ਹਸਪਤਾਲ ਸੀ ਤੇ ਉਵੇਂ ਕਰੋਨਾ ਚੱਲ ਰਿਹਾ ਸੀ, ਪਰ ਮਨੁੱਖਤਾ ਮਰ ਗਈ ਸੀ। ਜਿਸ ਮਾਂ ਨੂੰ ਜਿਊਂਦੀ ਨੂੰ ਮਿਲਣ ਨਹੀਂ ਸੀ ਦਿੱਤਾ ਗਿਆ, ਹੁਣ ਮਰੀ 'ਤੇ ਉਸ ਕੋਲ ਜਾਇਆ ਜਾ ਸਕਦਾ ਸੀ। ਬੰਦਾ ਜਿਊਂਦੇ ਇਨਸਾਨ ਨੂੰ ਕਿਉਂ ਨਹੀਂ ਸੀ ਮਿਲ ਸਕਦਾ? ਮੈਂ ਸੋਚ ਸੋਚ ਪਾਗ਼ਲ ਹੋ ਰਿਹਾ ਸੀ।

ਮੈਂ ਕਲਸ ਵਿਚ ਬੰਦ ਪਈ ਮਾਂ ਵੱਲ ਵੇਖਿਆ।

ਅਸੀਂ ਅੰਦਰੋਂ ਖ਼ੁਸ਼ ਸਾਂ ਕਿ ਮਾਂ ਨੂੰ ਘਰ ਲੈ ਆਏ ਹਾਂ । ਦੇਰ ਰਾਤ ਤਕ ਅਸੀਂ ਮਾਂ ਕੋਲ਼ ਬੈਠੇ ਰਹੇ। ਮਾਂ ਦੇ ਕਲਸ ਨੂੰ ਸਾਰੇ ਘਰ ਵਿਚ ਘੁਮਾਇਆ। ਡੇਜ਼ੀ ਨੇ ਵੀ ਮਾਂ ਦੇ ਕਲਸ ਨੂੰ ਨੱਕ ਨਾਲ ਸੁੰਘਿਆ, ਜਿਵੇਂ ਮਿਲ ਰਹੀ ਹੋਵੇ। ਮਾਂ ਦੀਆਂ ਬਹੁਤ ਗੱਲਾਂ ਕੀਤੀਆਂ। ਇੰਡੀਆ ਰਹਿੰਦਿਆਂ ਮਾਂ ਨੇ ਘਰ ਬਣਾਉਣ ਤੇ ਉਸ ਨੂੰ ਚਲਾਉਣ ਵਿਚ ਬਹੁਤ ਸੰਘਰਸ਼ ਕੀਤਾ ਸੀ। ਸਾਨੂੰ ਪੜ੍ਹਾਇਆ ਲਿਖਾਇਆ, ਵਿਆਹ ਕੀਤੇ ਤੇ ਏਥੇ ਤਕ ਪਹੁੰਚਾਇਆ। ਪਿਉ ਤਾਂ ਸਾਡਾ ਬਹੁਤ ਪਹਿਲਾਂ ਹੀ ਤੁਰ

ਗਿਆ ਸੀ। ਮਾਂ ਨੇ ਪਿਉ ਵਾਲੀਆਂ ਜ਼ਿੰਮੇਵਾਰੀਆਂ ਵੀ ਨਿਭਾਈਆਂ ਸਨ।

ਦੂਸਰੇ ਦਿਨ ਮਾਂ ਨੂੰ ਘਰੋਂ ਤੋਰਨਾ ਸੀ। ਅਸੀਂ ਅੱਧੀ ਰਾਤ ਤਕ ਬੈਠੇ ਰਹੇ। ਤੇ ਫੇਰ ਅਸੀਂ ਮਾਂ ਦੇ ਕਲਸ ਨੂੰ ਮੱਥਾ ਟੇਕ ਕੇ ਆਪੋ ਆਪਣੇ ਘਰਾਂ ਨੂੰ ਤੁਰ ਗਏ।

ਅਗਲੇ ਦਿਨ ਅਸੀਂ ਸੁਵਖਤੇ ਹੀ ਉੱਠ ਕੇ ਫੇਰ ਪਹੁੰਚ ਗਏ। ਮਾਂ ਦਾ ਸਾਰਾ ਰੁਟੀਨ ਉਸੇ ਤਰ੍ਹਾਂ ਚੱਲ ਰਿਹਾ ਸੀ। ਜੋ ਪਾਠ ਉਹ ਰੋਜ਼ ਸਵੇਰੇ ਟੈਲੀਵੀਯਨ 'ਤੇ ਦੇਖਦੀ ਸੀ ਉਹ ਵੀ ਚੱਲ ਰਿਹਾ ਸੀ। ਬੱਸ ਦੁੱਖ ਏਹੋ ਸੀ ਕਿ ਮਾਂ ਦੇ ਫੁੱਲ ਅਸੀਂ ਕੈਨੇਡਾ ਵਿਚ ਹੀ ਪਾ ਰਹੇ ਸੀ। ਇਹ ਸਾਡੀ ਇੱਛਾ ਨਹੀਂ, ਮਜਬੂਰੀ ਸੀ।

ਕਦੇ ਮੈਨੂੰ ਲੱਗਦਾ ਕਿ ਅਸੀਂ ਸਾਰਾ ਡਰਾਮਾ ਕਰ ਰਹੇ ਹਾਂ। ਕਦੇ ੱਗਦਾ ਕਿ ਸਰਕਾਰਾਂ ਡਰਾਮੇ ਕਰ ਰਹੀਆਂ ਨੇ। ਅਸੀਂ ਕਿਸ ਤਰ੍ਹਾਂ ਦੇ ਚਕਰਵਿਊ ਵਿਚ ਫਸ ਗਏ ਸਾਂ। ਬੇਵਸੀ ਬੰਦੇ ਨੂੰ ਕਿੰਨਾ ਕਮਜ਼ੋਰ ਕਰ ਦਿੰਦੀ ਹੈ?

ਅੱਜ ਤੋਂ ਬਾਅਦ ਸਾਰਾ ਹੀ ਬ੍ਰਹਿਮੰਡ ਮਾਂ ਦਾ ਘਰ ਹੋਣਾ ਸੀ। ਉਸ ਨੇ ਧੁੱਪ ਨਾਲ ਚਮਕਣਾ ਸੀ, ਪਾਣੀਆਂ ਨਾਲ ਵਗਣਾ ਸੀ ਤੇ ਫੁੱਲ ਬਣਕੇ ਖਿੜਨਾ ਸੀ। ਅਸੀਂ ਸਾਰਿਆਂ ਨੇ ਰਲ਼ ਕੇ ਮਾਂ ਨੂੰ ਉਸ ਦੇ ਘਰੋਂ ਵਿਦਾਇਗੀ ਦਿੱਤੀ। ਉਸਦਾ ਕਲਸ ਘਰੋਂ ਜਾ ਰਿਹਾ ਸੀ ਤੇ ਸਾਰੇ ਰੋ ਰਹੇ ਸਨ।

ਗੱਡੀਆਂ ਦਾ ਕਾਫ਼ਲਾ ਡਿਕਸੀ ਗੁਰਦੁਵਾਰੇ ਦੀ ਪਾਰਕਿੰਗ ਲਾਟ ਵਿਚ ਜਾ ਪਹੁੰਚਾ। ਉਸਦੇ ਨਾਲ ਹੀ ਈਟੋਬੀਕੋ ਕਰੀਕ ਵੱਗਦੀ ਸੀ। ਇਸ ਥਾਂ ਦਾ ਨਾਂ ਵੀ ਕੀਰਤਪੁਰ ਪਾਰਕ ਰੱਖਿਆ ਗਿਆ ਸੀ। ਗਿਆਨੀ ਜੀ ਅੰਤਿਮ ਅਰਦਾਸ ਕਰਨ ਲਈ ਤਿਆਰ ਸਨ। ਅਸੀਂ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ। ਮੂੰਹਾਂ 'ਤੇ ਚੜ੍ਹੇ ਮਾਸਕ ਅਤੇ ਛੇ ਫੁੱਟ ਦੀ ਦੂਰੀ ਸਾਡਾ ਮੂੰਹ ਚਿੜ੍ਹਾਉਂਦੇ ਰਹੇ।

ਮੈਂ ਕਿੰਦਰ ਨੂੰ ਕਿਹਾ, "ਆ ਫੇਰ ਮਾਂ ਨੂੰ ਤੋਰ ਦਈਏ"

ਉਹ ਮੇਰੇ ਮੋਢੇ ਲੱਗ ਕੇ ਡੁਸਕਦਾ ਰਿਹਾ।

"ਚੱਲ ਕੋਈ ਨਾ ਮਾਂ ਦੀ ਆਪਾਂ ਇਕ ਇੱਛਾ ਤਾਂ ਪੂਰੀ ਕਰ ਦਿੱਤੀ।"

ਅਸੀਂ ਅਸਥੀ ਕਲਸ ਨੂੰ ਆਖਰੀ ਵਾਰ ਘੁੱਟਿਆ। ਸਾਡੇ ਪੈਰ ਵਗਦੇ ਪਾਣੀ ਵੱਲ ਵਧਣ ਲੱਗੇ।

ਗਿਆਨੀ ਜੀ ਨੇ ਅਰਦਾਸ ਪੂਰੀ ਕੀਤੀ। ਤੇ ਸਾਨੂੰ ਅਸਥੀਆਂ ਜਲ ਪ੍ਰਵਾਹ ਕਰਨ ਲਈ ਕਿਹਾ ਗਿਆ।

ਅਸੀਂ ਮਾਂ ਦੀ ਸਾਰੀ ਰਾਖ਼ ਪਾਣੀ ਵਿਚ ਵਹਾ ਦਿੱਤੀ।

ਖਾਲੀ ਕਲਸ ਮੇਰੇ ਹੱਥਾਂ ਵਿਚ ਰਹਿ ਗਿਆ।

ਮਾਂ ਜਾ ਚੁੱਕੀ ਸੀ।

ਕਿੰਦਰ ਕਹਿੰਦਾ "ਚੱਲ ਇਹ ਕਲਸ ਹੀ ਰੱਖ ਲੈ ... ਭਾਰਤ ਲੈ ਜਾਵਾਂਗੇ...ਜਦੋਂ ਵੀ ਫਲਾਈਟਾਂ ਖੁੱਲ੍ਹੀਆਂ।

ਖਾਲੀ ਕਲਸ ਮੇਰੇ ਹੱਥਾਂ ਵਿਚ ਕੰਬ ਰਿਹਾ ਸੀ।

ਪਾਣੀ ਵਿਚ ਮਾਂ ਦੀ ਰਾਖ਼, ਘੁੰਮਦੀ ਰਹੀ ਤੇ ਗੋਲਦਾਇਰੇ ਬਣਾਉਂਦੀ ਰਹੀ।

ਅਸੀਂ ਖੜ੍ਹੇ ਦੇਖਦੇ ਰਹੇ।

ਤੇ ਫੇਰ ਖਾਲੀ ਕਲਸ ਲੈ ਕੇ ਘਰ ਨੂੰ ਆ ਗਏ।000

***(57 Morton Way, Brampton, Ont. L6Y 2R6 CANADA***
***Phone: +1-416-727-2071***
***Email: major.mangat@gmail.com)***

# ਅਲੀ ਉਸਮਾਨ ਬਾਜਵਾ: ਕਹਾਣੀ: ਗੁੱਝੀ ਸੱਟ

"ਇਕੋ ਕੁੱਖ ਦੇ ਜਾਏ ਹਾਂ, ਇਕੋ ਧਰਤੀ ਮਾਂ ਹੈ। ਇਕੋ ਬੋਲੀ, ਇਕੋ ਸੱਭਿਆਚਾਰ ਹੈ। ਉਹ ਵੇਲ਼ਾ ਦੂਰ ਨਹੀਂ ਕਿ ਫ਼ਿਰ ਮਿਲ ਪਵਾਂਗੇ। ਅਗਲੀਆਂ ਪੀੜ੍ਹੀਆਂ ਅਮਨ ਦੇ ਦਰਸ਼ਨ ਕਰਨਗੀਆਂ। ਦੋ ਭਰਾਵਾਂ ਵਿਚ ਕੰਧ ਮਾਰ ਦਿੱਤੀ ਗਈ ਹੈ। ਲੱਖਾਂ ਪੰਜਾਬੀ ਵੱਢੇ ਟੁੱਕੇ ਗਏ, ਅੱਜ ਵੀ ਉਨ੍ਹਾਂ ਦਾ ਦਰਦ ਮਨਾਈਦਾ ਹੈ। ਵੈਰੀਆਂ ਧਰਤ ਦੀ ਵੰਡ ਪਾਈ, ਇਹ ਪੰਜਾਬ ਸੀਗਾ ਜਿਹੜਾ ਸਾਰੇ ਧਰਮ ਦੇ ਲੋਕਾਂ ਨੂੰ ਕਲਾਵੇ 'ਚ ਲਈ ਬੈਠਾ ਸੀਗਾ। ਗੋਰੇ ਨੇ ਆ ਦੱਸਿਆ ਬਈ! ਤੂੰ ਹਿੰਦੂ ਏਂ, ਤੂੰ ਮੁਸਲਮਾਨ, ਤੂੰ ਸਿੱਖ ਤੇ ਤੂੰ ਕ੍ਰਿਸਚੀਅਨ। ਗੋਲਡਨ ਟੈਂਪਲ ਦੀ ਨੀਂਹ ਮੀਆਂ ਮੀਰ ਰੱਖੀ ਸੀਗੀ, ਬਾਬੇ ਨਾਨਕ ਦੇ ਨਾਲ਼ ਭਾਈ ਮਰਦਾਨਾ ਟੁਰਿਆ ਸੀ। ਪਰ ਉਹ ਸਭ ਕੁੱਝ ਭੁਲਾ ਦਿੱਤਾ ਗਿਆ ਹੈ। ਸਾਡੇ ਕੋਲ਼ੋਂ ਸਾਡਾ ਸੱਭਿਆਚਾਰ ਖੋਹ ਲਿਆ ਗਿਆ ਹੈ। ਨਫ਼ਰਤ ਵਧਾਈ ਗਈ ਹੈ। ਪਰ ਜੇ ਅਸੀਂ ਬਾਡਰ ਟੱਪ ਕੇ ਮਿਲਦੇ ਰਹੇ ਤੇ ਚਾਨਣ ਦੂਰ ਨਹੀਂ..."

ਢੇਰ ਸਾਰੀਆਂ ਬੇ-ਦਿਲੀਆਂ ਤਾੜੀਆਂ ਵੱਜੀਆਂ। ਸਾਹਮਣੇ ਬੈਠੇ ਢਿੱਡਾਂ, ਪੱਗਾਂ, ਕੁੱਝ ਸੁੰਨਤੀ ਬੈਠਿਆਂ, ਕੁੱਝ ਅਖ਼ਰੋਟ ਸਿਰਿਆਂ ਤੇ ਬੱਗੀਆਂ ਦਾੜ੍ਹੀਆਂ ਨੇ ਇਹ ਗੱਲਾਂ ਇਵੇਂ ਸੁਣੀਆਂ ਜਿਵੇਂ ਕੋਈ ਬਾਲ ਰੋਜ਼ ਸਕੂਲੇ ਜਾ ਕੇ, '*ਲਬ ਪੇ ਆਤੀ ਹੈ ਦੁਆ ਬਨ ਕੇ ਤਮੰਨਾ ਮੇਰੀ*' ਯਾਂ '*ਜਨ ਗਨ ਮਨ...*' ਸੁਣਦਾ ਹੋਵੇ ਤੇ ਉਹਦੇ ਮਨ 'ਚ ਦੇਸ਼ ਭਗਤੀ ਨਹੀਂ ਸਗੋਂ ਸਵੇਰ ਦੀ ਨੀਂਦਰ ਖੋਹ ਲਏ ਜਾਵਣ ਦਾ ਮਨਖ ਹੋਵੇ ਅਤੇ ਉਹ ਅੱਖਾਂ ਮੀਟ ਕੇ ਬੱਸ ਇਹ ਪੜ੍ਹੀ ਜਾਵੇ। ਇਹ ਗੱਲਾਂ ਉਹ ਸਨ ਕਿ ਜਿਹੜੀਆਂ ਉਹ ਜਵਾਨੀ ਵੇਲੇ ਤੋਂ ਸੁਣਦੇ ਆ ਰਹੇ ਸਨ। ਸ਼ਹਿਰ ਲਾਹੌਰ ਹੋਵਣ ਵਾਲੀ ਸਾਹਿਤਕ ਕਾਨਫ਼ਰੰਸ 'ਚ ਕੱਲ੍ਹ ਤੋਂ ਸੁਣ ਰਹੇ ਸਨ। ਅੱਜ ਇਸ ਕਾਨਫ਼ਰੰਸ ਦਾ ਦੂਜਾ ਦਿਹਾੜ ਸੀ। ਸਾਰੇ ਢਿੱਡ, ਇਹ ਗੱਲਾਂ ਸ਼ਬਦਾਂ ਦੀ ਤਰਤੀਬ ਬਦਲ ਕੇ ਕੀਤੀ ਜਾਂਦੇ ਸਨ। ਕੋਈ ਟਾਵਾਂ ਟਾਵਾਂ ਜਵਾਨ ਵਿਚ ਬੈਠਾ ਬੜੇ ਗਹੁ ਨਾਲ਼ ਇਹ ਗੱਲਾਂ ਸੁਣੇ ਪਰ ਮਨ 'ਚ ਆਏ ਸਵਾਲ ਪੁੱਛਣ ਦੀ ਮਨਾਹੀ ਤਾਂ ਨਹੀਂ, ਪਰ ਮਾਹੌਲ ਨਹੀਂ ਸੀ।

ਅੱਠ ਅੱਠ ਕਿਤਾਬਾਂ ਕੱਛੇ ਲਾਈ ਉਹ ਕਾਨਫ਼ਰੰਸ 'ਚ ਬੈਠੇ ਵੇਲ਼ਾ ਟਪਾਉਂਦੇ, ਰੋਟੀ ਉਡੀਕਦੇ। ਰੋਟੀ ਖਾ ਉਹ ਸ਼ਹਿਰ ਲਾਹੌਰ ਦੀਆਂ ਗਲ਼ੀਆਂ ਕੱਛਣ ਨਿਕਲ ਜਾਂਦੇ ਜਿਹੜਾ ਕਦੇ ਤਖ਼ਤ ਲਾਹੌਰ ਸੀ। ਕੋਈ ਉਹਨੂੰ ਰਣਜੀਤ ਸਿੰਘ ਦੀ ਗਵਾਚੀ ਸਰਕਾਰ ਵਜੋਂ ਵੇਖੇ, ਕੋਈ ਮੁਗ਼ਲ ਸਲਤਨਤ ਦੇ ਰੰਗ ਲੱਭੇ, ਕਿਸੇ ਨੂੰ ਗੋਰੇ ਦੀਆਂ ਬਣਾਈਆਂ ਇਮਾਰਤਾਂ ਸੋਹਣੀਆਂ ਲੱਗਣ ਤੇ ਕੋਈ ਆਪਣੇ ਵਡਕਿਆਂ ਦੇ ਸਾਹ ਇਸ ਸ਼ਹਿਰ 'ਚ ਭਾਲੇ, ਕਿ ਜਿੱਥੇ ਸਾਹ ਲੈਣਾ ਸਾਰੀ ਦੁਨੀਆਂ ਦੇ ਵੱਡੇ ਸ਼ਹਿਰਾਂ ਤੋਂ ਔਖਾ ਹਾ।

ਲਾਹੌਰ ਕੱਛਣ ਮਗਰੋਂ ਹੋਟਲ ਦੇ ਅੰਦਰਾਂ 'ਚ ਇਹ ਢਿੱਡ ਤੇ ਬੱਗੀਆਂ ਦਾੜ੍ਹੀਆਂ ਆਪਣੀਆਂ ਪੱਗਾਂ ਹੇਠ ਲੁਕੇ ਗੰਜੇ ਸਿਰ ਨੰਗੇ ਕਰਦੇ, ਦਾਰੂ ਦੀ ਬੋਤਲ ਖੋਲ੍ਹਦੇ, ਕਾਨਫ਼ਰੰਸ ਦੇ ਇੰਤਜ਼ਾਮਾਂ 'ਤੇ ਹੱਸਦੇ, ਨਾਲ਼ ਆਏ ਕਵੀਆਂ ਤੇ ਕਹਾਣੀਕਾਰਾਂ ਦੀਆਂ ਬਦ-ਖ਼ੋਈਆਂ ਕਰਦੇ। ਲਹਿੰਦੇ ਚੜ੍ਹਦੇ ਦੇ ਸਾਹਿਤ ਦੀ ਬਜਾਏ, ਲਹਿੰਦੇ ਚੜ੍ਹਦੇ ਦੇ ਲੇਖਕਾਂ ਬਾਰੇ ਗੱਲਾਂ ਕਰਦੇ। ਹੋਟਲ ਦੇ ਕਿਸੇ ਕਮਰੇ 'ਚ ਚਾਰ ਕਵੀ, ਤੇ ਕਿਸੇ ਅੰਦਰ ਤਰੈ ਪੱਤਰਕਾਰ ਯਾਂ ਖੋਜਕਾਰ 'ਕੱਠੇ ਹੁੰਦੇ। ਕਵੀਆਂ ਵਾਲੇ ਅੰਦਰੋਂ ਵਾਹ ਵਾਹ ਇਵੇਂ ਬਾਹਰ ਡੁਲ੍ਹਦੀ ਜਿਵੇਂ ਐਤਵਾਰ ਨੂੰ ਪੰਜਾਬ ਦੀਆਂ ਮਾਵਾਂ ਕੱਪੜ ਧੋ ਕੇ ਮੈਲ ਘੁਲ਼ਿਆ ਪਾਣੀ ਬਾਹਰ ਨਾਲ਼ੀ ਵੱਲ ਰੋਹੜਦੀਆਂ ਨੇ।

ਚੰਗੀਆਂ ਮਾੜੀਆਂ ਗੱਲਾਂ, ਕੱਚ ਦੇ ਖੜਕਣੇ ਗਲਾਸ, ਹਾਸੇ ਤੇ ਜੁਗਤਾਂ, ਮੁਸਲਮਾਨਾਂ ਤੇ ਸਿੱਖਾਂ ਦੇ ਮਿਲਾਪ ਕਾਨਫ਼ਰੰਸ ਦੀ ਹਰ ਰਾਤ ਹੁੰਦੇ। ਤਿੰਨ ਦਿਨਾਂ ਦੀ ਇਸ ਕਾਨਫ਼ਰੰਸ 'ਚ ਚੜ੍ਹਦੇ ਵੱਲੋਂ

ਉਹ ਲੋਕ ਅੱਪੜੇ ਕਿ ਜਿਹੜੇ ਵੀਜ਼ਾ ਮੰਗ ਸਕਦੇ ਸਨ। ਭਾਵੇਂ ਹੱਥਾਂ ਨਾਲ਼ ਮੰਗਿਆ ਹੋਵੇ, ਦੰਦਾਂ ਨਾਲ਼ ਯਾਂ ਜੀਭ ਨਾਲ਼। ਰਲੇ ਮਿਲੇ ਇਸ ਅਦਬੀ ਜੱਥੇ 'ਚ ਕੁੱਝ ਅਦੀਬ ਤੇ ਕੁੱਝ ਬੇ-ਅਦਬੇ ਰਲ਼ ਕੇ ਅੱਪੜੇ। ਚਿਹਰੇ ਜਿਹੜੇ ਹਰ ਸਾਲ ਆਉਂਦੇ, ਤੇ ਕੁੱਝ ਉਹ ਵੀ ਜਿਨ੍ਹਾਂ ਦਾ ਨਵਾਂ ਨਵਾਂ ਇਸ ਟੋਲੇ ਨਾਲ਼ ਸੰਗ ਹੋਇਆ ਸੀ।

ਪ੍ਰੋਫੈਸਰ ਡਾ. ਅਮਨਪ੍ਰੀਤ ਸਿੰਘ ਤੇ ਉਨ੍ਹਾਂ ਦੀ ਘਰ ਵਾਲੀ ਇੱਜ਼ਤ ਕੌਰ, ਦੋਹਾਂ ਸਰਕਾਰਾਂ ਦੀ ਅੱਖ 'ਚ ਚੰਗੇ ਸਨ। ਉਨ੍ਹਾਂ ਕਦੇ ਕਿਸੇ ਮੁਲਕ ਯਾਂ ਧਰਮ ਬਾਰੇ ਮਾੜੀ ਚੰਗੀ ਨਾ ਕੀਤੀ। ਆਪਣੇ ਦੇਸ਼ ਦੀ ਦੇਸ਼ ਭਗਤੀ ਤੇ ਧਰਮ ਭਗਤੀ ਦੋਵੇਂ ਉਨ੍ਹਾਂ ਦੀ ਰੂਹ ਦਾ ਹਿੱਸਾ ਸਨ। ਯਾਂ ਘੱਟੋ ਘੱਟ ਉਹ ਇਹੋ ਦਰਸਾਉਂਦੇ ਸਨ।

"ਮੁਸਲਮਾਨ ਸਾਡੇ ਭਰਾ ਨੇ... ਪਾਕਿਸਤਾਨ ਸਰਕਾਰ ਨੇ ਵਧੀਆ ਉਪਰਾਲਾ ਕੀਤਾ, ਅਸੀਂ ਧੰਨਵਾਦੀ ਹਾਂ ਪਾਕਿਸਤਾਨ ਸਰਕਾਰ ਦ..." ਵਰਗੇ ਜੁਮਲੇ ਉਹ ਆਪਣੇ ਦਿੱਤੇ ਹੋਏ ਇੰਟਰਵਿਊ ਤੇ ਆਪਣੇ ਸੋਸ਼ਲ ਮੀਡੀਆ 'ਤੇ ਲਿਖਦੇ। ਦੋਹਾਂ ਪਾਸੇ ਉਨ੍ਹਾਂ ਦਾ ਤਾਅਲੁੱਕ ਸਾਹਿਤਕ ਅਕੈਡਮੀਆਂ ਅਤੇ ਵਾਹਵਾ ਜ਼ੋਰ ਰੱਖਣ ਵਾਲੇ ਲੇਖਕਾਂ ਨਾਲ਼ ਸੀ। ਮੁਹੰਮਦ ਰਫ਼ੀਕ ਘੁੰਮਣ ਤੇ ਉਹਦੀ ਬੇਗ਼ਮ ਹੁਮਾ ਬੱਟ ਜਿਹੜੀ ਵਿਆਹ ਪਾਰੂੰ ਹੁਮਾ ਰਫ਼ੀਕ ਹੋ ਗਈ ਸੀ, ਇਸ ਸਿੱਖ ਜੋੜੇ ਦੇ ਫ਼ੈਮਿਲੀ ਫ਼ਰੈਂਡਜ਼ ਵਰਗੇ ਸਨ। ਹਰ ਸਾਲ ਦੀ ਮੁਲਾਕਾਤ। ਸਰਦਾਰ ਜੀ ਠਹਿਰਦੇ ਵੀ ਆਪਣੇ ਰਫ਼ੀਕ ਦੇ ਘਰ, ਤੁਹਫ਼ਿਆਂ ਦਾ ਵਟਾਂਦਰਾ ਕਰਦੇ, ਖਾਂਦੇ, ਫਿਰਦੇ, ਹੱਸਦੇ ਖੇਡਦੇ ਤੇ ਕਾਨਫ਼ਰੰਸ ਮਗਰੋਂ ਸਾਰਾ ਵਰ੍ਹਾ ਫ਼ੇਸ-ਬੁੱਕ 'ਤੇ ਇਕ ਦੂਜੇ ਦੀਆਂ ਪੋਸਟਾਂ ਹੇਠ ਰੱਤ ਵਧਾਊ ਕਮੈਂਟ ਕਰਦੇ।

"ਸਵੇਰੇ ਕਰਤਾਰਪੁਰ ਲੈ ਚੱਲੋ । ਮੈਂ ਤਾਂ ਨਾ ਸੁਣੂੰ ਜਾ ਕੇ ਫੋਕੀਆਂ ਤਕਰੀਰਾਂ, ਤੇ ਪਰਚੇ ਪਰਖ ਪੜਚੋਲ ਦੇ। ਘੱਟ ਈ ਕੋਈ ਕੰਮ ਦੀ ਗੱਲ ਕਰਨ ਵਾਲਾ ਹੁੰਦਾ ਇੱਥੇ, ਤੁਹਾਨੂੰ ਤਾਂ ਪਤਾ ਹੈ..." ਸਰਦਾਰ ਨੇ ਲਾਹੌਰ ਦੀ ਖਾਧੀ ਮੱਛੀ ਦਾ ਡਕਾਰ ਮਾਰਦਿਆਂ ਆਖਿਆ।

" ਤੇ ਹੋਰ ਕੀ! ਪਹਿਲਾ ਦਿਹਾੜਾ ਵੀ ਖੂਹ ਖਾਤੇ ਪੈ ਗਿਆ ਸਾਡਾ। ਸਿਆਲ਼ ਦੇ ਦਿਨ ਥੋੜ੍ਹੇ ਖੁੱਲ੍ਹ ਤਾਂ ਗਏ ਹਨ, ਪਰ ਹਾਲੇ ਵੀ ਨਿੱਕੀ ਜਿਹੀ ਦਿਹਾੜੀ ਲਗਦੀ ਹੈ। ਸਵੇਰੇ ਸਵੇਰੇ ਨਿਕਲ ਜਾਵਾਂਗੇ ਸ੍ਰੀ ਕਰਤਾਰਪੁਰ ਸਾਹਿਬ ਲਈ..." ਕੌਰ ਨੇ ਵੀ ਆਪਣੇ ਪਤੀ ਦੀ ਹਾਂ ਵਿਚ ਹਾਂ ਰਲ਼ਾਈ।

"ਹਾਂ ਜੀ! ਚਾਰ ਵਜੇ ਤਾਂ ਉਂਝ ਵੀ ਬੰਦ ਹੋ ਜਾਂਦਾ ਨਾ ਇਹ ਗੁਰਦਵਾਰਾ, ਇਸ ਲਈ ਵੇਲ਼ੇ ਸਿਰ ਈ ਨਿਕਲ ਜਾਵਾਂਗੇ। " ਰਫ਼ੀਕ ਬੋਲਿਆ।

"ਲੈ ਬਈ! ਰੱਬ ਦਾ ਘਰ ਵੀ ਹੁਣ ਚਾਰ ਵਜੇ ਬੰਦ ਹੋ ਜਾਂਦਾ ਜੇ। ਸਮਾਂ ਬਦਲ ਗਿਆ ਹੈ ਬਈ, ਅਗਲੇ ਧਰਮ ਵੀ ਬਦਲਾਈ ਬੈਠੇ ਨੇ। ਬਾਹਰ ਟਿਕਟਾਂ ਲਾਈਆਂ ਨੇ ਅਗਲਿਆਂ। ਲੋਕਲ ਲਈ ਥੋੜ੍ਹੇ ਤੇ ਜਿਹੜਾ ਬਾਹਰੋਂ ਆਏ ਸਰਦਾਰ, ਉਹਦੇ ਲਈ ਡਾਲਰਾਂ ਦਾ ਜੁਰਮਾਨਾ। " ਸਰਦਾਰ ਨੇ ਹੱਸਦਿਆਂ ਆਖਿਆ।

"ਜੀ ਭਾਈ ਜੀ!...ਸਾਡੇ ਵੀ ਇਹੋ ਈ ਜੇ। ਸਾਰਾ ਸਾਲ ਉਮਰਾ ਕਰਨ ਨਿਕਲਦੇ ਜੇ ਮੁਸਲਮਾਨ, ਪੂਰੀ ਦੁਨੀਆ ਤੋਂ। ਨਾਲੇ ਅਰਬੀਆਂ ਦੀ ਹੱਟੀ ਤੇ ਹੱਜ ਜੇ। ਤੇਲ ਤੇ ਐਵੇਂ ਦੁਨੀਆ ਨੂੰ ਵਿਖਾਉਣ ਲਈ ਜੇ। " ਹੁਮਾ ਬੋਲੀ।

"ਹਲਾ???" ਕੌਰ ਦੇ ਡੇਲੇ ਬਾਹਰ ਨੂੰ ਉਕਰੇ।

"ਤਾਂ ਹੋਰ ਕੀ? ਸ਼ੀਏ ਈਰਾਨ, ਇਰਾਕ ਨੂੰ ਪੈਸੇ ਦੇ ਆਉਂਦੇ ਜੇ, ਤੇ ਬਾਕੀ ਸਾਰੇ ਅਰਬੀ ਬੱਦੂਆਂ ਨੂੰ। " ਰਫ਼ੀਕ ਨੇ ਦੰਦ ਕਢਦਿਆਂ ਆਖਿਆ।

ਦੋਵੇਂ ਜੋੜੇ ਇਕ ਦੂਜੇ ਨੂੰ ਲੋਕਾਈ ਦੇ ਧਰਮ 'ਚ ਫਸੇ ਹੋਵਣ ਦੇ ਲਤੀਫ਼ੇ ਸੁਣਾਉਂਦੇ ਰਹੇ। 'ਵੱਡੇ ਲਿਖਾਰੀ' ਹੋਵਣ ਦਾ ਮਤਲਬ ਉਨ੍ਹਾਂ ਨੂੰ ਇਹੋ ਜਾਪੇ। ਇਹ ਉਹ ਤਬਕਾ ਅਖਵਾਉਂਦਾ ਜਿਹੜਾ ਅਗਾਂਹ ਵਧੂ ਸੋਚ ਲਈ ਕੰਮ ਕਰ ਰਿਹਾ ਏ। ਰਾਤ ਜਵਾਨ ਹੋਵਣ ਲੱਗੀ ਤਾਂ ਉਨ੍ਹਾਂ ਸੌਂ ਜਾਣਾ ਮੁਨਾਸਬ ਸਮਝਿਆ ਤਾਂ ਜੇ ਸਵੇਰੇ ਵੇਲ਼ੇ ਸਿਰ ਅੱਖ ਖੁੱਲ੍ਹੇ ਔਰ ਇਹ ਯਾਤਰਾ ਕੀਤੀ ਜਾ ਸਕੇ।

ਸਵੇਰੇ ਕਾਲ਼ੇ ਰੰਗ ਦੀ ਗੱਡੀ ਮੋਟਰਵੇਅ ਨੰਬਰ 11 'ਤੇ ਭੱਜੀ ਜਾਵੇ। ਲਾਹੌਰ-ਸਿਆਲਕੋਟ ਮੋਟਰ-ਵੇਅ ਕਹਾਉਂਦੀ ਇਹ ਵੱਡੀ ਸੜਕ ਨਾਰੋਵਾਲ ਦੇ ਕੋਲ਼ ਕਰ ਕੇ ਧੋਖਾ ਦੇ ਜਾਂਦੀ ਅਤੇ ਸਿਆਲਕੋਟ ਵੱਲ ਨਿਕਲ ਜਾਂਦੀ। ਮੋਟਰਵੇਅ ਤੋਂ ਇਕ ਦੂਜੀ ਸੜਕ ਨਾਰੋਵਾਲ ਤੇ ਉੱਥੋਂ ਕਰਤਾਰਪੁਰ ਵੱਲ ਨਿਕਲ ਜਾਂਦੀ। ਰਾਹ 'ਚ ਦੋਹਾਂ ਪਾਸੇ ਖੇਤ ਵੇਖ ਕੇ ਕੌਰ ਬੋਲੀ, "ਹਾਏ ਕਿੱਡੀ ਸੋਹਣੀ ਸੜਕ ਏ ਆ। ਅਸਲ ਪੰਜਾਬ ਤਾਂ ਹੁਣ ਦਿਖਿਆ। ਸਾਡੇ ਵੱਲ ਤਾਂ ਹੌਲ਼ੀ-ਹੌਲ਼ੀ ਪਿੰਡ ਵੀ ਸੀਮੈਂਟ ਬਣ ਗਏ ਹਨ..."

"ਸਾਡੇ ਇੱਥੇ ਵੀ ਇਹੋ ਜੇ... ਵਾਹੀ ਬੀਜੀ ਦੀ ਜ਼ਮੀਨ 'ਤੇ ਫ਼ੌਜ ਆਪਣੇ ਡੀ-ਐੱਚ-ਏ ਬਣਾ ਰਹੀ ਜੇ। ਤੇ ਮੁਲਕ 'ਚ ਆਟੇ ਦੀ ਘਾਟ ਹੋਈ ਜਾਂਦੀ ਏ। ਜ਼ੁਲਮ ਵੇਖੋ ਕਿ ਫ਼ੂਡ ਬਾਸਕਟ 'ਚੋਂ ਕਣਕ ਮੁੱਕ ਗਈ ਜੇ। ਲਾਹਨਤ ਨਹੀਂ ਇਨ੍ਹਾਂ ਤੇ?" ਰਫ਼ੀਕ ਨੇ ਦੰਦ ਕਰੀਚਦਿਆਂ ਆਖਿਆ।

ਸਰਦਾਰ ਵੱਲੋਂ ਸਵਾਲੀਆ ਨਜ਼ਰਾਂ ਨਾਲ਼ ਵੇਖਣ 'ਤੇ ਉਹ ਸਮਝ ਗਿਆ ਤੇ ਆਪ ਈ ਬੋਲ ਪਿਆ: "ਡੀ-ਐਚ-ਏ...ਡਿਫ਼ੈਂਸ ਹਾਊਸਿੰਗ ਅਥਾਰਟੀ... ਫ਼ੌਜੀਆਂ ਦੀ ਹਾਊਸਿੰਗ ਸੁਸਾਇਟੀ ਜੇ, ਹਿਸਾਬ ਲਾਓ! ਵਾਹਦ ਫ਼ੌਜ ਹੋਵੇਗੀ ਦੁਨੀਆ ਦੀ, ਜਿਹੜੀ ਠੇਕਦਾਰ ਵੀ ਜੇ। ਇਹ ਤੁਹਾਡੇ ਅੰਬਾਨੀ ਸ਼ੰਬਾਨੀ, ਟਾਟਾ ਸ਼ਾਟਾ ਕੀ ਵੇਚਦੇ ਨੇ ਇਨ੍ਹਾਂ ਅੱਗੇ..."

ਰਫ਼ੀਕ ਦੇ ਹਾਸੇ ਵਿਚ ਜ਼ਹਿਰ ਜਿਹਾ ਕਸੈਲ਼ਾ ਰੰਗ ਸੀ।

"ਅੱਛਾ!!!... ਉਹ ਆਪਾਂ ਨੂੰ ਕੀ, ਤੁਸੀਂ ਥੋੜ੍ਹਾ ਹੌ ਮੀਲਾ ਬੋਲੋ ਭਾਵੇਂ ਅਗਲੀ ਵਾਰ ਠੱਪਾ ਈ ਨਾ ਲਾਵਣ ਸਾਡੇ ਪਾਸਪੋਰਟਾਂ ਤੇ।"

ਸਾਰੇ ਹੱਸੇ ਤੇ ਗੱਡੀ 'ਚ ਲੱਗਿਆ ਗੀਤ, *"ਸੱਚ ਬੋਲੇਂਗਾ ਤੇ ਮਿਲੂ 295, ਜੇ ਕਰੇਂਗਾ ਤਰੱਕੀ ਪੁੱਤ ਹੇਟ ਮਿਲੂਗੀ..."* ਨੱਪਿਆ ਗਿਆ।

"ਵੈਸੇ ਇਹ ਸਿੱਧੂ ਮੂਸੇਆਲੇ ਨੂੰ ਰੱਬ ਜਾਣੇ ਕਿਉਂ ਜਵਾਕ ਸੁਣਦੇ ਨੇ ਅੱਜ ਕੱਲ੍ਹ ਦੇ। ਸਾਡੇ ਤਾਂ ਪੱਲੇ ਨਹੀਂ ਪੈਂਦਾ, ਉੱਤੋਂ ਕਮਲ਼ਾ ਬਦਮਾਸ਼ੀ ਕਰਨ ਟੁਰ ਪਿਆ ਸੀ।" ਸਰਦਾਰ ਕੂਇਆ।

"ਸਮਝ ਤਾਂ ਸਾਨੂੰ ਵੀ ਕੋਈ ਨਹੀਂ ਪੈਂਦੀ ਸਰਦਾਰ ਜੀ, ਇਹ ਤੇ ਬੱਚਿਆਂ ਨੇ ਡਾਊਨਲੋਡ ਕਰ ਕੇ ਰੱਖੇ ਜੇ! ਉਹੀਓ ਚਲਦੇ ਰਹਿੰਦੇ ਨੇ ਗੱਡੀ 'ਚ।" ਹੁਮਾ ਬੋਲੀ।

"ਵਧੀਆ ਗਾਉਂਦਾ ਸੀ ਜੀ ਸ਼ਹੀਦ ਵਿਚਾਰਾ।" ਗੱਡੀ ਚਲਾਉਂਦਾ ਡਰਾਈਵਰ ਪਹਿਲੀ ਵਾਰ ਬੋਲਿਆ।"

"ਸ਼ਹੀਦ???" ਰਫ਼ੀਕ ਨੇਂ ਤਨਜ਼ ਕੀਤਾ, "ਹਰ ਸ਼ੈਅ ਤੇ ਅੱਗੇ ਪਾਕਿਸਤਾਨ 'ਚ ਸ਼ਹੀਦ ਕਹਾਉਂਦੀ ਏ, ਭਾਵੇਂ ਕੋਈ ਤਿਲਕ ਕੇ ਵੀ ਮੋਇਆ ਹੋਵੇ। ਉੱਤੋਂ ਹੁਣ ਅਸਾਂ ਪਾਕਿਸਤਾਨੀਆਂ ਨੇ ਗਾਵਣ ਵਾਲੇ ਵੀ ਸ਼ਹੀਦ ਕਰ ਦਿੱਤੇ ਨੇ, ਉਹ ਵੀ ਸਿੱਖ ਸਰਦਾਰ।"

ਡਰਾਈਵਰ ਨੂੰ ਚੁੱਪ ਕਰਾਉਣ ਦੇ ਯਤਨ 'ਚ ਰਫ਼ੀਕ ਇਹ ਗੱਲ ਭੁੱਲ ਈ ਗਿਆ ਕਿ ਗੱਡੀ 'ਚ ਸਿੱਖ ਜੋੜਾ ਵੀ ਬੈਠਾ ਏ।

"ਆਹੋ ਜੀ! ਸਿੱਖ ਕਿੱਥੇ ਹੁੰਦੇ ਜੇ ਸ਼ਹੀਦ। ਪਾਕਿਸਤਾਨ ਦਾ ਬਾਡਰ ਟੱਪਿਆਂ ਤੇ ਕਦੇ ਵੀ ਨਹੀਂ। ਭਾਵੇਂ ਚੜ੍ਹਦੇ ਵੱਲ ਦਿਨ ਰਾਤ ਇਹ ਰੌਲ਼ਾ ਹੋਵੇ ਕਿ ਸਿੱਖਾਂ ਬੜੀਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ ਨੇ।" ਸਰਦਾਰ ਹੱਸਿਆ ਤੇ ਬਾਕੀਆਂ ਵੀ ਹਾਸੇ 'ਚ ਗੱਲ ਉਡਾਉਣ ਨੂੰ ਠੀਕ ਸਮਝਿਆ।

ਗੱਡੀ 'ਚ ਉਹ ਇਵੇਂ ਬੈਠੇ ਸਨ ਕਿ ਪਿਛਲੀ ਸੀਟ 'ਤੇ ਇਕ ਬਾਰੀ ਵੱਲ ਰਫ਼ੀਕ, ਦੂਜੀ ਵੱਲ ਕੌਰ ਤੇ ਵਿਚਕਾਰ ਆਪਣਾ ਭਾਰਾ ਜੁੱਸਾ ਲਈ ਸਰਦਾਰ। ਖ਼ੌਰੇ ਸਰਦਾਰ ਜੀ ਨੂੰ ਇਹ ਕੰਧ ਜਿਹੀ ਬਣਨ ਦੀ ਕੀ ਲੋੜ ਜਾਪੀ। ਅਗਲੀ ਸੀਟ 'ਤੇ ਹੁਮਾ ਤੇ ਉਹਦੀ ਝੋਲ਼ੀ 'ਚ ਉਹਦਾ ਜਵਾਕ ਜਿਹੜਾ ਮੁਬਾਇਲ 'ਤੇ ਗੇਮ ਖੇਡਣ 'ਚ ਐਡਾ ਰੁੱਝਿਆ ਸੀ ਕਿ ਜਿਵੇਂ ਉਹ ਗੱਡੀ 'ਚ ਈ ਨਾ ਹੋਵੇ। ਉਸ ਨਾ ਕੋਈ ਸਵਾਲ ਪੁੱਛਿਆ, ਨਾ ਬਾਹਰ ਨਜ਼ਰ ਆਉਂਦੇ ਖੇਤ ਵੇਖੇ ਤੇ ਨਾ ਈ ਇਹ ਸੁਣਿਆ ਕਿ ਉਹਦੇ ਮਾਪੇ ਕੀ ਗੱਲਾਂ ਕਰਦੇ ਨੇ ਪਏ ਤੇ ਡੀ-ਐਚ-ਏ ਦੀ ਵਜ੍ਹਾ ਤੋਂ ਉਹਦੀ ਕਣਕ

ਕਿਉਂ ਘਟਦੀ ਹੈ ਪਈ।

"ਵੈਸੇ ਭਰਜਾਈ ਜੀ! ਮੈਂ ਅੱਜ ਤਾਈਂ ਇਹ ਨਹੀਂ ਪੁੱਛਿਆ ਕਿ 'ਹੁਮਾ' ਦਾ ਕੀ ਮਤਲਬ ਏ?" ਕੌਰ ਵਾਹਵਾ ਚਿਰ ਮਗਰੋਂ ਬੋਲੀ।

"ਹੁਮਾ... ਕੱਖ ਵੀ ਨਹੀਂ। ਧਰਮ ਦੀਆਂ ਕਹਾਣੀਆਂ ਵਰਗੀ ਇਕ ਕਹਾਣੀ। ਹੁਮਾ ਨਾਂ ਦਾ ਪੱਖੂ ਹੁੰਦਾ ਜੇ ਇਕ ਖ਼ਿਆਲੀ, ਕਿ ਜਿਸਦੇ ਸਿਰ 'ਤੇ ਬੈਠ ਜਾਵੇ, ਉਹਦੀ ਕਿਸਮਤ ਬਦਲ ਛੱਡੇ। ਜਿਵੇਂ ਇਹ ਤੁਹਾਡਾ ਕੁਕਨੁਸ... ਫੀਨਿਕਸ... ਮਰ ਕੇ ਜੀਉਣ ਵਾਲਾ ਪਰਿੰਦਾ... ਤੇ ਅਸੀਂ ਇਸ ਹੁਮਾ ਦੇ ਰਫ਼ੀਕ ਯਾਨੀ ਸਾਥੀ ਯਾਂ ਦੋਸਤ।" ਰਫ਼ੀਕ ਨੇ ਵਾਛਾਂ ਖਿਲਾਰਦਿਆਂ ਚਮਕੀਲੇ ਦੰਦ ਵਿਖਾਏ।

"ਹਲਾ... ਤੇ ਇਹ ਮਤਲਬ ਏ ਹੁਮਾ ਦਾ। ਅੱਛਾ ਇਹ ਵੀ ਅੱਜ ਦੱਸ ਈ ਦਿਓ ਕਿ ਤੁਹਾਡਾ ਰਿਸ਼ਤਾ ਕਿਵੇਂ?... ਸਾਡੇ ਵੱਲ ਤੇ ਜੱਟ ਜੱਟਾਂ ਤੋਂ ਬਾਹਰ ਵਿਆਹ ਨਹੀਂ ਕਰਦੇ ਵੀਰ ਜੀ!" ਕੌਰ ਨੇ ਇਕ ਹੋਰ ਸਵਾਲ ਚਾ ਕੀਤਾ।

"ਹਮ ਮ ਮ... ਇਹ ਵੀ ਲੰਮੀ ਕਹਾਣੀ ਏ। ਵੈਸੇ ਅਸਾਂ ਵੀ ਬੱਸ ਕਲਮਾ ਈ ਪੜ੍ਹਿਆ ਜੇ, ਵਿਆਹ ਅਸੀਂ ਵੀ ਟਾਬਰੀ ਤੋਂ ਬਾਹਰ ਨਹੀਂ ਜੇ ਕਰਦੇ, ਇਸ ਹਿਸਾਬ ਨਾਲ਼ ਅਸੀਂ ਵੀ ਸਿੱਖ ਈ ਜੇ..." ਰਫ਼ੀਕ ਫ਼ਿਰ ਹੱਸਿਆ।

"ਤੇ ਫ਼ਿਰ?..." ਸਰਦਾਰ ਬੋਲਿਆ।

"ਫ਼ਿਰ ਕੁੱਝ ਨਹੀਂ ਸਰਦਾਰ ਜੀ! ਅਸੀਂ ਜਨੂਨੀ ਲੋਕ ਤਾਂ ਹੈ ਨਹੀਂ, ਕੁੱਝ ਨਾ ਕੁੱਝ ਕਰ ਕੇ ਮੈਂ ਮਨਾ ਲਿਆ ਸੀ ਆਪਣੇ ਘਰ ਵਾਲਿਆਂ ਨੂੰ..."

"ਅੱਛਾ!... ਚਲੋ ਚੰਗਾ ਹੋਇਆ!... ਵੈਸੇ ਇਕ ਗੱਲ ਸਮਝ ਨਹੀਂ ਪੈਂਦੀ ਮੈਨੂੰ, ਇਹ ਮੁਸਲਮਾਨ ਆਪਣੀਆਂ ਭੈਣਾਂ ਨਾਲ਼ ਖ਼ੌਰੇ ਕਿਵੇਂ ਵਿਆਹ ਕਰ ਲੈਂਦੇ ਨੇ।" ਕੌਰ ਨੇ ਹੈਰਤ ਨਾਲ਼ ਪੁੱਛਿਆ।

"ਜਿਵੇਂ ਜੱਟ ਜੱਟਾਂ 'ਚ ਕਰ ਲੈਂਦੇ ਨੇਂ ਉਵੇਂ ਈ..." ਸਰਦਾਰ ਨੇ ਮਜ਼ਾਕ 'ਚ ਗੁੰਨ੍ਹ ਕੇ ਕੌਰ ਨੂੰ ਝਿੜਕ ਮਾਰੀ। ਜਿਵੇਂ ਆਂਹਦਾ ਹੋਵੇ ਕਿ ਗੱਲ ਸੋਚ ਕੇ ਕੀਤੀ ਕਰ।

ਰਫ਼ੀਕ ਵੀ ਗੱਲ ਸਮਝ ਗਿਆ। ਫਿੱਕਾ ਜਿਹਾ ਹਾਸਾ ਹੱਸ ਕੇ ਬੋਲਿਆ: "ਅਸਾਂ ਕਿਥੋਂ ਕਰਨਾ ਸੀ ਭੈਣਾਂ ਨਾਲ਼ ਵਿਆਹ? ਚਾਚੇ, ਮਾਸੀ ਦੀਆਂ ਹੁੰਦੀਆਂ ਨੇ। ਅੱਜ ਕੱਲ੍ਹ ਤੇ ਵੈਸੇ ਵੀ ਕਜ਼ਨ ਕਹਿ ਦਈਦਾ ਏ। ਇਹ ਅਰਬ ਬੱਦੂ ਲੈ ਬੈਠੇ ਜੇ ਸਾਨੂੰ। ਆਪਣਾ ਧਰਮ ਲਿਆਏ ਤੇ ਸਾਨੂੰ ਪੰਜਾਬੀਆਂ ਨੂੰ ਵੀ ਲਾ ਛੱਡਿਆ ਇਸ ਕੰਮ 'ਤੇ। ਕਾਸ਼ ਚਾਰ ਸ਼ਾਦੀਆਂ ਵਾਲਾ ਕੰਮ ਵੀ ਆਮ ਹੋ ਜਾਏ ਇੱਥੇ, ਉਹ ਤੇ ਕੋਈ ਕਰਨ ਨਹੀਂ ਦਿੰਦਾ।"

ਗੱਡੀ 'ਚ ਇਕ ਵਾਰ ਫ਼ਿਰ ਸਿੱਧੂ ਦਾ ਗੀਤ, ਮੁਸਲਮਾਨ ਤੇ ਸਿੱਖ ਜੋੜੇ ਦਾ ਹਾਸਾ, ਨਿੱਕੇ ਜਵਾਕ ਹੱਥ ਫੜੀ ਵੀਡੀਓ ਗੇਮ ਦੀ ਆਵਾਜ਼ ਤੇ ਡਰਾਈਵਰ ਦੀ ਚੁੱਪ ਘੁਲ਼ ਗਏ।

ਗੱਡੀ ਅਖ਼ੀਰ ਗੁਰਦਵਾਰੇ ਦੀ ਪਾਰਕਿੰਗ 'ਚ ਅੱਪੜੀ। ਉੱਥੋਂ ਇਕ ਸ਼ਟਲ ਲੈ ਕੇ ਬਿਲਡਿੰਗ ਤਕ ਜਾਣਾ ਹੁੰਦਾ।

"ਅੱਛਾ ਤੇ ਦੂਰ ਦੂਰ ਈ ਨੇ ਇੰਡੀਆ ਪਾਕਿਸਤਾਨ ਦੇ ਯਾਤਰੀ ਵੀ। ਇਕੱਠੇ ਇਕ ਥਾਂ ਤੋਂ ਸ਼ਟਲ ਵੀ ਨਹੀਂ ਫੜਦੇ।" ਸਰਦਾਰ ਬੋਲਿਆ।

"ਹਾਂ ਜੀ! ਉਧਰੋਂ ਆਉਣ ਵਾਲੇ ਬਾਡਰ ਤੋਂ ਹੀ ਬੈਠ ਕੇ ਆ ਜਾਂਦੇ ਨੇ ਨਾ, ਪਰ ਪਾਕਿਸਤਾਨ ਵਾਲੇ ਪਾਸਿਓਂ ਜਾ ਕੇ ਇਹ ਗੱਲ ਤੁਸਾਂ ਵੀ ਵੇਖ ਲਈ ਕਿ ਅਗਲੇ ਅੱਠ ਵਾਰ ਤਲਾਸ਼ੀ ਲੈਂਦੇ ਨੇ ਆਪਣੇ ਸ਼ਹਿਰੀਆਂ ਦੀ। ਹਾਲੇ ਪੈਸੇ ਤਾਰਨ ਤੋਂ ਪਹਿਲੇ ਔਰ ਬਾਅਦ ਫ਼ਿਰ ਇਕ ਵਾਰ ਤਲਾਸ਼ੀ ਹੋਵੇਗੀ। ਗਲ਼ 'ਚ ਪਾਉਣ ਵਾਲੇ ਯਾਤਰੀ ਦੇ ਕਾਰਡ ਦੀ ਡੋਰੀ ਵੀ ਵੱਖੋ ਵੱਖ ਰੰਗਾਂ ਦੀ ਹੋਵੇਗੀ। ਇੰਡੀਅਨ ਦੇ ਗਲ਼ 'ਚ ਪੀਲ਼ੀ ਤੇ ਸਾਡਿਆਂ 'ਚ ਨੀਲੀ। ਤਾਂ ਕਿ ਦੂਰੋਂ ਪਛਾਣ ਰਹਵੇ ਕਿ ਇਹ

ਇਕ ਨਹੀਂ। ਕੈਸੀ ਖੇਡ ਏ ਵੈਸੇ। ਮਨੁੱਖਾਂ ਨੂੰ ਰੰਗਾਂ 'ਚ ਵੰਡਣਾ। ਅਖ਼ੇ ਸਬਜ਼ ਇਸਲਾਮ ਕਾ ਰੰਗ ਹੈ ਔਰ ਕੇਸਰੀਆ ਹਿੰਦੂ ਮੱਤ ਕਾ। ਜਾਹਲ ਨੇ, ਮੈਂ ਹਿਸਾਬ ਲਾਇਆ ਏ ਇਸ ਖ਼ਿੱਤੇ ਦੇ ਲੋਕ।" ਸ਼ਟਲ ਦੀ ਉਡੀਕ 'ਚ ਖਲੋਤਾ ਰਫ਼ੀਕ ਆਪਣੀ ਰੁੱਤ ਵਿਚ ਬੋਲੀ ਜਾ ਰਿਹਾ ਸੀ।

"ਹਿੰਦੂ ਮੱਤ ਦਾ ਨਹੀਂ ਵੀਰ ਜੀ! ਹਿੰਦੂਤਵ ਦਾ ਰੰਗ ਜੇ ਇਹ। ਹੁਣ ਤੇ ਟਰਮ ਵੀ ਬਣ ਗਈ ਜੇ ਪੌਲਿਟਿਕਸ 'ਚ... ਸੈਫ਼ਰੋਨ ਪੋਲਿਟਿਕਸ... ਯਾਨੀ ਜਾਫ਼ਰਾਨੀ ਸਿਆਸਤ।" ਸਰਦਾਰ ਨੇ ਆਪਣੀ ਜਾਚੇ ਇਲਮ 'ਚ ਵਾਧਾ ਕੀਤਾ।

"ਇਕ ਤੇ ਚੜ੍ਹਦੇ ਵਾਲੇ ਜੱਜੇ ਪੈਰ ਬਿੰਦੀ ਪਾ ਕੇ ਵੀ 'ਜਾਫ਼ਰਾਨੀ' ਹੀ ਆਖਣਗੇ। 'ਜ਼ਾਫ਼ਰਾਨੀ' ਹੁੰਦਾ ਏ ਸਰਦਾਰ ਜੀ! ਜ਼ਾਫ਼ਰਾਨ ਤੋਂ ਜ਼ਾਫ਼ਰਾਨੀ... ਹਾਏ ਜ਼ਾਫ਼ਰਾਨ ਤੋਂ ਕਸ਼ਮੀਰ ਯਾਦ ਆ ਗਿਆ। ਜੇ ਰੱਬ ਨੇ ਜੰਨਤ ਬਣਾਉਣੀ ਈ ਸੀ ਤੇ ਉਹ ਵੀ ਵੇਖੋ ਕਿੱਥੇ ਬਣਾਈ ਸੁ..." ਸਾਰੇ ਇਕ ਵਾਰ ਫ਼ਿਰ ਹੱਸੇ, ਸਿਵਾਏ ਜਵਾਕ ਤੋਂ। ਮੁਬਾਇਲ ਦੀ ਬੈਟਰੀ ਮੁੱਕਣ ਪਾਰੋਂ ਹੁਣ ਮੁਬਾਇਲ ਜਵਾਕ ਦੀ ਮਾਂ ਦੇ ਪਰਸ 'ਚ ਸੀ ਤੇ ਉਹ ਇਕ ਉਦਾਸ ਚਿਹਰੇ ਨਾਲ਼ ਆਪਣੇ ਮਾਂ ਪਿਓ ਤੇ ਘਰ ਆਏ ਪ੍ਰੋਹਣਿਆਂ ਵੱਲ ਤੱਕ ਰਿਹਾ ਸੀ।

"ਜ਼ਾਫ਼ਰਾਨੀ... ਵੱਡੀ ਨਾਨੀ... ਜ਼ਾਫ਼ਰਾਨੀ ਵੱਡੀ ਨਾਨੀ..." ਇਹ ਜਵਾਕ ਦੇ ਮੂੰਹੋਂ ਨਿਕਲੇ ਪਹਿਲੇ ਸ਼ਬਦ ਸਨ।

"ਇਹ ਕੀ ਭੈਣ ਜੀ?" ਕੌਰ ਨੇ ਪੁੱਛਿਆ।

"ਕੁੱਝ ਨਹੀਂ ਭੈਣ, ਯਾਂ ਤੇ ਇਹ ਵਿਡੀਓ ਗੇਮ ਖੇਡੇਗਾ ਤੇ ਯਾਂ ਬੇਤੁਕੇ ਜੋੜ ਪਿਆ ਰਲਾਏਗਾ। ਹੋਰ ਕੁੱਝ ਨਹੀਂ ਜੇ ਕਰਦਾ..." ਨਿਆਣੇ ਦੀ ਮਾਂ ਦੱਸਣ ਲੱਗੀ।

"ਮੈਂ ਕਿਹਾ, ਕੁੱਝ ਕਵੀ ਤੇ ਹਾਲੇ ਤੀਕ ਇਵੇਂ ਦੇ ਬੇਤੁਕੇ ਜੋੜ ਹੀ ਰਲਾਂਦੇ ਜੇ ਪਏ। ਸਾਡਾ ਪੁੱਤਰ ਤੇ ਜਮਾਂਦਰੂ ਉਨ੍ਹਾਂ ਤੋਂ ਭਾਰਾ ਏ।" ਸਰਦਾਰ ਨੇ ਗੱਲ ਇਕ ਵਾਰ ਫ਼ਿਰ ਹਾਸੇ ਵੱਲ ਨੂੰ ਟੋਰੀ।

"ਵੈਸੇ ਇਹੋ ਕੁੱਝ ਜੇ ਅੱਜੋਕੀ ਸ਼ਾਇਰੀ ਸਰਦਾਰ ਜੀ।" ਰਫ਼ੀਕ ਘੁੰਮਣ ਆਖਣ ਲੱਗਾ। ਉਸ ਰੱਬ ਜਾਣੇ ਕਾਹਦੀ ਕੌੜ ਕੱਢੀ।

ਸਰਦਾਰ ਜੋੜਾ ਅੱਧਖੜ ਉਮਰ ਦਾ ਤੇ ਮੁਸਲਮਾਨ ਜੋੜਾ ਜਵਾਨ ਸੀ। ਗੁਰਦਵਾਰੇ ਦਾ ਬੂਹਾ ਟੱਪਦਿਆਂ ਮੁਸਲਮਾਨ ਮਰਦ ਯਾਤਰੀਆਂ ਲਈ ਸਾਵੇ ਰੰਗ ਦੀਆਂ ਪਲਾਸਟਿਕ ਦੀਆਂ ਟੋਪੀਆਂ ਰੱਖੀਆ ਗਈਆਂ ਸਨ ਤਾਂ ਜੇ ਉਹ ਸਿਰ ਢਕ ਕੇ ਅੰਦਰ ਜਾਵਣ। ਰੱਬ ਜਾਣੇ ਇਹ ਕਿਸ ਦਾ ਸੁਝਾਅ ਸੀ ਕਿ ਮਸੀਤ ਵਾਲੀਆਂ, ਸਿਰ 'ਤੇ ਨਾ ਟਿਕਣ ਵਾਲੀਆਂ ਪਲਾਸਟਿਕ ਦੀਆਂ ਇਹ ਟੋਕਰੀਆਂ ਉੱਥੇ ਰੱਖ ਦਿਓ, ਉਹ ਵੀ ਸਾਵੇ ਰੰਗ ਦੀਆਂ। ਰਫ਼ੀਕ ਨੇ ਇਕ ਟੋਕਰੀ ਆਪਣੇ ਤੇ ਇਕ ਨਿੱਕੇ ਖ਼ੁਦਾ ਬਖ਼ਸ਼ ਦੇ ਸਿਰ 'ਤੇ ਮੂਧੀ ਮਾਰੀ ਤੇ ਉਹ ਚਿੱਟੇ ਰੰਗ ਦੀ ਇਕ ਵੱਡੀ ਇਮਾਰਤ 'ਚ ਆ ਵੜੇ।

"ਮੇਰੇ ਦਾਦਾ ਜੀ ਦਾ ਨਾਂ ਖ਼ੁਦਾ ਬਖ਼ਸ਼ ਸੀ, ਉਨ੍ਹਾਂ ਦੇ ਨਾਂ 'ਤੇ ਰੱਖਿਆ ਏ। ਹਰ ਕੋਈ ਇਸ ਨਾਂ ਨੂੰ ਆਊਟ ਡੇਟਡ ਮੰਨਦਾ ਏ ਹੁਣ..." ਰਫ਼ੀਕ ਗੱਲਾਂ 'ਚੋਂ ਗੱਲ ਕਢਦਿਆਂ ਬੋਲਿਆ।

ਨਿੱਕੇ ਬਾਲ ਸਾਹਮਣਿਓਂ ਸਕਰੀਨ ਪਰਾਂਹ ਹੋਈ ਤੇ ਉਸ ਆਲ਼ ਦੁਆਲ਼ਾ ਵੇਖਿਆ। ਐਡੀ ਸੋਹਣੀ ਇਮਾਰਤ ਵੇਖ ਕੇ ਨਿੱਕਾ ਖ਼ੁਦਾ ਬਖ਼ਸ਼ ਪਹਿਲੀ ਵਾਰ ਉਦਾਸੀ ਤੋਂ ਖ਼ੁਸ਼ੀ ਵੱਲ ਵਧਿਆ। ਮਾਂ ਕੋਲੋਂ ਪੁੱਛਣ ਲੱਗਾ ਕਿ ਅਸੀਂ ਕਿੱਥੇ ਆਏ ਆਂ। ਮਾਂ ਜਿੰਨਾ ਕੁ ਜਾਣਦੀ ਸੀ ਉਨਾ ਕੁ ਦੱਸੀ ਜਾਵੇ।

"ਇੱਧਰ ਆ ਖਾਂ ਜ਼ਰਾ ਘੁੰਮਣਾ! ਮੈਥੋਂ ਪੁੱਛ ਕੀ ਪੁੱਛਣਾ ਈ, ਮਾਂ ਤੇਰੀ ਨੂੰ ਕਾਹਦਾ ਪਤਾ ਈ ਗੁਰਦਵਾਰੇ ਦਾ..." ਸਰਦਾਰ ਨੇ ਚਾਅ ਨਾਲ਼ ਬੜ੍ਹਕ ਮਾਰਦਿਆਂ ਨਿੱਕੇ ਬਾਲ ਤੋਂ ਮਾਂ ਦੀ ਚੁੰਡ ਛੁਡਾ ਕੁੱਛੜੇ ਚੁੱਕ ਲਿਆ।

"ਦਾਦਾ ਅੱਬੂ! ਆਪ ਕੇ ਅੱਲ੍ਹਾ ਕਾ ਕਿਆ ਨਾਮ ਹੈ?" ਇਹ ਬਾਲ ਦਾ ਪਹਿਲਾ ਸਵਾਲ ਸੀ।

"ਹਾ ਹਾ ਹਾ... ਉਹੀਓ ਜਿਹੜਾ ਪੁੱਤਰ ਥੋਡੇ ਅੱਲ੍ਹਾ ਦਾ ਹੈ। ਅੱਲ੍ਹਾ ਤੇ ਸਾਂਝਾ ਹੁੰਦਾ ਏ ਸਭ ਦਾ

ਪੁੱਤਰ... ਅੱਲ੍ਹਾ ਕਹਿ ਲਉ ਵਾਹਿਗੁਰੂ ਕਹਿ ਲਉ..." ਬਾਲ ਦੇ ਮੂੰਹ ਤੋਂ ਲੱਗ ਰਿਹਾ ਸੀ ਕਿ ਉਹਨੂੰ ਇਸ ਗੱਲ ਦੀ ਕੱਖ ਸਮਝ ਨਹੀਂ ਪਈ। ਖ਼ੌਰੇ ਉਹਦੇ ਵਡਕਿਆਂ ਨੂੰ ਵੀ ਨਹੀਂ ਸੀ ਪਈ।

"ਅੱਛਾ ਤੋ ਯੇ ਕਿਸ ਕਾ ਘਰ ਹੈ ਜਹਾਂ ਹਮ ਆਏ ਹੈਂ?" ਬਾਲ ਨੇ ਇਕ ਹੋਰ ਸਵਾਲ ਪੁੱਛਿਆ।

"ਇਹ ਗੁਰੂ ਨਾਨਕ ਦਾ ਘਰ ਏ ਪੁੱਤਰਾ!"

ਸਰਦਾਰ ਨੇ ਖ਼ੁਦਾ ਬਖ਼ਸ਼ ਨੂੰ ਕੁਤਕੁਤਾੜੀਆਂ ਕਢਦਿਆਂ ਦੱਸਿਆ। ਬਾਲ ਖਿੜ-ਖਿੜ ਹੱਸੇ। ਏਨੀ ਦੇਰ ਨੂੰ ਉਹ ਸਾਰੇ ਗੁਰਦਵਾਰੇ ਦੀ ਅਸਲ ਇਮਾਰਤ ਲਾਗੇ ਅੱਪੜ ਗਏ ਸਨ।

"ਗੁਰੂ ਨਾਨਕ?" ਬਾਲ ਨੇ ਫ਼ਿਰ ਪੁੱਛਿਆ।

"ਹਾਂ ਜੀ!"

"ਸਰਦਾਰ ਨੇ ਫ਼ਿਰ ਦੱਸਿਆ ਤੇ ਮੁੜ ਕੁਤਕੁਤਾੜੀ ਕੱਢੀ ਅਤੇ ਹੱਸਦੇ ਹੋਏ ਬਾਲ ਨੂੰ ਕੁੱਛੜੋਂ ਲਾਹ ਛੱਡਿਆ। ਬਾਲ ਹੱਸਦਾ ਹੱਸਦਾ ਬੋਲਿਆ।

"ਨਾਨਕ ਬਾਬਾ... ਨਾਨਕ ਬਾਬਾ

ਬਾਬਾ ਛਾਬਾ... ਬਾਬਾ ਛਾਬਾ"

ਸਰਦਾਰ ਜੋੜੇ ਦੇ ਮੱਥਿਆਂ 'ਤੇ ਅਚਨਚੇਤ ਤਿਊੜੀ ਆ ਗਈ। ਖ਼ੁਦਾ ਬਖ਼ਸ਼ ਦੀ ਮਾਂ ਨੇ ਫ਼ਟਾ-ਫ਼ਟ ਉਹਦਾ ਹੱਥ ਫੜ ਕੇ ਆਪਣੇ ਵੱਲ ਖਿੱਚ ਲਿਆ।

"ਬੁਰੀ ਬਾਤ ਬਖ਼ਸ਼! ਐਸੇ ਨਹੀਂ ਕਹਿਤੇ... ਅੱਲ੍ਹਾ ਮੀਆਂ ਮਾਰਤੇ ਹੈਂ।" ਮਾਂ ਨੇ ਬਾਲ ਨੂੰ ਦਾਬਾ ਮਾਰਿਆ।

"ਅੱਲ੍ਹਾ ਮੀਆਂ ਤੋ ਸਭ ਕੇ ਹੈਂ, ਮੁਝੇ ਕਿਉਂ ਮਾਰੇਂਗੇ ਫਿਰ?"

"ਆਪ ਬਦਤਮੀਜ਼ੀ ਜੋ ਕਰ ਰਹੇ ਹੋ, ਇਸ ਲੀਏ।"

"ਕਯਾ ਹੈ ਮਾਮਾ?... ਨਾਨਕ ਬਾਬਾ...ਬਾਬਾ ਛਾਬਾ ਕਹਾ ਹੈ ਬੱਸ..."

"ਭੈਣ ਜੀ ਇਸ ਨੂੰ ਆਖੋ ਚੁੱਪ ਕਰ ਜਾਏ..." ਸਰਦਾਰ ਹੌਲ਼ੀ-ਹੌਲ਼ੀ ਆਪੇ ਤੋਂ ਬਾਹਰ ਹੁੰਦਾ ਦਿਸੇ।

ਇਸ ਵਾਰ ਆਲ਼ ਦੁਆਲ਼ੇ ਫਿਰਦੇ ਕੁੱਝ ਹੋਰ ਸਿੱਖ ਯਾਤਰੀਆਂ ਵੀ ਬਾਲ ਦੀ ਇਹ ਵਾਜ ਸੁਣੀ ਤੇ ਨੇੜੇ ਹੋ ਗਏ।

"ਖ਼ੁਦਾ ਬਖ਼ਸ਼... ਬਦਤਮੀਜ਼... ਕਹਾਂ ਸੇ ਸੀਖੀ ਹੈਂ ਤੁਮ ਨੇ ਯੇ ਗਾਲੀਆਂ?..." ਪਿਓ ਨੇ ਨਿੱਕੇ ਬੱਚੇ ਦੇ ਮੂੰਹ 'ਤੇ ਚੰਡ ਕੱਢ ਮਾਰੀ। ਬਾਲ ਰੋਵਣ ਲੱਗਾ।

"ਕੀ ਕਹਿ ਰਿਹਾ ਹੈ ਜੀ ਬਾਲ ਥੋਡਾ?"

"ਨੀਲੇ ਰੰਗ ਦੀ ਪੱਗ ਬੱਧੇ, ਕਿਰਪਾਨ ਲਮਕਾਈ, ਇਕ ਨਿਹੰਗ ਨੇ ਨੇੜੇ ਹੋ ਕੇ ਗ਼ੁੱਸੇ ਨਾਲ਼ ਪੁੱਛਿਆ। ਉਹਦੇ ਗਲ਼ ਪਈ ਪੀਲ਼ੀ ਪੱਟੀ ਉਹਦਾ ਭਾਰਤੀ ਹੋਣਾ ਦੱਸੇ ਪਈ।

"ਕੁਝ ਨਹੀਂ ਵੀਰੇ... ਬਾਲ ਹੈਗਾ ਏ... ਬਾਬਾ ਨਾਨਕ ਜੀ ਦੇ ਸਾਹਮਣੇ ਇਵੇਂ ਕਰਦਾ ਤੇ ਉਨ੍ਹਾਂ ਆਪ ਕੁਛੜੇ ਚੁੱਕ ਲੈਣਾ ਸੀ, ਪਿਆਰ ਕਰਨਾ ਸੀ ਤੇ ਮੁੜ ਸਮਝਾਉਣਾ ਸੀ..."

ਸਰਦਾਰ ਨੂੰ ਹਨੇਰੀ ਤੋਂ ਪਹਿਲਾਂ ਹੋਵਣ ਵਾਲਾ ਰੱਤਾ ਅੰਬਰ ਦਿਸ ਪਿਆ ਸੀ। ਉਸ ਅੱਗੇ ਵਧ ਕੇ ਨਿਹੰਗ ਨੂੰ ਜਿਵੇਂ ਡੱਕਣ ਦੀ ਕੋਸ਼ਿਸ਼ ਕੀਤੀ। ਇੰਨੇ ਵਿਚ ਕੁੱਝ ਹੋਰ ਪੀਲ਼ੀਆਂ ਪੱਟੀਆਂ ਗਲ਼ ਪਾਏ ਸਰਦਾਰ ਨੇੜੇ ਆ ਗਏ। ਲਹਿੰਦੇ ਪੰਜਾਬ ਵਾਲਿਆਂ ਮੁਬਾਇਲ ਕੱਢ ਲਏ ਤੇ ਵੀਡੀਓ ਬਣਨ ਲੱਗੀ।

"ਇਹ ਕੀ ਆਖਦਾ ਹੈ ਜਵਾਕ? ਤੁਸੀਂ ਗੁਰੂ ਦੀ ਬੇਅਦਬੀ ਕਰਾ ਰਹੇ ਜੇ?" ਇਕ ਹੋਰ ਤਗੜਾ ਗਭਰੂ ਸਰਦਾਰ ਉਸ ਟੱਬਰ ਵੱਲ ਵਧਿਆ।

"ਉਹ ਤਾਂ ਜਵਾਕ ਹੈ... ਤੁਸੀਂ ਤਾਂ ਬਾਲ-ਪੁਣਾ ਨਾ ਕਰੋ..." ਕੌਰ ਨੇ ਆਪਣੀ ਆਵਾਜ਼ 'ਚ

ਆਇਆ ਡਰ ਤੇ ਗ਼ੁੱਸਾ ਲੁਕੋਂਦਿਆਂ ਆਖਿਆ।

ਪਿਓ ਦੀ ਚਪੇੜ ਖਾਧੇ ਖ਼ੁਦਾ ਬਖ਼ਸ਼ ਨੇ ਰੋਂਦਿਆਂ ਹੋਇਆਂ ਜ਼ਿੱਦ 'ਚ ਆਖਿਆ:

"ਨਾਨਕ ਬਾਬਾ... ਵੱਡਾ ਛਾਬਾ..."

ਉਹਦੀ ਮਾਂ ਦੇ ਹੱਥ ਕੰਬੇ ਤੇ ਉਸ ਬਾਲ ਦੇ ਮੂੰਹ 'ਤੇ ਤਲ਼ੀ ਰੱਖ ਛੱਡੀ।

"ਲਾਹਨਤ ਏ ਤੇਰੇ 'ਤੇ ਬਈ ਬੁਢੜਿਆ..."

ਜਵਾਨ ਸਰਦਾਰ ਦੀਆਂ ਅੱਖਾਂ 'ਚ ਲਹੂ ਉਤਰ ਆਇਆ, ਖ਼ੌਰੇ ਇਹ ਉਹੀਓ ਲਹੂ ਸੀ ਜਿਹੜਾ ਕਦੇ ਇਹਦੇ ਵੱਡਕਿਆਂ ਦੀਆਂ ਅੱਖਾਂ 'ਚ ਲਹਿ ਗਿਆ ਹੋਵੇ। ਦੁੱਧ ਵਰਗੇ ਚਿੱਟੇ ਗੁਰਦਵਾਰੇ ਦੇ ਸੰਗ-ਏ-ਮਰਮਰ ਲੱਗੇ ਫ਼ਰਸ਼ 'ਤੇ ਇਹ ਸਾਰੇ ਮਨੁੱਖ ਜਿਵੇਂ ਕਿਸੇ ਅਣਡਿੱਠੀ ਤਾਕਤ ਨੇ ਆਪਣੇ ਵੱਸ 'ਚ ਕਰ ਲਏ ਹੋਵਣ। ਗੁਰਦਵਾਰੇ ਲਾਗੇ ਬਣੀ ਕਬਰ ਜਿੱਥੇ ਮੁਸਲਮਾਨ ਇਸ ਲਈ ਦੁਆ ਕਰਨ ਆਉਂਦੇ ਕਿ ਇੱਥੇ ਗੁਰੂ ਨਾਨਕ ਦੇ ਜੁੱਸੇ ਦੇ ਅੱਧੇ ਫੁ਼ਲ ਦਫ਼ਨਾਏ ਗਏ ਸਨ, ਉਵੇਂ ਹੀ ਚੁੱਪ ਸੀ ਕਿ ਜਿਵੇਂ ਇਹ ਧਰਤ ਚੁੱਪ ਚੁਪੀਤੀ ਪੰਜਾਬੀਆਂ ਨੂੰ ਵੇਖਦੀ ਰਹੀ ਸੀ।

"ਯਾਰ ਤੁਸੀਂ ਪਾਗਲ ਜੇ ਦੋਵੇਂ ਜੀਅ? ਬੱਚੇ ਨੂੰ ਸਮਝਾਉਂਦੇ ਕਿਉਂ ਨਹੀਂ?" ਅੱਥਰਾ ਜਵਾਨ ਇਕ ਵਾਰ ਫ਼ਿਰ ਗੱਜਿਆ।

ਸਿਵਲ ਵਰਦੀ 'ਚ ਫਿਰਦੇ ਏਜੰਸੀ ਦੇ ਬੰਦੇ ਵੀ ਇਹ ਰੌਲ਼ਾ ਵੇਖ ਕੇ ਇਨ੍ਹਾਂ ਵੱਲ ਭੱਜੇ। ਨੇੜੇ ਅੱਪੜੇ ਸਾਰੇ ਸਿੱਖਾਂ ਤਕ ਇਹ ਗੱਲ ਅੱਪੜ ਗਈ ਕਿ ਇਹ ਮੁਸਲਮਾਨ ਬੱਚਾ ਗੁਰੂ ਨਾਨਕ ਨੂੰ ਗਾਲ੍ਹਾਂ ਕੱਢ ਰਿਹਾ ਏ। ਲਾਲ ਹਨੇਰੀ ਗੁਰੂ ਘਰ ਖਲੋਤੇ ਸਾਰੇ ਮਨੁੱਖਾਂ ਦੇ ਸਿਰ 'ਤੇ ਆ ਗਈ। ਰੋਂਦਾ ਕੁਰਲਾਉਂਦਾ ਖ਼ੁਦਾ ਬਖ਼ਸ਼ ਮਾਂ ਕੋਲ਼ੋਂ ਨਾ ਸਾਂਭਿਆ ਜਾਵੇ ਤੇ ਛੁੱਟ-ਛੁੱਟ ਜਾਵੇ। ਉਸ ਮਾਂ ਦਾ ਹੱਥ ਖਿੱਚ ਕੇ ਪਰਾਂਹ ਕੀਤਾ ਤੇ ਪਿਓ ਕੋਲ਼ੋਂ ਬਦਲਾ ਲੈਣ ਲਈ ਹੋਰ ਉੱਚੀ ਸਾਰੀ ਬੋਲਿਆ:

"ਨਾਨਕ ਬਾਬਾ... ਵੱਡਾ..."

"ਓਏ ਤੇਰੀ ਮੈਂ ਭੈਣ 'ਤੇ ਚੜ੍ਹ ਜਾਵਾਂ ਸਾਲ਼ਿਆ!!!"

ਇਕ ਜਵਾਨ ਸਰਦਾਰ ਕਿਰਪਾਨ ਕੱਢ ਬਾਲ ਵੱਲ ਵਧਿਆ। ਅਮਨਪ੍ਰੀਤ ਸਿੰਘ ਨਿੱਕੇ ਖ਼ੁਦਾ ਬਖ਼ਸ਼ ਤੇ ਉਹਦੀ ਮਾਂ ਦੇ ਸਾਹਮਣੇ ਹੋ ਗਿਆ ਤਾਂ ਜੇ ਸਿੱਖ ਜਵਾਨ ਬਾਲ ਤਕ ਨਾ ਅੱਪੜ ਸਕੇ।

"ਹਟ ਜਾ ਪਰਾਂਹ ਗਾਂਡੂਆ ਸਾਹਮਣਿਓਂ... ਇਹਦੀ ਵੀ ਮੈਂ ਮਾਂ ਨੂੰ... ਤੇ ਇਨ੍ਹਾਂ ਦੇ..."

ਜਵਾਨ ਸਰਦਾਰ ਰੱਸਾ ਤੁੜਾਏ ਸੰਢੇ ਹਾਰ ਅੱਗੇ ਵਧਿਆ ਤੇ ਨਾਲ਼ ਖਲੋਤੇ ਮੁਸਲਮਾਨ ਯਾਤਰੀ ਨੇ ਉਹਦੀ ਧੌਣ ਫੜ ਲਈ ਅਤੇ ਗਾਲ੍ਹ ਉਹਦੇ ਸੰਘ 'ਚ ਈ ਘੁੱਟ ਲਈ।

"ਓਏ ਬਕਵਾਸ ਨਾ ਕਰੀਂ ਓਏ ਸਿੱਖੜਿਆ..."ਉਹਦੀ ਆਵਾਜ਼ 'ਚ ਉਹ ਗ਼ੁੱਸਾ ਕਿ ਜਿਹੜਾ ਇਸ ਧਰਤ ਦੀਆਂ ਸਵਾਣੀਆਂ ਕਦੇ ਜਰਿਆ ਸੀ।

"ਓਏ... ਓਏ... ਓਏ..." ਦੀਆਂ ਵਾਜਾਂ ਦੋਹਾਂ ਪਾਸਿਓਂ ਬਲਕਿ ਹਰ ਪਾਸਿਓਂ ਆਉਣ ਲੱਗੀਆਂ। ਸਰਦਾਰ ਚੜ੍ਹਦੇ ਤੇ ਲਹਿੰਦੇ ਦੇ ਜਵਾਨਾਂ ਨੂੰ ਛੁਡਾਵਣ ਲੱਗਾ। ਪਰ ਉਹ ਇਵੇਂ ਇਕ ਦੂਜੇ ਨੂੰ ਵੱਢ ਵੱਢ ਪੈਣ ਲੱਗੇ ਜਿਵੇਂ ਪਿੰਡ ਦੀ ਰੂੜੀ 'ਤੇ ਕੁੱਤਿਆਂ ਦੇ ਦੋ ਟੋਲੇ ਲੜਦੇ ਹੋਵਣ। ਇਹ ਸਭ ਕੁੱਝ ਜਿਵੇਂ ਸਲੋਅ ਮੋਸ਼ਨ 'ਚ ਹੋਇਆ। ਗੱਲ ਸਮਝਣ ਤੇ ਸਾਂਭਣ ਦਾ ਵੇਲ਼ਾ ਨਾ ਲੱਭਾ। ਜਿਵੇਂ ਕਿਸੇ ਰਾਤੋ ਰਾਤ ਕਹਿ ਛੱਡਿਆ ਹੋਵੇ: ਇਹ ਹੁਣ ਤੁਹਾਡਾ ਪਿੰਡ ਨਹੀਂ। ਟੁਰ ਜਾਓ ਨਹੀਂ ਤਾਂ ਵੱਢੇ ਜਾਓਗੇ। ਖਿੱਚ ਧਰੂਈ ਵਿਚ ਉਸ ਸਾਨ੍ਹ ਸਰਦਾਰ ਨੇ ਅਮਨਪ੍ਰੀਤ ਸਿੰਘ ਨੂੰ ਧੱਕਾ ਮਾਰਿਆ। ਬੁੱਢੇ ਸਰਦਾਰ ਕੋਲ਼ੋਂ ਝੱਲਿਆ ਨਾ ਗਿਆ ਤੇ ਉਹ ਜਿਵੇਂ ਉੱਡਦਾ ਹੋਇਆ ਬਾਬੇ ਨਾਨਕ ਦੇ ਮਜ਼ਾਰ ਵੱਲ ਜਾ ਡਿੱਗਿਆ। ਉਹਦਾ ਮੱਥਾ ਮਜ਼ਾਰ ਦੀ ਇਕ ਨੁੱਕਰ 'ਤੇ ਇਵੇਂ ਵੱਜਾ ਕਿ ਭਾਰੇ ਸਰੀਰ ਵਾਲਾ ਸਰਦਾਰ ਅਮਨਪ੍ਰੀਤ ਸਿੰਘ ਥੇਹ 'ਤੇ ਫੜਕਣ ਲੱਗਾ।

ਉਹਦਾ ਜਿਸਮ ਇਵੇਂ ਫੜਕੇ ਜਿਵੇਂ ਕੋਈ ਖੁੰਢੀ ਛੁਰੀ ਨਾਲ ਖੱਲ ਲਾਹੁੰਦਾ ਹੋਵੇ। ਦੂਜੇ ਪਾਸੇ ਲੜਾਈ ਵਧਦੀ ਜਾਵੇ। ਪ੍ਰਬੰਧਕ ਵੀ ਅੱਪੜ ਪਏ ਤੇ ਸਿਕਿਓਰਟੀ ਵਾਲੇ ਵੀ। ਮੁੰਡਿਆਂ ਦੀ

ਲੜਾਈ ਛੁਡਾਈ ਗਈ। ਲਹਿੰਦੇ ਪੰਜਾਬ ਵਾਲਿਆਂ ਨੂੰ ਸਿਕਿਓਰਿਟੀ ਵਾਲੇ ਓਥੋਂ ਕੱਢਣ ਲੱਗੇ। ਗੁਰਦਵਾਰੇ ਦੇ ਸਾਰੇ ਸਿਕਿਓਰਿਟੀ ਕੈਮਰੇ ਇਹ ਮੰਜ਼ਰ ਮਹਿਫ਼ੂਜ਼ ਕਰਦੇ ਰਹੇ।

ਆਲ਼ ਦੁਆਲ਼ੇ ਖਲੋਤੇ ਹਰ ਮਿੱਟੀ ਦੇ ਬੁੱਤ ਨੇ ਆਪਣੇ ਆਪਣੇ ਮੁਬਾਇਲ 'ਚ ਵੀ ਇਸ ਨੂੰ ਰਿਕਾਰਡ ਕਰ ਲਿਆ। ਵਿਚੋਂ ਇਕ ਤੇ ਫ਼ੇਸ-ਬੁੱਕ 'ਤੇ ਲਾਈਵ ਵਿਖਾਵੇ ਪਿਆ ਜਿਹੜਾ ਪਹਿਲਾਂ ਈ ਕਿਤੇ ਲੁਕ ਛੁਪ ਕੇ ਗੁਰਦਵਾਰੇ 'ਚ ਲਾਈਵ ਬ੍ਰਾਡਕਾਸਟ ਕਰ ਰਿਹਾ ਸੀ। ਉਸ ਕੈਮਰਾ ਇਹਨਾਂ ਵੱਲ ਫੇਰ ਦਿੱਤਾ।

ਬਾਲ ਦੇ ਮੂੰਹੋਂ ਨਿਕਲੇ ਸ਼ਬਦ ਵੀ ਇੰਟਰਨੈੱਟ ਰਾਹੀਂ ਹਰ ਪਾਸੇ ਜਾ ਅੱਪੜੇ। ਫੜਕਦੇ ਸਰਦਾਰ ਦੀਆਂ ਤਲੀਆਂ ਝੱਸੀਆਂ ਗਈਆਂ, ਫ਼ਸਟ ਏਡ ਵਾਲੇ ਵੀ ਆ ਗਏ। ਹਰ ਕੋਸ਼ਿਸ਼ ਕੀਤੀ ਗਈ ਕਿ ਸਰਦਾਰ ਦਾ ਦਮ ਵਾਪਸ ਲਿਆਂਦਾ ਜਾਵੇ। ਪਰ ਇਹ ਕੋਈ ਗੁੱਝੀ ਸੱਟ ਸੀ। ਸਾਹਮਣੇ ਨਾ ਦਿਸੇ ਪਰ ਪੱਗ ਵਾਲੇ ਸਿਰ ਅੰਦਰ ਦਿਮਾਗ਼ ਨੂੰ ਖਾ ਗਈ। ਸਰਦਾਰ ਦੇ ਮੂੰਹੋਂ ਝੱਗ ਛੁੱਟ ਗਈ, ਉਸ ਆਪਣੀ ਇੱਜ਼ਤ ਕੌਰ ਦੇ ਹੱਥਾਂ 'ਚ ਜਾਨ ਦੇ ਛੱਡੀ। ਗੁਰੂ ਘਰ ਦੀ ਪਹਿਲੀ ਮੰਜ਼ਿਲ 'ਤੇ ਬੈਠੇ ਯਾਤਰੀ ਸ਼ਬਦ ਗਾਇਨ ਕਰਦੇ ਰਹੇ।

'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ..."

ਸਾਰੀ ਦੁਨੀਆ ਨੇ ਇਹ ਮੰਜ਼ਰ ਵੇਖਿਆ। ਅਮਨ ਸਿੰਘ ਦੀ ਲਾਸ਼ ਵਾਪਸ ਲਾਹੌਰ ਅਪੜਾਈ ਗਈ। ਕਰਤਾਰਪੁਰ ਦਾ ਲਾਂਘਾ, ਇਹ ਲਾਸ਼ ਨਹੀਂ ਲੰਘ ਸਕਦੀ ਸੀ ਕਿਉਂਜੇ ਪਾਸਪੋਰਟ 'ਤੇ ਉਹ ਇਕ ਮੁਹਰ ਨਹੀਂ ਲੱਗੀ ਸੀ ਜਿਹਦੀ ਉਡੀਕ 'ਚ ਬੈਠੇ ਕਈ ਲਾਸ਼ਾਂ ਬਣ ਗਏ ਸਨ। ਸਾਰੇ ਅਦਬ ਦੇ ਸੇਵਕ ਭਾਰਤੀ ਸਰਕਾਰ ਨੇ ਵਾਪਸ ਬੁਲਾ ਲਏ। ਟੈਲੀਵਿਯਨ ਨੇ ਹਰ ਭਾਰਤੀ ਨੂੰ ਇਹ ਪੱਕ ਕਰਵਾਇਆ ਕਿ ਮੁਸਲਮਾਨਾਂ ਨੇ ਇਕ ਸਿੱਖ ਯਾਤਰੀ ਨੂੰ ਇਸ ਲਈ ਮਾਰ ਛੱਡਿਆ ਕਿਉਂਕਿ ਉਸ ਕਿਹਾ ਸੀ ਕਿ ਗੁਰੂ ਨਾਨਕ ਨੂੰ ਗਾਲ੍ਹ ਨਾ ਕੱਢੋ।

ਹਰ ਸਕਰੀਨ 'ਤੇ ਉਸ ਖੋਜੀ ਦਾੜ੍ਹੀ ਵਾਲੇ ਮੁਸਲਮਾਨ ਪੰਜਾਬੀ ਦਾ ਦੰਦ ਕਚੀਚਿਆ ਉਹ ਚਿਹਰਾ ਵਿਖਾਇਆ ਜਾ ਰਿਹਾ ਸੀ ਜਿਹੜਾ ਨਿਹੰਗ ਸਰਦਾਰ ਦੀ ਗਾਲ੍ਹ ਸੁਣਨ ਤੇ ਉਹਦੇ ਵਰਗਾ ਹੀ ਬਣ ਗਿਆ ਸੀ, ਔਰ ਉਸੇ ਨੂੰ ਗੁਰੂ ਨਾਨਕ ਦੀ ਬੇਹੁਰਮਤੀ ਕਰਨ ਵਾਲਾ ਦੱਸਿਆ ਜਾ ਰਿਹਾ ਸੀ। ਦੋਹਾਂ ਮੁਲਕਾਂ ਦੇ ਸਫ਼ੀਰ ਵਾਪਸ ਘਲਾ ਦਿੱਤੇ ਗਏ ਔਰ ਐਟਮੀ ਹਥਿਆਰਾਂ ਦੀਆਂ ਤਸਵੀਰਾਂ ਵਿਖਾਂਦੇ ਰੀਟਾਇਰਡ ਫ਼ੌਜੀ ਟੀ.ਵੀ. ਸਕਰੀਨਾਂ 'ਤੇ ਨਜ਼ਰ ਆਉਣ ਲੱਗੇ। ਉਹ ਜੋਸ਼ ਨਾਲ਼ ਇਕ ਦੂਜੇ ਨੂੰ ਗਾਲ੍ਹਾਂ ਕੱਢਦੇ ਔਰ ਉਨ੍ਹਾਂ ਦੇ ਮੂੰਹੋਂ ਝੱਗ ਉੱਡਦੀ, ਪਰ ਇਹ ਉਹ ਝੱਗ ਨਹੀਂ ਸੀ ਜਿਹੜੀ ਗੁਰੂ ਨਾਨਕ ਦੇ ਮਜ਼ਾਰ ਨਾਲ਼ ਮੱਥਾ ਮਾਰਨ ਵਾਲੇ ਸਰਦਾਰ ਦੇ ਮੂੰਹੋਂ ਨਿਕਲੀ ਸੀ। ਪੂਰੀ ਦੁਨੀਆ ਦੇ ਆਗੂ ਜੰਗ ਛਿੜਨ ਤੋਂ ਰੋਕਣ ਲੱਗੇ।

72 ਵਰ੍ਹਿਆਂ ਦੀ ਉਡੀਕ ਬਾਅਦ ਖੁੱਲ੍ਹੇ ਕਰਤਾਰਪੁਰ ਲਾਂਘੇ ਨੂੰ ਬੰਦ ਕਰ ਦੇਣ ਦੀਆਂ ਆਵਾਜ਼ਾਂ ਉੱਠਣ ਲੱਗ ਪਈਆਂ। 000

***(Email: aub7soccer@gmail.com)***

# ਜੋਗੇ ਭੰਗਲ: ਕਹਾਣੀ: ਕੋਈ ਨਵਾਂ ਦੇਸ਼ ਪੰਜਾਬ

ਕੋਲ਼ੋਂ ਲੰਘਦੇ, ਨਿਆਣਿਆਂ ਨਾਲ਼ ਭਰੇ, ਤਿੰਨ ਟੈਂਪੂਆਂ ਨੇ ਮੇਰੀ ਸੁਰਤ ਘੁਮਾਈ। ਇਕ ਨਹਿਰ ਵਾਲ਼ੀ ਸਾਈਡ ਤੋਂ ਆਇਆ, ਜਿੱਥੇ ਗੁੱਜਰਾਂ ਦੇ ਘਰ। ਦੂਸਰਾ ਰੇਲਗੱਡੀ ਦੀਆਂ ਲਾਇਨਾਂ ਵੱਲੋਂ, ਜਿੱਧਰ ਜੰਦੇ-ਕੁੰਜੀਆਂ ਤੇ ਗਧੀਲ੍ਹੇ ਲੋਕਾਂ ਦੀਆਂ ਕੁੱਲੀਆਂ। ਮਗਰੇ ਇਕ ਹੋਰ ਮੰਡੀ ਵੱਲੋਂ ਨਾਲ਼ ਆ ਰਲ਼ਿਆ। ਸ਼ਾਇਦ ਇਹ ਬੱਚੇ ਰਾਜਸਥਾਨੀਆਂ ਦੇ ਹੁਣੇ, ਮੈਂ ਅੰਦਾਜ਼ਾ ਮਾਰਿਆ। ਤਿੰਨੇ ਟੈਂਪੂ ਘੁੜ-ਘੁੜ ਕਰਦੇ ਕੋਲ਼ ਦੇ ਐਲੀਮੈਂਟਰੀ ਸਕੂਲ 'ਚ ਜਾ ਵੜੇ। ਮੇਰੇ ਕੋਲ਼ੋਂ ਹੋਰ ਵੀ ਪਿੰਡ 'ਚ ਰਹਿੰਦੇ ਪਰਵਾਸੀਆਂ ਦੀ ਪਨੀਰੀ, ਰੰਗਬਰੰਗੇ ਬਸਤੇ ਮੋਢੀਂ ਟੰਗੀ, ਚਾਘੀਆਂ ਪਾਉਂਦੀ ਲੰਘੀ। ਠੇਠ ਪੰਜਾਬੀ ਦੇ ਅੰਗ-ਸੰਗ, ਆਪਣੀ ਮਸਤੀ 'ਚ ਤੁਰਿਉ, ਹੱਸਦੇ-ਗਾਉਂਦੇ, ਮੈਨੂੰ ਕਲ੍ਹ ਦਾ ਪੰਜਾਬ ਨਜ਼ਰ ਆਏ। ਆਪਣਿਆਂ ਦਾ ਉਨ੍ਹਾਂ 'ਚ ਇਕ-ਅੱਧ ਮਸਾਂ ....।

ਜਦੋਂ ਦਾ ਮੈਂ ਰਿਟਾਇਰ ਹੋਇਆਂ ਤੇ ਕਨੇਡਾ ਨਿਆਣਿਆਂ ਕੋਲ਼ ਜਾਣ ਲੱਗਾਂ, ਮੈਂ ਵੀ ਲੇਟ ਉੱਠਣ, ਖਾਣ-ਪੀਣ ਤੇ ਉਸੇ 'ਸਾਬ੍ਹ ਨਾਲ਼ ਸੈਰ ਨੂੰ ਲੇਟ ਨਿਕਲ਼ਣ ਲੱਗ ਪਿਆ। ਉਨ੍ਹਾਂ ਦੀ ਆਪਣੇ ਕੰਮ-ਧੰਦਿਆਂ ਕਾਰਣ, ਮਜਬੂਰੀ 'ਚ ਆਪਣੀ ਰੁਟੀਨ ਬਣੀ ਹੋਈ। ਉਸੇ ਤਰ੍ਹਾਂ ਨਾਲ਼, ਮੈਂ ਵੀ ਕੁਝ-ਕੁਝ ਉੱਦਾਂ ਦਾ ਬਣ ਗਿਆ। ਹੁਣ ਇੱਥੇ ਇੰਡੀਆ ਆ ਕੇ, ਮੈਂ ਸੈਰ ਨੂੰ ਲੇਟ-ਫੇਟ ਜਾਣ ਦਾ ਆਦੀ ਹੋ ਗਿਆ।

ਮੈਂ ਅਗਾਂਹ ਆਪਣੇ ਪਿੰਡ ਦੇ ਚੁਰਸਤੇ 'ਤੇ ਆਇਆ ਤਾਂ ਸ਼ੁਕਰ ਮਨਾਇਆ, ਆਪਣਿਆਂ ਦੇ ਵੀ ਕੁਝ ਬੱਚੇ ਨਜ਼ਰ ਪਏ। ਮੈਂ ਇਕਦਮ ਰੁਕਿਆ। ਇਕ ਪਾਸੇ ਟਾਈਆਂ ਵਾਲ਼ੇ, ਚਿੱਟੀਆਂ-ਨੀਲੀਆਂ ਵਰਦੀਆਂ 'ਚ ਆਪਣੀਆਂ ਕੈਂਬਰਿਜ, ਸੇਂਟ-ਸੋਲਜ਼ਰ ਬੱਸਾਂ ਦੀ ਉਡੀਕ 'ਚ ਕੱਸੇ ਖੜ੍ਹੇ, ਗੋਰਿਆਂ ਦਾ ਭੁਲੇਖਾ ਪਾਉਣ। ਕੋਲ਼ੋਂ ਗੁਜ਼ਰਦੇ, ਅਖਾਉਤੀ 'ਘੈਂਟ' ਲੇਖਕ ਸਾਬ੍ਹ ਨੇ, ਗੱਡੀ 'ਚੋਂ ਮੈਨੂੰ ਤੇ ਆਪਣੇ ਪੋਤੇ ਨੂੰ ਟਾਅਟਾਅ ਕਹੀ। ਸ਼ਾਇਦ ਉਹ ਏਅਰਪੋਰਟ ਨੂੰ ਜਾ ਰਿਹਾ। ਕੁਛ ਦਿਨ ਪਹਿਲਾਂ ਮੈਨੂੰ ਆਪੇ ਦੱਸ ਰਿਹਾ ਸੀ। ਅਖੇ ਲੰਡਨ 'ਚ ਹੋ ਰਹੀ ਅੰਤਰਰਾਸ਼ਟਰੀ ਪੰਜਾਬੀ ਕਨਫਰੰਸ ਅਟੈਂਡ ਕਰਨ ਜਾ ਰਿਹਾਂ। ਜਦ ਨੂੰ ਦੋ ਕੁ ਪਰਵਾਸਣਾਂ ਵੀ ਪੰਜਾਬੀ ਸੂਟਾਂ 'ਚ ਫਬਦੀਆਂ, ਛਣ-ਛਣ ਕਰਦੀਆਂ, ਆਪਣੇ ਬੱਚਿਆਂ ਸਮੇਤ ਮੇਰੇ ਕੋਲ਼ੋਂ ਲੰਘ ਗਈਆਂ ਤਾਂ ਮੇਰਾ ਧਿਆਨ ਉੱਧਰ ਨੂੰ ਉਨ੍ਹਾਂ ਦੇ ਮਗਰ ਹੋ ਗਿਆ।

ਫਿਰ ਧਿਆਨ-ਧਿਆਨ 'ਚ ਮੈਥੋਂ ਐਸਾ ਧਿਆਨ ਧਰਿਆ ਗਿਆ ਕਿ ਮੈਂ ਭੂਤ ਕਾਲ਼ 'ਚ ਬੌਤ੍ਹ ਪਿਛਾਂਹ ਚਲਾ ਗਿਆ, ਜਦੋਂ ਇੱਥੇ ਆਰੀਆਂ ਦੀ ਆਗਮਨ ਹੋਈ। ਸੁਣਿਆਂ ਕਿ ਉਨ੍ਹਾਂ ਵੱਲੋਂ ਇੱਥੋਂ ਦੇ ਵਾਸੀਆਂ 'ਤੇ ਦਬ-ਦਬਾ ਬਣਾ ਲਿਆ ਗਿਆ। ਫਿਰ ਖਾੜੀ ਮੁਲਕਾਂ ਵੱਲੋਂ ਮੁਸਲਮਾਨਾਂ ਦੇ ਹਮਲੇ ....। ਉਹ ਇੱਥੇ ਆਪਣਾ ਵਸੇਬਾ ਬਣਾ ਕੇ, ਆਖ਼ਰ ਇੱਥੋਂ ਦੇ ਲੋਕਾਂ 'ਤੇ ਰਾਜ ਕਰਨ ਬਹਿ ਗਏ। ਉਨ੍ਹਾਂ ਦੇ ਫ਼ਾਰਸੀ/ਅਰਬੀ ਦੇ ਬੋਲ-ਬਾਲ਼ੇ ਨੇ, ਇੱਥੋਂ ਦੀਆਂ ਭਾਸ਼ਾਵਾਂ ਨਾਲ਼ ਰਲ਼ ਕੇ, ਨਵੀਂ ਭਾਸ਼ਾ ਉਰਦੂ ਨੂੰ ਜਨਮ ਦਿੱਤਾ। ....ਫਿਰ ਮਗਰ ਅੰਗਰੇਜ਼ ਵਿਉਪਾਰੀ ਬਣ ਕੇ ਆਏ-ਆਏ, ਦੇਸ਼ 'ਤੇ ਕਾਬਜ਼ ਹੋ ਕੇ ਲੁੱਟਣ ਲੱਗੇ। ....ਤੇ ਜਾਂਦੇ ਹੋਏ, ਆਪਣੀ ਭਾਸ਼ਾ ਨੂੰ ਉਹ ਇੰਝ ਸਾਡੇ ਗਲ਼ 'ਚ ਪਾ ਕੇ ਗਏ ਕਿ ਸਦਾ ਲਈ ਸਾਡੇ ਗਲ਼ 'ਚ ਲਟਕ ਗਈ। ਉਹਦੀ ਗ਼ੁਲਾਮੀ ਐਸੀ ਸਾਡੇ ਖ਼ੂਨ 'ਚ ਰਚੀ ਕਿ ਹੁਣ ਤਕ ਸਾਨੂੰ ਨਚਾਈ ਜਾ ਰਹੀ। ....ਉਸ ਤੋਂ ਬਾਅਦ ਸੰਤਾਲ਼ੀ ਦੀ ਵੰਡ....। ਕਤਲੇਆਮ ਦੇ ਨਾਲ਼ ਭਾਸ਼ਾ ਦਾ ਵੀ ਕਤਲ, ਵਟਵਾਰਾ....। ਸਮੇਂ, ਸਥਿੱਤੀਆਂ ਅਨੁਸਾਰ ਬੜਾ ਕੁਛ ਵੰਡਿਆ, ਕਤਲ ਹੋਇਆ।

ਫਿਰ ਮੇਰੀ ਸੁਰਤੀ, ਹੁਣ ਤੋਂ 60 ਕੁ ਸਾਲ ਪਿੱਛੇ ਪਰਤੀ। ਕਦੇ ਮੈਂ ਵੀ ਇਸੇ ਚੁਰਸਤੇ ਦੀ ਵੱਖੀ 'ਤੇ ਖੜ੍ਹਾ ਹੋਇਆ ਕਰਦਾ। ਮੇਰੇ ਨਾਲ ਪਿੰਡ ਦੇ ਜੱਟਾਂ, ਬਾਮ੍ਹਣਾਂ, ਨਾਈਆਂ, ਛੀਂਬਿਆਂ, ਜੁਲਾਹਿਆਂ, ਬਾਲਮੀਕੀਆਂ, ਆਦਿਧਰਮੀਆਂ, ਹੋਰਾਂ ਦੇ ਬੱਚੇ ਸਾਹਮਣੇ ਆ ਖੜ੍ਹੇ, ਜੋ ਕਦੇ ਮੇਰੇ ਨਾਲ਼ ਪ੍ਰਾਇਮਰੀ 'ਚ ਪੜ੍ਹਦੇ, ਖੇਡਦੇ, ਨੱਚਦੇ, ਗਾਉਂਦੇ। ਮੈਨੂੰ ਪ੍ਰੋਫੈਸਰ ਮੋਹਣ ਸਿੰਘ ਦੀ ਕਵਿਤਾ 'ਆਉ ਨੱਚੀਏ' ਦੀ ਯਾਦ ਦਿਵਾਉਂਦੇ। ਜਿਹਦੇ 'ਚ ਸਭ ਧਰਮਾਂ, ਜਾਤਾਂ ਦੇ ਲੋਕ ਬਾਹਾਂ 'ਚ ਬਾਹਾਂ ਪਾ ਕੇ ਨੱਚ ਰਹੇ। ਉਦੋਂ ਪਿੰਡ ਦੇ ਦੋ ਕੁ ਨਿਆਣੇ ਮਸਾਂ ਸ਼ਹਿਰ ਦੇ ਕਿਸੇ ਪਬਲਿਕ ਸਕੂਲ ਨੂੰ ਪੜ੍ਹਨ ਜਾਇਆ ਕਰਦੇ। ਕਦੇ ਕੋਈ ਪਿੰਡਾਂ 'ਚ ਉਦੋਂ ਪਰਵਾਸੀ ਨਈਂ ਸੀ ਨਜ਼ਰ ਆਉਂਦਾ। ਸ਼ਹਿਰਾਂ 'ਚ ਹੁੰਦਾ ਸੀ, ਵਿਰਲਾ-ਵਿਰਲਾ ਗੋਰਖਾ, ਢਾਬਿਆਂ 'ਤੇ ਜਾਂ ਕਿਤੇ ਕੋਈ ਚੌਕੀਦਾਰ। ਸੁਣਦੇ ਹੁੰਦੇ ਸੀ ਪਈ ਯੂ.ਪੀ., ਬਿਹਾਰ, ਰਾਜਸਥਾਨ, ਉੜੀਸਾ, 'ਗਾਂਹ ਕਈ ਦੱਖਣ ਦੇ ਸੂਬਿਆਂ 'ਚ ਬੜੀ ਗਰੀਬੀ....। ਫਿਰ ਇੱਥੋਂ ਦੇ ਵਿਗੜੇ ਮਾਹੌਲ, ਭ੍ਰਿਸ਼ਟਾਚਾਰ, ਬੇਰੋਜ਼ਗਾਰੀ, ਭੇਡ-ਚਾਲ, ਅਬਾਦੀ, ਨਸ਼ੇ, ਪਤਾ ਨਈਂ ਕੀ ਕੁਝ....। ਜਿਸ ਕਰਕੇ ਬਾਰ੍ਹ ਦੀਆਂ ਦੌੜਾਂ ਸ਼ੁਰੂ ਹੋ ਗਈਆਂ। ਜਦ ਸਾਡਿਆਂ ਦੇ, ਹੌਲ਼ੀ-ਹੌਲ਼ੀ ਤੋਂ ਤੇਜ਼ ਹੁੰਦੇ, ਜਹਾਜ਼ਾਂ ਦੇ ਜਹਾਜ਼ ਭਰ-ਭਰ ਉੱਡਣ ਲੱਗੇ। ਤਦ ਸਮੇਂ ਨੇ ਐਸਾ ਗੇੜਾ ਦਿੱਤਾ ਕਿ ਇੱਧਰ ਪਰਵਾਸੀ ਇਕ-ਇਕ ਕਰਕੇ ਆਉਂਦਿਆਂ-ਆਉਂਦਿਆਂ ਦੀਆਂ, ਆਖਰ ਗੱਡੀਆਂ ਭਰ ਕੇ ਆਉਣ ਲੱਗੀਆਂ।

ਹੁਣ ਜਦੋਂ ਕੁਝ ਕੁ ਸਾਲਾਂ ਬਾਅਦ, ਮੈਂ ਦੁਬਾਰਾ ਇੰਡੀਆ ਆਇਆ ਤਾਂ ਅਪਰੈਲ ਮਹੀਨੇ ਦੇ ਸ਼ੁਰੂ ਚ, ਦੋ ਮਾਸਟਰ ਕਿਤਿਉਂ ਵਾਕਫ਼ੀ ਕੱਢ ਕੇ, ਮੇਰੇ ਘਰ ਆ ਧਮਕੇ। ਉਹ ਮੈਂ ਇਕ-ਦੋ ਵਾਰ ਲੰਘਦੇ-ਵੜਦਿਆਂ ਕਿਤੇ ਦੇਖੇ ਵੀ ਲੱਗਣ। ਮੈਂ ਉਨ੍ਹਾਂ ਨੂੰ ਅੰਦਰ ਲਿਜਾ ਕੇ ਬਿਠਾਉਂਦਿਆਂ, ਉਨ੍ਹਾਂ ਵੱਲ ਪ੍ਰਸ਼ਨਮਈ ਜਿਹਾ ਦੇਖਾਂ ਕਿ ਇਹ ਕਿਤੇ ਰਾਹ ਭੁੱਲ ਕੇ ਤਾਂ ਨਈਂ....। ਮੈਂ'ਖਿਆ ਕਦੇ ਅੱਗੇ ਨਾ ਪਿੱਛੇ, ਇਨ੍ਹਾਂ ਇੱਧਰ ਮੂੰਹ ਕਿਮੇ ਕੀਤਾ।

ਮੇਰੇ ਕੁਛ ਕਹਿਣ ਤੋਂ ਪਹਿਲਾਂ ਹੀ, ਇੰਨੇ ਨੂੰ ਇਕ ਬੋਲ ਪਿਆ- "ਥੁਆਡੇ ਘਰ 'ਚ ਰਹਿੰਦੇ, ਪਰਵਾਸੀਆਂ ਦੇ ਕੁਝ ਬੱਚਿਆਂ ਬਾਰੇ ਪਤਾ....!"

"ਉਹ! ਆਹੋ ਰਹਿੰਦੇ ਸੀ।....ਪਰ ਮੇਰੇ ਇੱਥੇ ਬਾਰ੍ਹੋਂ ਆਣ ਤੋਂ ਬਾਅਦ, ਹੁਣ ਔਹ ਨਾਲ਼ ਦੀ ਕੋਠੀ 'ਚ ਚਲੇ ਗਏ।" ਮੈਂ ਇਸ਼ਾਰੇ ਨਾਲ਼ ਉਨ੍ਹਾਂ ਦਾ ਹੁਣ ਦਾ ਟਿਕਾਣਾ ਦੱਸਿਆ।

"ਸਰ, ਦਰਅਸਲ ਗੱਲ ਇਹ ਵੇ, ਥੁਆਨੂੰ ਤਾਂ ਪਤਾ ਹੁਣਾ ਆਪਣੇ ਮਹਿਕਮੇ ਦਾ, ਤੁਸੀਂ ਵੀ ਸਕੂਲਾਂ, ਸੰਬੰਧਤ ਦਫ਼ਤਰਾਂ 'ਚ ਰਹੇ ਉਂ। ਸਕੂਲ, ਨੌਕਰੀਆਂ, ਪੋਸਟਾਂ ਬਚਾਣ ਦਾ ਮਸਲਾ ਆਣ ਪਿਆ।....ਉਨ੍ਹਾਂ ਪਰਵਾਸੀਆਂ ਦੇ ਪਰਿਵਾਰ, ਸੁਣਿਆਂ ਥੁਆਡੇ ਨੇੜੇ ਰਹੇ। ਜੇ ਉਨ੍ਹਾਂ ਨੂੰ ਕਹਿ-ਸੁਣ ਕੇ....। ਸਾਡੇ ਸਕੰਡਰੀ ਸਕੂਲ 'ਚ...., ਉਨ੍ਹਾਂ ਦੇ ਬੱਚੇ ਦਾਖਲ ਕਰਾਣ 'ਚ ਸਾਡੀ ਮਦਦ....। ਆਪਣਿਆਂ ਦੇ ਨਿਆਣੇ ਤਾਂ ਹੁਣ...., ਥੁਆਨੂੰ ਪਤਾ ਈ ਹੁਣਾ....।" ਇਕ ਨੇ ਹਾਰਿਆਂ ਵਾਂਗ ਦੱਸਦਿਆਂ, ਸਪਸ਼ਟ ਕਰਨਾ ਚਾਹਿਆ।

"ਯਾਰ, ਕਲ੍ਹ ਇਕ ਹੋਰ ਸਕੂਲ ਵਾਲ਼ੇ ਸਾਥੀ ਵੀ ਆਏ ਸੀ। ਪਰ ਮੈਂ ਕਿਤੇ ਗਿਆ ਹੋਣ ਕਰਕੇ ਉਨ੍ਹਾਂ ਨੂੰ ਮਿਲਿਆ ਨਈਂ।....ਇਕ ਹੋਰ ਫ਼ੋਨ ਵੀ ਆਇਆ ਹੋਇਆ। ਉਹ ਵੀ ਮੈਨੂੰ ਇਸੇ ਸੰਬੰਧ 'ਚ ਮਿਲ਼ਣ ਨੂੰ ਕਹਿ ਰਹੇ ਸੀ। ਉਨ੍ਹਾਂ ਦਾ ਵੀ ਇਹੀ ਰੋਣਾ ਲਗਦਾ। ਉਹ ਵੀ ਮੈਨੂੰ ਸੁਣਨੀ ਪੈਣੀ।....ਪਰ ਮੈਂ ਕਿਹਨੂੰ 'ਹਾਂ' ਕਰਾਂ ਤੇ ਕਿਹਨੂੰ 'ਨਾਂਹ'। ਮੇਰੇ ਲਈ ਤਾਂ ਤੁਸੀਂ ਸਾਰੇ ਇੱਕੋ ਜਿਹੇ।....ਪਰ ਮਾਸਟਰ ਜੀ ਥੁਆਡੇ ਉਂਝ ਆਪਣੇ ਬੱਚੇ ਕਿੱਥੇ ਪੜ੍ਹੇ ?"

ਮੇਰੀ ਗੱਲ ਸੁਣ ਕੇ, ਉਹ ਦੋਵੇਂ ਸ਼ਰਮਿੰਦੇ ਜਿਹੇ ਹੋਏ, ਇਕ-ਦੂਜੇ ਵੱਲ ਦੇਖਦੇ 'ਹੀਂ-ਹੀਂ' ਕਰਨ ਲੱਗੇ।

"ਉਹ ਤਾਂ ਜੀ ਹੁਣ....। ਇਹਦਾ ਸਟੱਡੀ ਬੇਸ 'ਤੇ ਕਨੇਡਾ....ਤੇ ਮੇਰਾ ਅਜੇ ਆਈਲੈਟਸ

ਕਰ ਰਿਹਾ।" ਇਕ ਜਣਾ ਕੁਝ ਯਕਦਾ-ਯਕਦਾ ਮਸਾਂ ਬੋਲਿਆ।

"ਉਹ ਠੀਕ ਆ ਪਰ ਪੜ੍ਹੇ ਕਿੱਥੇ....?"

"ਬੱਸ ਸਰ, ਏਦੇਂ ਆਂ, 'ਗਾਂਹ-'ਗਾਂਹ.... । ਥੁਆਨੂੰ ਪਤਾ ਈ ਆ, ਆਪਣੇ ਸਰਕਾਰੀ ਸਕੂਲਾਂ ਦਾ ਹਾਲ....। ਕੁਛ ਭੇਡ-ਚਾਲ....ਤੇ ਪੜ੍ਹਾਈ ਵੀ ਇੱਥੇ ਸਰਕਾਰੀਆਂ 'ਚ....। ਇੱਥੇ ਤਾਂ ਹੁਣ ਨੌਕਰੀਆਂ ਵੀ ਬੱਸ, ਨਾ ਹੋਇਆਂ ਨਾਲ਼ ਦੀਆਂ....। ਫੇ ਨਿਆਣਿਆਂ ਨੂੰ ਬਾਰ੍ਹ ਭੇਜਣ ਦੇ ਚੱਕਰ 'ਚ ਵੀ 'ਉਨ੍ਹਾਂ' ਸਕੂਲਾਂ 'ਚ....। ਇਨ੍ਹਾਂ ਆਪਣਿਆਂ 'ਚ ਖਾਲੀ ਪੋਸਟਾਂ ਵੀ...। ਸਰਕਾਰਾਂ ਵੀ ਇਨ੍ਹਾਂ ਨੂੰ ਫੇਲ੍ਹ ਕਰਨ ਦੇ ਰਸਤੇ.... ।" ਸ਼ਰਮਿੰਦੇ ਹੋਇਆਂ, ਉਨ੍ਹਾਂ ਲਈ ਖੁੱਲ੍ਹ ਕੇ ਪੂਰੇ ਵਾਕ ਬੋਲਣੇ ਵੀ ਔਖੇ ਹੋਏ ਪਏ।

ਖ਼ੈਰ, ਮੈਂ ਉਨ੍ਹਾਂ ਦੀ ਪੁਜੀਸ਼ਨ ਸਮਝਦਿਆਂ, ਬਿਨਾਂ ਕੁਛ ਕਿਹਾਂ, ਉਨ੍ਹਾਂ ਨੂੰ ਨਾਲ਼ ਲੈ ਕੇ, ਨਾਲ ਦੀ ਕੋਠੀ ਵੱਲ ਤੁਰ ਪਿਆ। ਮੈਂ ਸੋਚਿਆ ਕਿ ਉਨ੍ਹਾਂ ਨੂੰ ਕਹਿ-ਸੁਣ ਕੇ ਵੰਡ-ਵੰਡਾ ਕੇ ਨਿਆਣੇ ਸਭ ਪਾਸੀਂ ਭੇਜ ਦਿੰਨੇ। ਉਨ੍ਹਾਂ ਦੇ ਕੁਝ ਨਿਆਣੇ ਹੁਣੇ ਅਠਵੀਂ 'ਚੋਂ ਪਾਸ ਹੋਏ ਸਨ। 'ਗਾਂਹ ਉਨ੍ਹਾਂ ਸੈਕੰਡਰੀ ਸਿੱਖਿਆ ਲਈ ਦਾਖਲਾ ਲੈਣਾ ਸੀ। ਮੈਂ ਹੈਰਾਨ ਕਿ ਐਲੀਮੈਂਟਰੀ ਤੋਂ ਬਾਅਦ, ਹੁਣ ਸਕੰਡਰੀ 'ਚ ਵੀ ਇਹ ਹਾਲ....। ਮੈਂ ਨਿਆਣੇ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਕਹਿ-ਸੁਣ ਕੇ ਵੰਡ ਪਾਉਂਦਿਆਂ, ਉਨ੍ਹਾਂ ਸਭ ਦੇ ਸਕੂਲਾਂ 'ਚ ਜਾਣ ਲਈ ਮਨਾ ਲਿਆ।

ਫਿਰ ਮੇਰੇ ਅੱਗੇ ਡਿਗਰੀ, ਇੰਜਨੀਰਿੰਗ, ਮੈਡੀਕਲ, ਹੋਰ.... ਕਿੰਨੇ ਕਾਲਿਜ, ਉੱਚ ਸੰਸਥਾਵਾਂ ਘੁੰਮਣ ਲੱਗੀਆਂ।....ਕਦੇ ਇੱਥੇ ਮੇਲਿਆਂ ਜਿਹੀ ਰੌਣਕ ਹੋਇਆ ਕਰਦੀ। ਦਾਖ਼ਲਿਆਂ ਲਈ ਸਿਫ਼ਾਰਸ਼ਾਂ, ਰਿਸ਼ਵਤਾਂ, ਧੱਕਾ-ਮੁੱਕੀ....। ਅੱਜ ਉੱਲੂ ਬੋਲਦੇ। ਅਵਾਰਾ ਕੁੱਤੇ, ਗਾਵਾਂ ਮੂਤਦੇ-ਹੱਗਦੇ। ਉੱਥੇ ਵੀ ਲੈਕਚਰਾਰਾਂ ਦਾ ਮਾਸਟਰਾਂ ਵਾਲ਼ਾ ਹਾਲ....। ਉਹ ਵੀ ਪਾੜ੍ਹੇ ਲੱਭਦੇ ਬੌਂਦਲ਼ੇ ਪਏ। ਆਲੀਸ਼ਾਨ ਬਿਲਡਿੰਗਾਂ ਦੇ ਰੰਗ-ਰੋਗਨ ਉੱਡੇ ਹੋਏ। ਕਈ ਤਾਂ ਨਿਰੀਆਂ ਖੰਡਰ ਨਜ਼ਰ ਆਉਂਦੀਆਂ। ਉਹੀ ਰੌਣਕਾਂ ਹੁਣ ਆਈਲਿਟਸ ਸੈਂਟਰਾਂ 'ਚ ਜਾ ਲੱਗੀਆਂ। ਜੋ ਮੇਲੇ ਕਦੇ ਪਿੰਡਾਂ, ਕਾਲਿਜਾਂ, ਯੂਨੀਵਰਸਿਟੀਆਂ 'ਚ ਲੱਗਿਆ ਕਰਦੇ, ਹੁਣ ਬਾਹਰ ਜਾਣ ਲਈ ਲੱਗਣ ਲੱਗ ਪਏ। ਸਮੇਂ ਨੇ ਮੇਲਿਆਂ ਦੇ ਅਰਥ ਹੀ ਬਦਲਾ ਦਿੱਤੇ ਜਿਵੇਂ।

ਸੈਰ ਕਰਦਾ ਅੱਗੇ ਵਧਿਆ। ਯੂ.ਪੀ, ਬਿਹਾਰੀਆਂ ਦੇ ਚਲਦੇ ਵੇਲਣਿਆਂ ਤੋਂ ਭਿੰਨੀ-ਭਿੰਨੀ ਆਉਂਦੀ ਖ਼ੁਸ਼ਬੂ ਨੇ, ਮੈਨੂੰ ਇਕ ਵੇਲਣੇ ਕੋਲ ਰੋਕ ਲਿਆ। ਜੱਟਾਂ ਦੇ ਕੁਝ ਮੁੰਦਰਾਂ ਵਾਲ਼ੇ ਮੁੰਡੇ, ਹੁਣੇ ਉੱਥੇ ਇਕ ਵੇਲਣੇ 'ਤੋਂ ਰਸ ਪੀ ਕੇ, ਆਪਣੇ ਪਿਲਪਿਲੇ ਢਿੱਡਾਂ 'ਤੇ ਹੱਥ ਫੇਰਦੇ, ਬੁਲਟ ਮੋਟਰ ਸਾਈਕਲ ਦੀ ਡੁਗ-ਡੁਗ, ਗੜ-ਗੜ ਕਰਦੇ, ਪਟਾਕੇ ਵਜਾਉਂਦੇ, ਮੇਰੀ ਧੜਕਣ ਵਧਾਉਂਦੇ, ਮੇਰੇ ਕੋਲ਼ੋਂ ਗੜ੍ਹੂੰ ਦੇਣੀ ਨਿਕਲ ਕੇ ਔਹ ਗਏ। ਮੈਂ ਕੁਛ ਪਲ ਖੜ੍ਹਾ ਸੋਚਦਾਂ- 'ਇਹ ਵੇਲ਼ਣਾ ਵੀ ਇਨ੍ਹਾਂ ਦੀ ਜ਼ਮੀਨ 'ਤੇ ਚੱਲੇ ਤੇ ਕਮਾਦ ਵੀ ਇਨ੍ਹਾਂ ਦੇ ਖੇਤਾਂ 'ਚ ਬਾਂਸਾਂ ਵਾਂਗ ਖੜ੍ਹਾ। ਪਰ ਇਹ ਕੀ ਕਰਦੇ ਜ਼ਮੀਨਾਂ ਵਾਲ਼ੇ ! ਇਨ੍ਹਾਂ ਦੇ ਪੈਰ ਜ਼ਮੀਨ 'ਤੇ ਕਿਉਂ ਨਈਂ ਲੱਗ ਰਹੇ? ਮੈਨੂੰ ਕਿਉਂ ਲੱਗੀ ਜਾਂਦਾ ਕਿ ਇਹ ਜ਼ਮੀਨਾਂ ਈ ਇਨ੍ਹਾਂ ਦੇ ਪੈਰ ਜ਼ਮੀਨ ਤੋਂ ਚੁੱਕੀ ਜਾਂਦੀਆਂ।.... ਮੁਫ਼ਤ ਦਾ ਠੇਕਾ ਆਈ ਜਾਂਦਾ। ਜੇ ਇਨ੍ਹਾਂ ਕੋਲ਼ ਜ਼ਮੀਨ ਨਾ ਹੋਵੇ, ਬੜੇ ਸੋਹ੍ਹੇ ਬੰਦੇ ਨਾ ਬਣ ਜਾਣ ਇਹ। ਬਸ, ਸਿਰਾਂ 'ਤੇ ਰੰਗ-ਬਰੰਗੇ ਰੁਮਾਲ ਬੰਨ੍ਹੀ, ਬਾਬਿਆਂ ਕੋਲ਼ ਬਾਹਰ ਜਾਣ ਦੀਆਂ ਪੁੱਛਾਂ ਪੁੱਛਦੇ-ਪਛਾਂਦੇ ਕਮਲ਼ੇ ਹੋਈ ਫਿਰਦੇ। ਉੱਥੇ ਆਪਣੇ ਮਨ ਦੀ ਮੁਰਾਦ ਪੂਰੀ ਕਰਨ ਦੀ ਮਨਸ਼ਾ ਨਾਲ਼, ਖਿਡਾਉਣੇ ਜਹਾਜ਼ ਚਾੜ੍ਹ ਕੇ ਆਉਂਦੇ, ਆਪਣੇ ਚਿੱਤੋਂ ਧੰਨ-ਧੰਨ ਹੁੰਦੇ। ਉਲਟ ਸਗੋਂ ਇਨ੍ਹਾਂ ਦੇ ਸਿਰ 'ਤੇ ਬਾਬੇ ਬਿਨਾਂ ਜਹਾਜ਼ ਚੜ੍ਹੇ ਧੰਨ-ਧੰਨ ਹੋਏ, ਮਾਲਾਮਾਲ ਹੋਈ ਜਾਂਦੇ ਤੇ ਇਹ ਠਣ-ਠਣ ਗੁਪਾਲ।'

ਮੈਂ ਆਲ਼ੇ-ਦੁਆਲ਼ੇ ਖੇਤਾਂ, ਸੜਕਾਂ, ਹਰ ਥਾਂ ਦੇਖ ਰਿਹਾਂ, ਉਨ੍ਹਾਂ ਪਰਵਾਸੀਆਂ ਦਾ ਬੋਲਬਾਲ਼ਾ। ਕੋਈ ਕਮਾਦ ਛਿੱਲੇ, ਕੋਈ ਵੱਟਾਂ ਸੰਵਾਰੇ। ਕੁਝ ਪਰਵਾਸਣਾਂ ਬੱਚਿਆਂ ਸਮੇਤ ਆਲੂ ਚੁਗਣ। ਕਈ

ਤਾਂ ਹੁਣ ਟਰੈਕਟਰਾਂ ਦੇ ਡਰਾਈਵਰ ਬਣੇ ਖੇਤਾਂ ਦੇ ਹਾਣੀ ਲਗਦੇ। ਕਹੀਆਂ, ਰੰਬੇ , ਦਾਤੀਆਂ ਜਿਵੇਂ ਉਨ੍ਹਾਂ ਦੇ ਹੱਥਾਂ ਦਾ ਹੀ ਸ਼ਿੰਗਾਰ ਰਹਿ ਗਏ। ਆਪਣਾ ਤਾਂ ਕੋਈ ਟਾਵਾਂ-ਟਾਵਾਂ ਹੀ....। ਜ਼ਿਆਦਾਤਰ ਮੋਟਰਸਾਈਕਲ, ਗੱਡੀਆਂ ਦੁੜਾਉਂਦੇ। ਜਾਂ ਕੋਈ-ਕੋਈ ਟਰੈਕਟਰ ’ਤੇ, ਉਹਦੀਆਂ ਗੂੰਜਾਂ ਪਵਾਈ, ਖੇਤਾਂ ਦੀ ਜਗ੍ਹਾ ਸ਼ਹਿਰ ’ਚ ਦੁੜਾਈ ਫਿਰਦਾ, ਸੜਕਾਂ ਹਿਲਾਈ ਜਾਂਦਾ। ਜਿੱਥੇ ਕਿਤੇ ਦੋ-ਚਾਰ ਨੂੰ ਖੜ੍ਹੇ ਦੇਖੋ, ਬਾਰ੍ਹ ਦੀਆਂ ਹੀ ਗੱਲਾਂ, ਸਕੀਮਾਂ/ਜੁਗਾੜ ਲੜਾ ਰਹੇ ਹੁੰਦੇ, ਕਿਵੇਂ ਜਹਾਜ਼ੇ ਚੜ੍ਹਨਾ।

ਤੁਰੇ ਜਾਂਦਿਆਂ ਮੇਰੇ ਅੱਗੇ, ਕੈਨੇਡਾ ਦੀ ਆਪਣੀ ਰਿਹਾਇਸ਼ ਵਾਲ਼ੀ ਸਟਰੀਟ ਆ ਗਈ। ਪੰਦਰਾਂ ਕੁ ਸਾਲ ਪਹਿਲਾਂ, ਜਦੋਂ ਮੈਂ ਪਹਿਲੀ ਵਾਰ ਉੱਥੇ ਗਿਆ ਸੀ, ਮਸਾਂ ਦੋ ਕੁ ਪੰਜਾਬੀਆਂ ਦੇ ਘਰ।....ਤੇ ਹੁਣ ਹੋਰਨਾਂ ਦੇ ਦੋ ਕੁ ਹੀ ਘਰ, ਆਪਣਿਆਂ ਦੀ ਉਸ ਸਟਰੀਟ ’ਤੇ ਜ਼ਿੰਦਾਬਾਦ ਹੋਈ ਪਈ। ਹੋਰ ਕਮਿਊਨਿਟੀਆਂ ਦੇ ਕਿਤੇ ਹੋਰ ਸ਼ਹਿਰ/ਇਲਾਕੇ ’ਚ ਜਾ ਵਸੇ। ਫਿਰ ਮੈਂ ਉੱਥੇ ਸ਼ਹਿਰ ’ਚ ਘੁੰਮਦਾ, ਸੈਰ ’ਤੇ ਜਾਂਦਾ ਦੇਖਦਾ। ਪਾਰਕਾਂ, ਫੈਕਟਰੀਆਂ, ਫੰਕਸ਼ਨਾਂ, ਮੌਲਾਂ, ਕੰਮਾਂ-ਕਾਰਾਂ, ਬੱਸਾਂ ’ਚ ਹਰ ਥਾਂ ਪੰਜਾਬੀ ਹੀ ਪੰਜਾਬੀ, ਕੋਈ ਨਵਾਂ ਪੰਜਾਬ ਹੱਸਦਾ-ਗਾਉਂਦਾ ਨਜ਼ਰ ਆਉਂਦਾ। ਮੈਖਿਆ ਬੱਸ ਇਹ ਏਦੇਂ ਚਲੋ-ਚਲੀ....। ਚੱਲਣ ਵਿਚ ਹੀ ਭਲਾਈ ਸਮਝਦਿਆਂ, ਮੈਂ ਸੋਚ ਕੇ ਸਬਰ ਕਰ ਲਿਆ।

ਬਾਰ੍ਹੋਂ ਆਉਣ ਤੋਂ ਬਾਅਦ, ਕਲ੍ਹ ਹੀ ਅਜੇ ਸ਼ਹਿਰ ਜਾ ਕੇ ਆਇਆਂ। ਮਜਾਲ ਕਿ ਕੋਈ ਆਪਣਾ ਬੰਦਾ ਰੇਹੜੀ ਲਾਉਂਦਾ ਮਿਲ਼ਿਆ। ਕਦੇ ਲਾਲਿਆਂ ਦੇ ਮੁੰਡਿਆਂ ਦੀ ਬੱਲੇ-ਬੱਲੇ ਸੀ ਸ਼ਹਿਰਾਂ, ਸੜਕਾਂ ’ਤੇ। ਹੋਰ ਫੈਕਟਰੀਆਂ, ਸੜਕਾਂ ’ਤੇ ਕੰਮ ਕਰਦੇ ਕਾਮੇ ਵੀ ਸਭ ਪਾਸੇ ਓਹੀ, ਜਿੱਧਰ ਦੇਖੋ, ਪਰਵਾਸੀ ਹੀ ਪਰਵਾਸੀ....। ਇਨ੍ਹਾਂ ਦੀਆਂ ਹੀ ਬਰਕਤਾਂ। ਕਾਫ਼ੀ ਦੁਕਾਨਾਂ ਵੀ ਉਨ੍ਹਾਂ ਦੇ ਹੱਥ ’ਚ....। ਆਪਣੇ ਆਈਲਿਟਸ ਸੈਂਟਰਾਂ, ਪਾਰਟੀਆਂ/ਮਹਿਫ਼ਲਾਂ ’ਚ ਡੁੱਬੇ। ਹੋਰ ਬਾਕੀ ਵੀ ਪਤਾ ਨਈਂ ਕਿੱਧਰ ਭੜੋਲਿਆਂ ’ਚ ਜਾ ਵੜੇ। ਇੱਥੇ ਕੰਮ ਕਰਦਿਆਂ, ਪਤਾ ਨਈਂ ਕਿਉਂ, ਉਨ੍ਹਾਂ ਦੀ ਸ਼ਾਨ ’ਚ ਫਰਕ ਪੈਣ ਲੱਗ ਪਿਆ। ਬੱਸ, ਆਪਣੇ ਕੁਝ ਸਿਆਣੇ ਢਾਂਗੂ ਫੜੀ, ਢੂੰਗੇ ਹੋਏ ਜਾਂ ਮੇਰੇ ਵਰਗਾ ਕੋਈ ਰਿਟਾਇਰ ਹੀ ਜ਼ਮੀਨ ’ਤੇ ਤੁਰਦਾ ਨਜ਼ਰ ਆਉਂਦਾ। ਮਡੀਰ੍ਹ ਤਾਂ ਹਵਾ ’ਚ ਹੀ ....। ਕੋਈ ਵਿਰਲਾ-ਵਿਰਲਾ ਹੀ ਪਰਵਾਸੀਆਂ ਵਾਂਗ ਜ਼ਮੀਨ ਨਾਲ਼ ਜੁੜਿਆ।

ਸੈਰ ਤੋਂ ਵਾਪਸ ਮੁੜਿਆ ਤਾਂ ਪਿੰਡ ਦੇ ਬਾਰ੍ਹੋ-ਬਾਰ੍ਹ ਇਕ ਕੋਠੀ ਬਣੇ। ਇਕ ਰਾਜ ਆਪਣਾ, ਦੂਜਾ ਪਰਵਾਸੀ। ਚਾਰ ਮਜ਼ਦੂਰ ਵੀ ਓਹੀ, ਸਿਰਫ਼ ਇਕ ਹੀ ਆਪਣਾ, ਉਹ ਵੀ ਕੋਈ ਸਿਆਣਾ ਜਿਹਾ ਮਜ਼ਦੂਰ ਨਜ਼ਰੀਂ ਪਿਆ। ਕੋਠੀ ’ਚ ਟਾਈਲਾਂ ਲਾਉਣ ਦੇ ਕੰਮ ਦਾ ਠੇਕਾ ਲੈਣ ਲਈ ਵੀ ਇਕ ਰਾਜਸਥਾਨੀ ਘੁੰਮੇ।

ਅੱਗੇ ਜਾਂਦਿਆਂ, ਮੈਨੂੰ ਸਰਪੰਚ ਸਰਦਾਰ ਰਾਮ ਸਿੰਘ ਟੱਕਰ ਗਿਆ। “ਸਾਸ਼੍ਰੀਕਾਲ ਬਲੈਤੀ ਬਾਊ ਜੀ? ਕਬ ਬਾਹਰ ਸੇ ਲੌਟੀ?....ਠੀਕ-ਠਾਕ ਹੈ ਸਭ ਬੀਵੀ-ਬੱਚਾ?”

ਮੇਰਾ ਹੈਰਾਨ ਹੋਏ ਦਾ ‘ਹਾਂ’ ’ਚ ਸਿਰ ਹੀ ਹਿੱਲਿਆ। ‘ਹੈਂ! ਇਹ ਸਿੰਘ ਸਜ ਗਿਆ?’ ਮੈਂ ਮਨ ਹੀ ਮਨ ਸੋਚਦਾ-ਸੋਚਦਾ ‘ਗਾਂਹ ਲੰਘ ਗਿਆ। ਮੈਨੂੰ ਯਾਦ ਆਇਆ ਉਹ ਵਖ਼ਤ, ਜਦ ਉਹ ਨਵਾਂ-ਨਵਾਂ ਬਿਹਾਰੋਂ ਆਇਆ ਸੀ। ਅਜੇ ਮਾੜੀ-ਮਾੜੀ ਮੁੱਛ ਹੀ ਫੁੱਟੀ ਸੀ। ਬੜਾ ਤਕੜਾ ਕਾਮਾ ਨਿਕਲ਼ਿਆ। ਚੁਫ਼ੇਰੇ ਰਾਮੂੰ ਭਈਆ-ਰਾਮੂੰ ਭਈਆ ਹੋਈ ਫਿਰਨੀ। ਬੱਸ, ਦਸਾਂ ਕੁ ਸਾਲਾਂ ’ਚ ਆਪਣੇ ਪੈਰੀਂ ਹੋ ਕੇ, ਹਾਲ਼ੇ ਤੇ ਜ਼ਮੀਨ ਲੈ, ਸਬਜ਼ੀਆਂ ਲਾਉਣ ਲੱਗ ਪਿਆ। ਸੀ ਸ਼ੁਰੂ ਤੋਂ ਸਕੀਮੀਂ। ਦੂਜਾ ਸ਼ਹਿਰ ਕੋਲ਼ ਦਾ ਲਾਹਾ....। ਥੋੜ੍ਹੇ ਸਾਲਾਂ ‘ਚ ਹੀ ਰਾਮੂੰ ਤੋਂ ਰਾਮ ਕੁਮਾਰ-ਰਾਮ, ਕੁਮਾਰ ਹੁੰਦੀ ਫਿਰੇ। ਆਹ ਕਹਿੰਦੇ ਪਿਛਲੀ ਸਾਲ, ਉਹ ਵਿਸਾਖ਼ੀ ’ਤੇ ਅਨੰਦਪੁਰ ਗਿਆ ਅੰਮ੍ਰਿਤ ਛਕ ਆਇਆ ਤੇ ਸਭ ਪਾਸੇ ਰਾਮ ਸਿੰਘ-ਰਾਮ ਸਿੰਘ ਹੋਣ ਲੱਗ ਪਈ।

ਆਪਣੇ ਭਾਈਚਾਰੇ ਤੇ ਸਾਡਿਆਂ ’ਚ ਐਸੀ ਉਹਦੀ ਬੱਲੇ-ਬੱਲੇ ਹੋਈ ਕਿ ਉਨ੍ਹਾਂ ਉਹਨੂੰ

ਸਰਪੰਚ ਚੁਣ ਲਿਆ। ਉਹਨੂੰ ਇੱਥੇ ਸਰਪੰਚੀ ਕਾਢ੍ਹੀ ਮਿਲ਼ੀ, ਨਵੀਂ ਵਹੁਟੀ ਜਿਹਾ ਚਾਅ ਉਹਨੂੰ ਭਜਾਈ ਫਿਰਦਾ। ਪਿੰਡ ਦੇ ਕੰਮ ਮੋਰ੍ਹੇ ਹੋ-ਹੋ ਕਰਦਾ-ਕਰਾਉਂਦਾ। ਐਨ.ਆਰ.ਆਈਜ਼., ਹੋਰ ਪਿੰਡ ਦੇ ਲੋਕਾਂ ਦੀ ਮਦਦ ਨਾਲ਼, ਇੱਥੇ ਪਿੰਡ 'ਚ ਇਕ ਪਾਰਕ ਤੇ ਵਿਆਹ, ਪਾਰਟੀਆਂ ਲਈ ਮੈਰਿਜ ਪੈਲਸ ਬਣਵਾਉਣ ਡਿਹਾ।

ਹੁਣ ਮੈਨੂੰ ਭਵਿੱਖ 'ਚ 'ਗਾਂਹ ਮੁੱਖ-ਮੰਤਰੀ ਪੰਜਾਬ, ਸੌਂਹ ਚੁੱਕਦਾ ਨਜ਼ਰ ਆ ਰਿਹਾ- "ਮੈਂ ਰਾਮ ਪ੍ਰਸਾਦ ਯਾਦਵ, ਮੁੱਖ-ਮੰਤਰੀ ਪੰਜਾਬ, ਈਸ਼ਵਰ ਦੀ ਸੌਂਹ ਚੁੱਕਦੀ ਹਾਂ ਕਿ ਮੈਂ ਕਨੂੰਨ ਦੁਆਰਾ ਸਥਾਪਤ, ਭਾਰਤ ਦੇ ਸੰਵਿਧਾਨ ਦੇ ਪ੍ਰਤੀ, ਸੱਚੀ ਸ਼ਰਧਾ ਤੇ ਨਿਸ਼ਟਾ ਰੱਖਾਂਗੀ। ਕਿ ਮੈਂ ਭਾਰਤ ਦੀ ਪ੍ਰਭੂਸਤਾ ਤੇ ਅਖੰਡਤਾ ਬਰਕਰਾਰ ਰੱਖਾਂਗੀ। ਕਿ ਮੈਂ ਪੰਜਾਬ ਰਾਜ ਦੇ ਮੁੱਖਮੰਤਰੀ ਵਜੋਂ ਆਪਣੇ ਕਰਤਬਾਂ ਨੂੰ ਵਫ਼ਾਦਾਰੀ ਤੇ ਅੰਤਹਕਰਨ ਨਾਲ਼ ਨਿਭਾਵਾਂਗੀ ਅਤੇ ਭੈਅ ਜਾਂ ਪੱਖ਼ਪਾਤ, ਸਨੇਹ ਜਾਂ ਦੁਰਭਾਵਨਾ ਬਿਨਾਂ, ਸਭ ਤਰ੍ਹਾਂ ਕੇ ਲੋਕਾਂ ਦੇ ਪ੍ਰਤੀ, ਸੰਵਿਧਾਨ ਅਤੇ ਕਨੂੰਨ ਦੀ ਅਨੁਸਾਰਤਾ ਵਿਚ ਨਿਆਂ ਕਰਾਂਗੀ....।"

ਮੈਂ ਵਰਤਮਾਨ ਵੱਲ ਪਰਤਦਿਆਂ, ਘਰ ਆਇਆ ਤਾਂ ਗੋਰਖੇ ਨੇ ਚਾਹ ਮੇਰੇ ਅੱਗੇ ਲਿਆ ਰੱਖੀ। "ਲੋ ਸਾਹਿਬ ਪੀਉ, ਗਰਮੋ-ਗਰਮ।" ਮੈਂ ਗੋਰਖੇ ਵੱਲ ਦੇਖਦਾ, ਚਾਹ ਪੀਂਦਾ-ਪੀਂਦਾ, ਆਪਣੀ ਕਲਪਨਾ 'ਚ ਗੁਆਚੀ ਜਾ ਰਿਹਾਂ।....

ਇਕ ਪਾਰਟੀ ਹੋ ਰਹੀ। ਮੈਨੂੰ ਇੰਡੀਆ ਦੇ ਸਾਰੇ ਰੰਗ ਇੱਥੇ 'ਕੱਠੇ ਹੋਏ, ਭੰਗੜੇ ਦੀ ਤਾਲ 'ਤੇ ਨੱਚਦੇ ਦਿਸ ਰਹੇ। ਡੀ.ਜੇ 'ਤੇ ਪੰਜਾਬੀ, ਹਿੰਦੀ, ਸਾਊਥ, ਪੱਛਮ ਦਾ ਮਿਕਸ ਮਿਊਜ਼ਿਕ ਵੱਜ ਰਿਹਾ। ਮਿਊਜ਼ਿਕ ਦੀ ਤਰਜ਼'ਤੇ ਨੱਚਦਿਆਂ, ਉਹ ਧਮਾਲਾਂ ਪਾ ਰਹੇ। ਉਹ ਸਭ ਵੱਖੋ-ਵੱਖ਼ਰੇ ਰੰਗ, ਆਪਸ ਵਿਚ ਘੁਲ਼ ਮਿਲ਼ ਰਹੇ।....ਇਕ ਧੁੱਪ ਬਣ ਰਹੀ। ਤੇ ਮੈਂ ਜਿਵੇਂ ਉਸ ਧੁੱਪ 'ਚ ਨਹਾ ਰਿਹਾਂ। ਮੈਂ ਆਪਣੇ-ਆਪ 'ਚ ਗੁਣਗੁਣਾਉਣ ਲੱਗਿਆਂ। ਨਵੇਂ ਰੰਗ 'ਚ ਰੰਗੇ, ਬਾਹਾਂ ਉਲਾਰਦੇ, ਉਹ ਮੇਰੇ ਨਾਲ਼ ਆ ਰਲ਼ੇ। ਹੁਣ ਜਿਵੇਂ ਕੋਈ ਨਵਾਂ ਪੰਜਾਬ ਗਾਉਣ ਲੱਗਿਆ-

*ਇਹਨਾਂ ਇੱਥੇ ਰੌਣਕਾਂ ਨੇ ਮੁੜ ਕੇ ਲਿਆਉਣੀਆਂ*
*ਸੁੱਤੇ ਸਾਜ਼ਾਂ ਨੂੰ ਜਗਾ ਕੇ ਢੋਲੇ ਦੀਆਂ ਗਾਉਣੀਆਂ।000*

**(ਫੋਨ: +91-94659-52938**
**ਈਮੇਲ: bhangalys@gmail.com)**

---

# *ਪਾਲ ਕੌਰ ਨੂੰ ਸਾਹਿਤ ਅਕਾਡਮੀ ਇਨਾਮ*

*ਪੰਜਾਬੀ ਵਿਚ ਸ੍ਰੇਸ਼ਟ ਰਚਨਾ ਲਈ ਸਾਲ 2024 ਦਾ ਸਾਹਿਤ ਅਕਾਦਮੀ ਇਨਾਮ ਪਾਲ ਕੌਰ ਨੂੰ ਉਸ ਦੇ ਕਵਿਤਾ ਸੰਗ੍ਰਹਿ 'ਸੁਣ ਗੁਣਵੰਤਾ ਸੁਣ ਬੁਧਿਵੰਤਾ' ਉੱਤੇ ਮਿਲਿਆ ਹੈ। ਪਾਲ ਕੌਰ ਚਾਰ ਦਹਾਕਿਆਂ ਤੋਂ ਪੰਜਾਬੀ ਸਾਹਿਤ ਸਿਰਜਣਾ ਵਿਚ ਯੋਗਦਾਨ ਪਾ ਰਹੀ ਹੈ। ਭਾਰਤੀ ਸਾਹਿਤ ਅਕਾਦਮੀ ਨੂੰ ਸੁਚੱਜੀ ਚੋਣ ਅਤੇ ਪਾਲ ਕੌਰ ਨੂੰ ਉਸ ਦੀ ਇਸ ਪ੍ਰਾਪਤੀ ਉੱਤੇ ਮੁਬਾਰਕਬਾਦ।*

---

# ਜਸਵੰਤ ਰਾਏ: ਕਹਾਣੀ: ਇਕ ਬੱਤੀ ਵਾਲਾ ਮੀਟਰ

ਭਰ ਗਰਮੀਆਂ, ਬਰਸਾਤ ਮਹੀਨੇ ਰਾਤ ਨੂੰ ਜਦੋਂ ਵੀ ਬਿਜਲੀ ਦਾ ਕੱਟ ਲੱਗਣਾ ਤਾਂ ਸਾਡੇ ਗੁਆਂਢੀਆਂ ਨੇ ਬੜਾ ਖੌਰੂ ਪਾਉਣਾ। ਕੋਠੇ ਚੜ੍ਹ-ਚੜ੍ਹ ਬਿਜਲੀ ਵਾਲਿਆਂ ਨੂੰ ਪਾਣੀ ਪੀ-ਪੀ ਕੋਸਣਾ। ਪਰ ਸਾਡੇ ਸਾਰੇ ਪਰਿਵਾਰ 'ਤੇ ਬਿਜਲੀ ਗਈ ਜਾਂ ਆਈ ਦਾ ਕੋਈ ਅਸਰ ਨਹੀਂ ਸੀ ਹੁੰਦਾ। ਗਲੀ ਦੇ ਅੱਠ-ਦਸ ਘਰਾਂ 'ਚੋਂ ਸਿਰਫ਼ ਸਾਡੇ ਘਰ ਹੀ ਬੱਤੀ ਨਹੀਂ ਸੀ ਲੱਗੀ। ਬੀਬੀ ਵੱਲੋਂ ਸਾਇਕਲ ਦੀ ਟਿਊਬ ਦੀ ਟੂਟੀ ਨੂੰ ਲਾਹ ਕੇ ਕੱਚ ਦੇ ਪਊਏ ਦੇ ਢੱਕਣ 'ਤੇ ਫਿੱਟ ਕਰ ਕੇ ਆਪੂੰ ਵਰਤੀ ਤਕਨੀਕ ਨਾਲ ਤਿਆਰ ਕੀਤਾ ਦੀਵਾ, ਗਈ ਰਾਤ ਤਕ ਹਨ੍ਹੇਰੇ ਨਾਲ ਲੜਦਾ ਰਹਿੰਦਾ। ਦਸਵੀਂ ਜਮਾਤ ਤਕ ਪੜ੍ਹਦਿਆਂ ਇਹ ਮੇਰਾ ਸਭ ਤੋਂ ਨੇੜੇ ਦਾ ਸਾਥੀ ਰਿਹਾ। ਸਰਦੀਆਂ ਦੇ ਦਿਨੀਂ ਤਿੰਨ ਖ਼ਾਨੇ ਕੱਚੇ ਕੋਠੇ ਦੀ ਇਕ ਨੁੱਕਰੇ ਦੋ ਇੱਟਾਂ 'ਤੇ ਇਹ ਦੀਵਾ ਟਿਕਾਈ ਬੋਰੀ 'ਤੇ ਚੌਂਕੜੀ ਮਾਰ, ਸ਼ਾਲ ਦੀ ਬੁੱਕਲ਼ ਦੇ ਨਿੱਘ 'ਚ ਕਈ ਵਾਰ ਦਿਨ ਦੇ ਚੜ੍ਹਾਅ ਤਕ ਪੜ੍ਹਦੇ ਰਹਿਣਾ। ਕਮਰੇ ਦੇ ਦੂਜੇ ਖੂੰਜੇ ਅੰਦਰ ਬੱਝੀਆਂ ਦੋ ਲਵੇਰੀਆਂ ਦਾ ਪੱਠਾ-ਦੱਥਾ ਪਿਆ ਹੁੰਦਾ। ਘਰ ਦੇ ਬਾਕੀ ਮੈਂਬਰ ਨਾਲ ਦੇ ਕਮਰੇ 'ਚ ਘੂਕ ਸੁੱਤੇ ਹੁੰਦੇ। ਜੇਕਰ ਪੜ੍ਹਦਿਆਂ ਕਿਧਰੇ ਛੇਤੀ ਨੀਂਦ ਆ ਜਾਣੀ ਤਾਂ ਬੀਬੀ ਨੂੰ 'ਮੈਨੂੰ ਤੜਕੇ ਚਾਰ ਵਜੇ ਉਠਾ ਦਿਓ' ਕਹਿ ਕੇ ਗਦੋਲੇ 'ਚ ਵੜ ਜਾਣਾ। ਉਦੋਂ ਅੱਜ ਵਾਂਗ ਨੀਂਦ ਤੋਂ ਜਗਾਉਣ ਲਈ ਤਰ੍ਹਾਂ-ਤਰ੍ਹਾਂ ਦੇ ਅਲਾਰਮ ਨਹੀਂ ਸੀ ਹੁੰਦੇ। ਪਤਾ ਨੀ ਬੀਬੀ ਸਾਰੀ ਰਾਤ ਜਾਗਦੀ ਰਹਿੰਦੀ ਸੀ ਜਾਂ ਉਹਨੂੰ ਸਮੇਂ ਬਾਰੇ ਅੰਦਾਜ਼ਾ ਹੀ ਏਨਾ ਕੁ ਹੁੰਦਾ ਸੀ ਕਿ ਉਹ ਪਾਠੀ ਦੇ ਹੇਕ ਲਾਉਣ ਤੋਂ ਪਹਿਲਾਂ ਮੈਨੂੰ ਹਾਕ ਮਾਰ ਕੇ ਉਠਾ ਦਿੰਦੀ।

ਗਰਮੀਆਂ ਨੂੰ ਗਰਮੀ ਤਾਂ ਇੰਨੀ ਨਹੀਂ ਸੀ ਲੱਗਦੀ ਪਰ ਅੱਥਰਾ ਮੱਛਰ ਬਹੁਤ ਤੰਗ ਕਰਦਾ ਸੀ। ਜੇਕਰ ਅੰਦਰ ਦੀਵਾ ਲਾ ਕੇ ਪੜ੍ਹਨਾ ਤਾਂ ਹੁੰਮਸ ਨੇ ਪ੍ਰੇਸ਼ਾਨ ਕਰਨਾ। ਬਾਹਰ ਪੜ੍ਹਨਾ ਤਾਂ ਮੱਛਰ ਨੇ ਗਿੱਟੇ ਗੋਡੇ ਤੋੜ-ਤੋੜ ਖਾਈ ਜਾਣੇ। ਮੈਂ ਦੀਵੇ ਨੂੰ ਓਟੇ 'ਤੇ ਟਿਕਾ ਕੇ ਮੰਜੇ ਦੀਆਂ ਪੌਂਦੀਆਂ ਬੈਠ ਕੇ ਪੜ੍ਹਨਾ। ਲਿਖਣ ਵਾਲਾ ਕੰਮ ਦਿਨੇ-ਦਿਨੇ ਨਿਪਟਾ ਲੈਣਾ। ਪੜ੍ਹਨ ਵਾਲਾ ਕੰਮ ਰਾਤ ਲਈ ਰੱਖਿਆ ਹੁੰਦਾ। ਜਦੋਂ ਬੈਠਿਆਂ ਥੱਕ ਜਾਣਾ ਤਾਂ ਲੰਮੇ ਪੈ ਕੇ ਪੜ੍ਹਨ ਲੱਗ ਪੈਣਾ। ਪੈਰ, ਲੱਤਾਂ ਅਤੇ ਬਾਹਾਂ ਭੈਣਾਂ ਦੀਆਂ ਚੁੰਨੀਆਂ ਨਾਲ ਵਲ੍ਹੇਟ ਲੈਣੀਆਂ। ਮੱਛਰ ਦਾ ਜਦੋਂ ਟੀਕਾ ਲਾਉਣ ਨੂੰ ਦਾਅ ਨਾ ਲੱਗਣਾ ਤਾਂ ਉਹਨੇ ਕੰਨਾਂ ਕੋਲ਼ ਆ ਕੇ ਬੀਨ ਵਜਾਈ ਜਾਣੀ। ਕਦੀ-ਕਦੀ ਬੜਾ ਗ਼ੁੱਸਾ ਆਉਣਾ। ਅੱਕ ਕੇ ਦੀਵਾ ਬੁਝਾ ਕੇ ਲੰਮਾ ਪੈ ਜਾਣਾ। ਪਰ ਮੇਰੇ ਕੋਲੋਂ ਪੰਜ-ਸੱਤ ਮਿੰਟ ਤੋਂ ਜ਼ਿਆਦਾ ਲੰਮਾ ਨਾ ਪੈ ਹੋਣਾ। ਬਚਪਨ ਵਿਚ ਹੀ ਨਾਇਕਾਂ ਦੀਆਂ ਪੜ੍ਹੀਆਂ ਹੋਈਆਂ ਜੀਵਨੀਆਂ ਨੇ ਅੱਖਾਂ ਅੱਗੇ ਘੁੰਮਣ ਲੱਗ ਪੈਣਾ।

"ਲੈ ਇਹ ਵੀ ਕੋਈ ਤੰਗੀ ਐ। ਤੈਨੂੰ ਕਿਹੜਾ ਕੋਈ ਜਮਾਤੋਂ ਬਾਹਰ ਬੈਠ ਕੇ ਪੜ੍ਹਨ ਲਈ ਕਹਿੰਦਾ। ਤੈਨੂੰ ਤਾਂ ਸਗੋਂ ਅਧਿਆਪਕਾਂ ਤੇ ਵਿਦਿਆਰਥੀਆਂ ਪਾਸੋਂ ਸਭ ਤੋਂ ਵੱਧ ਪਿਆਰ ਮਿਲ ਰਿਹਾ।"

ਇਹ ਕਥਨ ਮੈਨੂੰ ਖੁੰਭ ਵਾਂਗ 'ਠਾਲ੍ਹ ਕੇ ਬਿਠਾ ਦਿੰਦੇ। ਮਾਚਸ ਦੀ ਡੱਬੀ ਨਾਲ ਦੀਵੇ ਦੀ ਬੱਤੀ ਨੂੰ ਡੰਗ ਕੇ ਫਿਰ ਪੜ੍ਹਨ ਬੈਠ ਜਾਂਦਾ। ਸਮਾਂ ਲੰਘਦਾ ਗਿਆ।

ਉਨ੍ਹੀਂ ਦਿਨੀਂ ਸਰਕਾਰ ਵੱਲੋਂ ਇਕ ਸਕੀਮ ਆਈ ਕਿ ਜਿਨ੍ਹਾਂ ਦੇ ਘਰੀਂ ਇਸ ਯੁਗ 'ਚ ਵੀ ਬਿਜਲੀ ਨਹੀਂ, ਉਨ੍ਹਾਂ ਦਾ ਸਰਵੇ ਕਰ ਕੇ ਨਾਂ ਗਿਣਤੀ ਭੇਜੀ ਜਾਵੇ। ਇਨ੍ਹਾਂ ਦੇ ਘਰੀਂ ਇਕ ਬੱਤੀ ਵਾਲਾ ਮੀਟਰ ਲੱਗਣੈਂ। ਸਾਡੇ ਮੁਹੱਲਿਓਂ ਵੀ ਦੋ ਘਰ ਨੋਟ ਕੀਤੇ ਗਏ। ਇਕ ਸਾਡਾ ਤੇ ਇਕ

ਬਾਲੋ ਹੁਰਾਂ ਦਾ। ਅਸੀਂ ਸਾਰਾ ਟੱਬਰ ਬੜਾ ਖ਼ੁਸ਼। ਬੱਤੀ ਲੱਗਣ ਦਾ ਕਿਆਸ ਕੇ ਸਾਰਾ ਘਰ ਰੌਸ਼ਨ ਹੋਇਆ ਪ੍ਰਤੀਤ ਹੋਣ ਲੱਗਾ। ਇਸ ਸਕੀਮ ਨੂੰ ਬੂਰ ਪੈਂਦਿਆਂ ਜ਼ਿਆਦਾ ਦੇਰ ਨਾ ਲੱਗੀ। ਇਕ ਸਾਧਾਰਨ ਜਿਹਾ ਫਾਰਮ ਭਰ ਕੇ ਪੰਚਾਇਤ ਨੂੰ ਦਿੱਤਾ ਤੇ ਸਰਪੰਚ ਨੇ ਅੱਗੋਂ ਬਿਜਲੀ ਘਰ ਮਰਨਾਈਆਂ ਖ਼ੁਰਦ ਜਾ ਜਮ੍ਹਾਂ ਕਰਵਾਇਆ।

ਡੇਢ-ਦੋ ਮਹੀਨੇ ਬਾਅਦ ਹੀ ਦੋ ਬਿਜਲੀ ਵਾਲੇ ਮੁਲਾਜ਼ਮ ਪੰਜ-ਸੱਤ ਜੁਆਕਾਂ ਦੀ ਚਿੰਗਰ ਪੋਟ ਦੇ ਮਗਰ-ਮਗਰ ਸਾਡੇ ਘਰ ਵੱਲ ਬਿਜਲੀ ਦੇ ਮੀਟਰ ਵਾਲਾ ਡੱਬਾ ਕੱਛ 'ਚ ਦੇਈ ਤੁਰੇ ਆਉਣ। ਚਿੰਗਰ-ਪੋਟ ਸਾਡੇ ਘਰ ਦਾ ਪਤਾ ਦੱਸਣ ਤੁਰੀਓ ਸੀ। ਦੋਹਾਂ ਮੁਲਾਜ਼ਮਾਂ ਵਿਚੋਂ ਇਕ ਨੇ ਅੱਖੜ ਜਿਹੀ ਆਵਾਜ਼ 'ਚ ਕਿਹਾ, "ਮੋਹਣ ਲਾਲ ਵਲਦ ਦੀਵਾਨ ਚੰਦ ਦਾ ਘਰ ਇਹੋ ਹੈ?"

"ਹਾਂ ਜੀ ਭਾਅ ਜੀ, ਇਹੋ ਹੈ," ਬੀਬੀ ਨੇ ਡਰਦੇ ਮਾਰੇ ਕਿਹਾ। ਸ਼ਾਇਦ ਉਹਨੂੰ ਪਹਿਲਾਂ ਲੱਗਾ ਹੋਵੇ ਕਿ ਖਬਨੀ ਕੋਈ ਲਏ ਹੋਏ ਕਰਜ਼ੇ ਦੀ ਉਗਰਾਹੀ ਕਰਨ ਆ ਗਿਆ।

"ਆਹ ਸਰਕਾਰ ਵੱਲੋਂ ਇਕ ਬੱਤੀ ਆਲਾ ਮੀਟਰ ਲਾਉਣ ਦੀ ਸਕੀਮ ਆ। ਮੀਟਰ ਲੱਗਣੈ ਥੋਡੇ ਘਰੇ। ਦੱਸੋ ਕਿੱਥੇ ਲਾਈਏ?" ਸੁਣ ਕੇ ਬੀਬੀ ਸਮੇਤ ਸਾਡੇ ਸਾਰਿਆਂ ਦੀਆਂ ਅੱਖਾਂ 'ਚ ਚਮਕ ਆ ਗਈ। ਸਾਨੂੰ ਥਾਂ ਨਾ ਥਿਆਵੇ ਕਿ ਮੀਟਰ ਕਿੱਥੇ ਲੁਆਈਏ। ਇਹਦੇ ਲਈ ਵੀ ਇਕ ਖ਼ਾਸ ਥਾਂ ਚਾਹੀਦੀ ਸੀ ਜਿਹਦੇ ਬਾਰੇ ਸਾਨੂੰ ਕੋਈ ਥਹੁ-ਪਤਾ ਈ ਨਹੀਂ ਸੀ।

ਬਿਜਲੀ ਵਾਲਾ ਆਪ ਹੀ ਆਲ਼ੇ ਦੁਆਲ਼ੇ ਨਿਗਾਹ ਮਾਰਦਿਆਂ ਸਾਡੇ ਦੋਹਾਂ ਕਮਰਿਆਂ ਵਿਚੀਂ ਘੁੰਮ ਨਿਕਲਿਆ। ਕਾਨਿਆਂ ਵਾਲੀ ਛੱਤ ਦੇ ਇਕ ਕੋਨੇ ਖਿੜਕੀ ਕੋਲ਼, ਜਿੱਥੇ ਬੈਠ ਕੇ ਮੈਂ ਪੜ੍ਹਦਾ ਹੁੰਦਾ ਸੀ, ਉੱਥੇ ਰੁਕ ਕੇ ਉਹ ਨਾਲ ਦੇ ਨੂੰ ਕਹਿਣ ਲੱਗਾ, "ਇੱਥੇ ਲਾ ਦੇ ਯਾਰ ਅੰਦਰ ਖੂੰਜੇ 'ਚ। ਮੀਂਹ ਕਣੀ ਤੋਂ ਵੀ ਬਚਿਆ ਰਹੂ।"

ਉਸਦਾ ਹਾਂ-ਪੱਖੀ ਹੁੰਗਾਰਾ ਸੁਣ ਕੇ ਨਾਲ ਦਾ ਸਾਥੀ ਝੋਲ਼ੇ 'ਚੋਂ ਛੈਣੀ ਥੌੜ੍ਹਾ ਕੱਢ ਲਿਆਇਆ ਅਤੇ ਲੱਕੜ ਦਾ ਇਕ ਡੱਬਾ ਜਿਹਾ ਕੰਧ 'ਤੇ ਗੱਟੀਆਂ ਮਾਰ ਕੇ ਲਗਾਉਣ ਲੱਗਾ। ਅਸੀਂ ਸਾਰਾ ਟੱਬਰ ਬਿਨਾਂ ਅੱਖ ਝਮਕੇ ਉਨ੍ਹਾਂ ਵੱਲ ਵਿੰਹਦੇ ਰਹੇ ਕਿ ਪਤਾ ਨੀ ਸਾਡੇ ਘਰੇ ਕਿਹੜੀ ਅਲੋਕਾਰ ਸ਼ੈਅ ਲੱਗਣ ਜਾ ਰਹੀ ਹੈ।

ਦੇਖਦਿਆਂ ਦੇਖਦਿਆਂ ਉਨ੍ਹਾਂ ਨਾਲ ਦੇ ਘਰ ਦੇ ਬਿਜਲੀ ਵਾਲੇ ਜੋੜ ਤੋਂ ਤਾਰ ਖਿੱਚ ਕੇ ਮੀਟਰ ਨਾਲ ਜੋੜ ਦਿੱਤੀ। ਮੇਨ ਸਵਿੱਚ ਵਿਚ ਲਾਲ ਜਿਹੀ ਲਾਇਟ ਦੇਖ ਕੇ ਸਾਡੇ ਅੰਦਰ ਕੁਤ-ਕੁਤਾੜੀਆਂ ਨਿਕਲਣ ਲੱਗੀਆਂ। ਬਿਜਲੀ ਵਾਲੇ ਮੀਟਰ ਤੋਂ ਉਨ੍ਹਾਂ ਦੋ ਕੁ ਗਜ਼ ਦੀ ਤਾਰ ਖਿੱਚ ਕੇ ਉਹਦੇ ਨਾਲ ਇਕ ਕਾਲ਼ਾ ਜਿਹਾ ਹੋਲਡਰ ਲਾਇਆ ਅਤੇ ਨਾਲ ਹੀ "ਬਲਬ ਲਿਆਓ" ਦਾ ਹੁਕਮ ਸੁਣਾਇਆ। ਬੀਬੀ ਨੇ ਚੁੰਨੀ ਦੇ ਲੜ ਨਾਲੋਂ ਮਲ਼ੱਕਿਆ ਜਿਹਾ ਦੋ ਰੁਪਏ ਦਾ ਨੋਟ ਕੱਢਿਆ ਤੇ ਮੈਂ 'ਪੱਪੂ ਕੀ ਦੁਕਾਨ' ਤੋਂ ਦੁੜੰਗੇ ਮਾਰਦਾ ਹੋਇਆ ਬਲਬ ਲੈ ਆਇਆ। ਓਦਣ 'ਪੱਪੂ ਕੀ ਦੁਕਾਨ' ਵੀ ਮੈਨੂੰ ਮਾਸਾ ਦੂਰ ਨਾ ਲੱਗੀ ਜਿੱਥੋਂ ਅਕਸਰ ਸੌਦਾ ਲਿਆਉਣ ਲੱਗਿਆਂ ਮੈਂ ਆਨਾ ਕਾਨੀ ਕਰਦਾ ਹੁੰਦਾ ਸੀ।

ਬਿਜਲੀ ਵਾਲੇ ਨੇ ਗੱਤੇ ਦੇ ਗੋਲ਼ ਜਿਹੇ ਚੂੜੀਦਾਰ ਕਵਰ 'ਚੋਂ ਬਲਬ ਕੱਢ ਕੇ ਹੋਲਡਰ 'ਚ ਲਾਉਂਦਿਆਂ ਨਾਲ ਹੀ ਹੋਰ ਹੁਕਮ ਸੁਣਾਇਆ, "ਸਰਕਾਰ ਵੱਲੋਂ ਥਾਡੇ ਇਕ ਬੱਤੀ ਵਾਲਾ ਫਰੀ ਮੀਟਰ ਲੱਗਾ ਆ। ਇਹਦਾ ਕੋਈ ਬਿਲ ਨਹੀਂ ਆਉਣਾ। ਪਰ ਹੋਰ ਬੱਤੀਆਂ ਲਾਉਣ ਦੀ ਕੋਸ਼ਿਸ਼ ਨਾ ਕਰਿਓ। ਨਹੀਂ ਤਾਂ ਇਹ ਵੀ ਜਾਂਦਾ ਲੱਗੂ।"

ਆਪਣਾ ਕੰਮ ਨਿਪਟਾ ਕੇ ਬਿਜਲੀ ਵਾਲੇ ਚਾਹ ਪਾਣੀ ਪੀਣ ਉਪਰੰਤ ਚਲੇ ਗਏ। ਸੂਰਜ ਪੱਛਮ ਵੱਲ ਨੂੰ ਢੈਲ਼ਾ ਹੋ ਰਿਹਾ ਸੀ। ਆਪਾਂ ਸਾਰੇ ਘਰ ਦੇ ਮੈਂਬਰ ਹਨ੍ਹੇਰਾ ਹੋਣ ਦਾ ਇੰਤਜ਼ਾਰ ਕਰਨ ਲੱਗੇ। ਜਦੋਂ ਝੁਸ-ਮੁਸਾ ਜਿਹਾ ਹੋਇਆ ਤਾਂ ਮੈਂ ਬੱਤੀ ਡੰਗ ਦਿੱਤੀ। ਮੇਰੇ ਪੜ੍ਹਾਈ ਵਾਲੇ ਕਮਰੇ

ਦੀਆਂ ਹਨ੍ਹੇਰੀਆਂ ਕੁੰਦਰਾਂ ਰੌਸ਼ਨੀ ਵਿਚ ਨਹਾਉਣ ਲੱਗੀਆਂ। ਅੱਜ ਪਹਿਲੀ ਵਾਰ ਰਾਤ ਨੂੰ ਇਕ ਦੂਜੇ ਦੇ ਚਿਹਰੇ ਸਾਫ਼ ਸਾਫ਼ ਤੇ ਖ਼ੁਸ਼ੀ 'ਚ ਭਖੇ ਹੋਏ ਨਜ਼ਰੀਂ ਆਏ। ਮਨ ਉਲਾਸ ਨਾਲ ਭਰ ਗਿਆ। ਪੈਰ ਧਰਤੀ 'ਤੇ ਟਿਕ ਨਹੀਂ ਸੀ ਰਹੇ। ਸਾਡਾ ਚੁੱਲ੍ਹਾ-ਚੌਂਕਾ ਬਾਹਰ ਸੀ ਜਿੱਥੇ ਬੀਬੀ ਹੁਰੀਂ ਰੋਟੀ-ਟੁਕ ਕਰਨਾ ਸੀ। ਮੈਂ ਖਿੜਕੀ ਅੱਗੇ ਤਾਣੇ ਚਾਦਰ ਦੇ ਛਾਨਣੀ ਹੋਏ ਪਰਦੇ ਨੂੰ ਨੇਫਿਓਂ ਫੜ ਕੇ ਇਕ ਪਾਸੇ ਧਕੇਲ ਦਿੱਤਾ। ਰੌਸ਼ਨੀ ਦੀ ਲਿਸ਼ਕੋਰ ਅੰਦਰੋਂ ਬਾਹਰ ਵੱਲ ਭੱਜੀ ਆਈ। ਪਰ ਘਰ ਦਾ ਅੱਧਿਓਂ ਵੱਧ ਵਿਹੜਾ ਹਾਲੇ ਵੀ ਹਨ੍ਹੇਰੇ ਵਿਚ ਗੁੰਮ-ਸੁੰਮ ਸੀ। ਮੈਂ ਖਿੜਕੀ ਦੀ ਚੁਗਾਠ ਨਾਲ ਸੇਬਾ ਬੰਨ੍ਹ ਕੇ ਬਲਬ ਦੀ ਤਾਰ ਅੰਦਰੋਂ ਖੋਲ੍ਹੀ ਤੇ ਇਸ ਨਾਲ ਨੂੜ ਦਿੱਤੀ। ਹੁਣ ਘਰ ਦਾ ਅੰਦਰ ਬਾਹਰ ਰੌਸ਼ਨ ਹੋ ਗਿਆ। ਘਰ ਵਿਚ ਰੌਸ਼ਨੀ ਖਿੜੀ ਦੇਖ ਕੇ ਮੈਨੂੰ ਆਪਣਾ ਘਰ ਗੁਆਂਢੀਆਂ ਦੇ ਘਰਾਂ ਬਰੋਬਰ ਹੋ ਗਿਆ ਜਾਪਿਆ। ਰੋਟੀ-ਪਾਣੀ ਖਾ-ਪੀ ਕੇ ਜਦੋਂ ਮੈਂ ਪੜ੍ਹਨ ਬੈਠਿਆ ਤਾਂ ਪੰਨਿਆਂ 'ਤੇ ਉਕਰੇ ਅੱਖਰ ਮੈਨੂੰ ਮੋਤੀਆਂ ਵਰਗੇ ਜਾਪੇ। ਜਿਵੇਂ ਇਕ ਰਾਤ ਦੇ ਵਕਫ਼ੇ ਅੰਦਰ ਹੀ ਮੇਰੀਆਂ ਸਾਰੀਆਂ ਕਿਤਾਬਾਂ ਦੇ ਹਰਫ਼ ਵੱਡੇ ਹੋ ਗਏ ਹੋਣ।

ਫਿਰ ਮੇਰੀ ਇਨ੍ਹਾਂ ਹਰਫ਼ਾਂ ਨਾਲ ਮੁਹੱਬਤ ਹੋਰ ਪੀਡੀ ਹੋਣ ਲੱਗੀ। +2 ਕਰਨ ਤੋਂ ਬਾਅਦ ਈ.ਟੀ.ਟੀ. ਕਰਕੇ ਮੈਂ ਸਰਕਾਰੀ ਨੌਕਰੀ 'ਚ ਆ ਗਿਆ। ਘਰ ਦੇ ਬਨੇਰੇ ਕੱਚੇ ਤੋਂ ਪੱਕੇ ਹੋਣ ਲੱਗੇ। ਦੀਵੇ ਨਾਲ ਪੜ੍ਹਨ ਦੇ ਪਏ ਭੁਸ ਅਤੇ ਲਗਨ ਨੇ ਡਾਕਟ੍ਰੇਟ ਤੋਂ ਬਾਅਦ ਵੀ ਇਹ ਸਫ਼ਰ ਮੱਠਾ ਨਾ ਪੈਣ ਦਿੱਤਾ। ਤਰੱਕੀ ਦੀ ਸੀੜ੍ਹੀ ਚੜ੍ਹ ਕੇ ਪਿੰਡ ਤੋਂ ਸ਼ਹਿਰ ਮਹਿਲਨੁਮਾ ਘਰ ਤੇ ਜ਼ਿਲ੍ਹਾ ਪੱਧਰੀ ਪੋਸਟ 'ਤੇ ਆਣ ਪਹੁੰਚਿਆ। ਘਰੇ ਇਕ ਬੱਤੀ ਵਾਲੇ ਮੀਟਰ ਤੋਂ ਛੱਤੀ ਬੱਤੀਆਂ ਜਗਣ ਲੱਗੀਆਂ। ਹਰ ਲੋੜੀਂਦੀ ਸ਼ੈਅ ਹੱਥ 'ਚ ਆ ਗਈ।

ਅੱਜ ਵੀ ਜਦੋਂ ਪਿੰਡ ਜਾਂਦਾ, ਘਰ ਦਾ ਜਿੰਦਰਾ ਖੋਲ੍ਹ ਕੇ ਅੰਦਰ ਪੈਰ ਪਾਉਂਦਾ ਹਾਂ ਤਾਂ ਪਹਿਲੀ ਨਜ਼ਰ ਓਸ ਇਕ ਬੱਤੀ ਵਾਲੇ ਮੀਟਰ 'ਤੇ ਪੈਂਦੀ ਹੈ ਜਿਹੜੀ ਮੈਨੂੰ ਮੱਲੋ-ਮੱਲੀ ਤਿੰਨ ਦਹਾਕੇ ਪਿਛਾਂਹ ਖਿੱਚ ਲਿਆਉਂਦੀ ਹੈ। 000


*(ਮੁਹੱਲਾ ਆਕਾਸ਼ ਕਲੋਨੀ, ਗ਼ਲੀ ਨੰਬਰ 1, ਨੇੜੇ ਪੀ ਪੀ ਐੱਲ 409*

*ਹੁਸ਼ਿਆਰਪੁਰ-146 001*

*ਫੋਨ: +91-98158-25999 ਈਮੇਲ: jassi_saifu@rediddmail.com)*


## *ਸਿਰਜਣਾ ਦੇ ਪੁਰਾਣੇ ਅੰਕ*

### SIRJANA ARCHIVES ON INTERNET

*ਕੈਨੇਡਾ ਵਸਦੇ ਪੰਜਾਬੀ ਚਿੰਤਕ-ਲੇਖਕ ਸੁਖਵੰਤ ਹੁੰਦਲ ਨੇ 'ਸਿਰਜਣਾ' ਦੀਆਂ ਫਾਈਲਾਂ ਨੂੰ ਡਿਜੀਟਲ ਰੂਪ ਵਿਚ ਇੰਟਰਨੈੱਟ 'ਤੇ ਪਾਉਣ ਦਾ ਵੱਡਾ ਕੰਮ ਕੀਤਾ ਹੈ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਆਪਣੀ ਸੇਵਾ-ਮੁਕਤੀ ਤੋਂ ਪਿੱਛੋਂ ਉਸਨੇ ਕਾਫੀ ਸਮਾਂ ਨਿੱਠ ਕੇ ਕੰਮ ਕਰਦਿਆਂ ਇਹ ਕਾਰਜ ਨਿਪਟਾਇਆ ਹੈ। ਬਹੁਤ ਸਾਰੀਆਂ ਪੁਰਾਣੀਆਂ ਫਾਈਲਾਂ ਸੁਖਵੰਤ ਹੁੰਦਲ ਨੂੰ ਉਪਲਭਦ ਕਰਾਉਣ ਵਿਚ ਸਾਧੂ ਬਿਨਿੰਗ ਨੇ ਵੀ ਯੋਗਦਾਨ ਪਾਇਆ ਹੈ। ਸੁਖਵੰਤ ਦੀ ਤਿਆਰ ਕੀਤੀ 'ਸਿਰਜਣਾ' ਦੀ ਵੈੱਬਸਾਈਟ ਦਾ ਪਤਾ ਹੈ:*

**https://sirjanaarchives.wordpress.com/**

*ਇਸ ਸਾਈਟ ਉੱਤੇ 'ਸਿਰਜਣਾ' ਦੀਆਂ ਪੀਡੀਐੱਫ ਫਾਈਲਾਂ ਦੇ ਨਾਲ ਨਾਲ 'ਸਿਰਜਣਾ' ਵਿਚ ਛਪੀਆਂ ਲਿਖਤਾਂ ਦੀ ਸੂਚੀ ਵੀ ਹੈ। ਪਿਛਲੇ ਕੁਝ ਅੰਕ ਜੋ ਹਾਲੇ ਇਸ ਵੈੱਬਸਾਈਟ ਉੱਤੇ ਪਾਏ ਨਹੀਂ ਗਏ, ਉਹ ਵੀ ਛੇਤੀ ਹੀ ਪਾ ਦਿੱਤੇ ਜਾਣਗੇ। -ਸੰਪਾਦਕ*

# ਬਲਜੀਤ ਬਾਸੀ: ਸ਼ਬਦ ਝਰੋਖਾ: ਟਾਟਾ ਕਿ ਤੱਤਾ

ਪਿਛਲੇ ਦਿਨੀਂ ਟਾਟਾ ਉਦਯੋਗ ਗਰੁੱਪ ਦੇ ਕਰਤਾ ਧਰਤਾ ਰਤਨ ਟਾਟਾ ਦਾ ਦਿਹਾਂਤ ਹੋ ਗਿਆ। ਖੱਬੀ ਵਿਚਾਰਧਾਰਾ ਨਾਲ ਜੁੜੇ ਰਹਿਣ ਕਾਰਨ ਆਪਣੇ ਵੇਲਿਆਂ ਵਿਚ ਅਸੀਂ ਜਲੂਸਾਂ ਜਲਸਿਆਂ ਵਿਚ ਇਜਾਰੇਦਾਰੀ ਦੇ ਅਲੰਬਰਦਾਰ ਟਾਟਾ ਬਿਰਲਾ ਦੇ ਖਿਲਾਫ ਮੁਰਦਾਬਾਦ ਦੇ ਨਾਹਰੇ ਲਾਉਂਦੇ ਨਹੀਂ ਸਾਂ ਥੱਕਦੇ। ਪਰ ਜਿਉਂ ਹੀ ਅਦਾਨੀ ਅੰਬਾਨੀ ਨੇ ਦੋਵਾਂ ਨੂੰ ਇਜਾਰੇਦਾਰੀ ਦੀ ਦੌੜ ਵਿਚ ਬਹੁਤ ਪਛਾੜ ਦਿੱਤਾ ਅਤੇ ਕਾਰਪੋਰੇਟ ਸਰਮਾਏਦਾਰੀ ਅਗਲੇ ਪੜਾਅ 'ਤੇ ਪੁੱਜ ਗਈ ਤਾਂ ਟਾਟਾ ਬਿਰਲਾ ਦੇ ਨਾਂ ਲੋਕ ਨਜ਼ਰਾਂ ਵਿਚ ਧੁੰਦਲੇ ਪੈ ਗਏ। ਪਾਰਸੀ ਪੁਰਸ਼ਾਰਥ ਦੀਆਂ ਕਦਰਾਂ ਕੀਮਤਾਂ ਨਾਲ ਪ੍ਰਣਾਏ ਟਾਟਾ ਪਰਿਵਾਰ ਦੇ ਮੈਂਬਰ ਬਹੁਤਾ ਲੋਕ ਰੋਹ ਦਾ ਸ਼ਿਕਾਰ ਨਹੀਂ ਬਣੇ। ਨਿੱਜੀ ਪੱਧਰ 'ਤੇ ਪਰਿਵਾਰ ਮੈਂਬਰ ਨਿਮਰਤਾ ਦੇ ਪੁੰਜ ਸਨ। ਹੱਥਲੀ ਲਿਖਤ ਵਿਚ ਅਸੀਂ ਇਸ ਗਰੁੱਪ ਦੇ ਉਦਯੋਗਕ ਤੰਤਰ ਦੀ ਗੱਲ ਨਹੀਂ ਕਰਨੀ ਤਾਂ ਵੀ ਵਿਸ਼ੇ ਨਾਲ ਸੰਬੰਧਤ ਕੁਝ ਪਰਿਵਾਰਕ ਪਿਛੋਕੜ ਦਾ ਵੇਰਵਾ ਦਰਕਾਰ ਹੈ।

ਟਾਟਾ ਪਰਿਵਾਰ ਦੇ ਵਡੇਰੇ ਪਾਰਸ (ਹੁਣ ਇਰਾਨ) ਵਿਚ ਅਗਨੀ-ਪੂਜ ਜ਼ਰਦੁਸਤ ਧਰਮ ਤੇ ਇਸੇ ਨਾਂ ਦੇ ਬਾਨੀ ਨਾਲ ਸੰਬੰਧ ਰੱਖਦੇ ਸਨ। ਮਧ ਯੁੱਗ ਵਿਚ ਪੱਛਮੀ ਏਸ਼ੀਆ ਵਿਚ ਅਰਬਾਂ ਨੇ ਇਸ ਖਿੱਤੇ ਵਿਚ ਇਸਲਾਮੀਕਰਣ ਦੀ ਹਿੰਸਕ ਹਨੇਰੀ ਝੁਲਾਈ ਤਾਂ ਫਾਰਸ (ਪਾਰਸ ਦਾ ਅਰਬੀਕਰਣ) ਬੁਰੀ ਤਰ੍ਹਾਂ ਇਸ ਦੀ ਲਪੇਟ ਵਿਚ ਆ ਗਿਆ। ਅਰਬੀ-ਇਸਲਾਮਿਕ ਹਾਕਮਾਂ ਤੇ ਫੌਜਾਂ ਵੱਲੋਂ ਅਗਨੀ-ਪੂਜਕਾਂ ਦਾ ਉਤਪੀੜਨ ਸ਼ੁਰੂ ਹੋਇਆ। ਬਹੁ-ਗਿਣਤੀ ਨੇ ਤਾਂ ਦਹਿਸ਼ਤ ਕਾਰਨ ਇਸਲਾਮ ਕਬੂਲ ਲਿਆ, ਕਈ ਮਾਰੇ ਗਏ, ਕੁਝ ਹੱਠੀ ਤੇ ਸਿਦਕੀ ਲੋਕ ਧਰਮ ਖਾਤਰ ਦੇਸ਼ ਛੱਡ ਕੇ ਹੋਰ ਦੇਸ਼ਾਂ, ਖਾਸ ਤੌਰ 'ਤੇ ਭਾਰਤ ਵਿਚ ਸ਼ਰਨ ਲਈ ਦੌੜੇ। ਭਾਰਤ ਵਿਚ ਉਹ ਅੱਜੋਕੇ ਗੁਜਰਾਤ-ਮਹਾਰਾਸ਼ਟਰ ਦੇ ਖੇਤਰ ਆਏ ਜੋ ਉਨ੍ਹਾਂ ਨੂੰ ਨਜ਼ਦੀਕ ਪੈਂਦਾ ਸੀ। ਉਹ ਪਹਿਲਾਂ ਸੰਜਾਣ ਨਾਂ ਦੇ ਸਥਾਨ 'ਤੇ ਆਏ ਜਿੱਥੋਂ ਦੇ ਰਾਜੇ ਨੇ ਇਨ੍ਹਾਂ ਸ਼ਰਨਾਰਥੀਆਂ ਨੂੰ ਪਨਾਹ ਦਿੱਤੀ। ਪਰਦੇਸਾਂ ਵਿਚ ਆ ਕੇ ਇਹ ਲੋਕ ਆਪਣੀ ਭਾਸ਼ਾ ਤੇ ਦੇਸ਼ ਦੇ ਪਿਛੋਕੜ ਕਾਰਨ ਪਾਰਸੀ ਅਖਵਾਏ ਕਿਉਂਕਿ ਉਦੋਂ ਇਰਾਨ ਪਾਰਸ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਹੁਣ ਘੱਟੋ ਘੱਟ ਭਾਰਤ ਵਿਚ ਪਾਰਸੀ ਸ਼ਬਦ ਜ਼ਰਦੁਸਤ ਧਰਮ ਦਾ ਸਮਾਨਅਰਥਕ ਸ਼ਬਦ ਬਣ ਗਿਆ ਹੈ।

ਪਾਰਸੀ ਰਵਾਂ ਰਵੀਂ ਭਾਰਤੀ ਸਭਿਅਤਾ ਵਿਚ ਰਚ ਮਿਚ ਗਏ। ਉਨ੍ਹਾਂ ਵੱਲੋਂ ਬੋਲੀ ਜਾਂਦੀ ਭਾਸ਼ਾ ਫਾਰਸੀ ਰਲੀ ਗੁਜਰਾਤੀ ਨੂੰ ਵੀ ਪਾਰਸੀ ਕਿਹਾ ਜਾਣ ਲੱਗਾ। ਉਂਝ ਵੀ ਵਿਸ਼ਾਲ ਹਿੰਦ-ਯੂਰਪੀ ਸੰਸਕ੍ਰਿਤੀ ਤੇ ਭਾਸ਼ਾ ਦੇ ਵੰਸ਼ਜ ਹੋਣ ਕਾਰਨ ਹਿੰਦ ਇਰਾਨੀ ਸਾਂਝ ਹੈ ਭਾਵੇਂ ਇਹ ਦੋਨੋਂ ਵੀ ਇਕ ਸਮੇਂ ਵਿੱਖਰ ਗਏ। ਜ਼ਰਦੁਸਤ ਧਰਮ ਦੇ ਧਾਰਮਿਕ ਗ੍ਰੰਥ ਅਵੇਸਤਾ ਦੀ ਵੇਦਾਂ ਨਾਲ ਭਾਸ਼ਾਈ ਸਾਂਝ ਹੈ, ਦੋਨੋਂ ਅਗਨੀ ਪੂਜਕ ਵੀ ਹਨ। ਬਾਰ੍ਹਵੀਂ ਸਦੀ ਦੀ ਪਹਿਲੀ ਚੌਥਾਈ ਸਮੇਂ ਟਾਟਾ ਦੇ ਵਡੇਰੇ ਤੇ ਹੋਰ ਬਹੁਤ ਪਾਰਸੀ ਪਹਿਲਾਂ ਸੰਜਾਣ ਨਾਂ ਦੇ ਥਾਂ 'ਤੇ, ਫਿਰ ਅੱਜ ਜਾਣੇ ਜਾਂਦੇ ਨਵਸਾਰੀ ਨਗਰ ਵਿਚ ਵਸ ਗਏ। ਦੱਸਿਆ ਜਾਂਦਾ ਹੈ ਕਿ ਇਸ ਨਗਰ ਦਾ ਪਹਿਲਾ ਨਾਂ ਨਵਸਾਰਿਕਾ ਸੀ ਪਰ ਨਵੇਂ ਵਸੇ ਪਾਰਸੀਆਂ ਨੇ ਇਸ ਦਾ ਨਾਂ ਬਦਲ ਕੇ ਨਵਸਾਰੀ ਰੱਖ ਦਿੱਤਾ। ਉਹ ਆਪਣੀ ਸਰਜ਼ਮੀਨ ਵਿਚ ਸਾਰੀ ਨਾਂ ਦੇ ਸਥਾਨ 'ਤੇ ਰਹਿ ਚੁੱਕੇ ਸਨ, ਇਸ ਲਈ ਉਸ ਦੀ ਸਿਮ੍ਰਤੀ ਕਾਇਮ ਰੱਖਣ ਲਈ ਉਨ੍ਹਾਂ ਨਵਸਾਰਿਕਾ ਨਾਂ ਵਿਚੋਂ 'ਸਾਰਿਕਾ' ਉੜਾ ਕੇ 'ਸਾਰੀ' ਭਰ ਦਿੱਤਾ। ਇਸ ਤਰ੍ਹਾਂ ਬਣੇ ਨਾਂ ਦਾ ਮਤਲਬ ਨਿਕਲਿਆ ਨਵਾਂ ਸਾਰੀ। ਦੁਨੀਆ ਭਰ ਦੇ ਪਰਵਾਸੀਆਂ ਨੂੰ ਜੇਕਰ ਦੂਜੇ ਥਾਂ 'ਤੇ ਜਾ ਕੇ ਨਵਾਂ ਨਗਰ ਖੇੜਾ ਵਸਾਉਣ ਦਾ ਮੌਕਾ ਮਿਲੇ ਤਾਂ ਉਹ ਅਕਸਰ ਅਜਿਹਾ ਹੀ ਕਰਦੇ ਹਨ।

ਅਮਰੀਕਾ ਕੈਨੇਡਾ ਜਾਂ ਹੋਰ ਦੇਸ਼ਾਂ ਵਿਚ ਵਸੇ ਯੂਰਪੀਅਨਾਂ ਨੇ ਤਮਾਮ ਪਿੰਡਾਂ, ਕਸਬਿਆਂ, ਸ਼ਹਿਰਾਂ, ਗਲੀਆਂ ਆਦਿ ਦੇ ਨਾਂ ਆਪਣੇ ਦੇਸ਼ਾਂ ਵਾਲੇ ਹੀ ਰੱਖੇ ਹਨ। ਨਿਊ ਯਾਰਕ ਸ਼ਹਿਰ ਹੀ ਇਸ ਦੀ ਮਿਸਾਲ ਹੈ। ਇਹ ਪਹਿਲਾਂ ਡੱਚਾਂ ਦੀ ਬਸਤੀ ਹੁੰਦਾ ਸੀ ਤਾਂ ਉਨ੍ਹਾਂ ਇਸ ਦਾ ਨਾਂ ਰੱਖ ਦਿੱਤਾ ਨਿਊ ਨੀਦਰਲੈਂਡ, ਫਿਰ ਅੰਗਰੇਜ਼ਾਂ ਨੇ ਕਬਜ਼ਾ ਕੀਤਾ ਤਾਂ ਉਤਰੀ ਇੰਗਲੈਂਡ ਦੇ ਸ਼ਹਿਰ ਯਾਰਕ ਦੇ ਨਾਂ 'ਤੇ ਨਿਊ ਯਾਰਕ ਨਾਂ ਧਰ ਦਿੱਤਾ।

ਟਾਟਾ ਪਰਿਵਾਰ ਦੇ ਪੁਰਖੇ ਧਾਰਮਿਕ ਬਿਰਤੀ ਵਾਲੇ ਸਨ। ਉਹ ਬ੍ਰਾਹਮਣਾਂ ਵਾਂਗ ਜੱਦੀ-ਪੁਸ਼ਤੀ ਆਪਣੇ ਧਰਮ ਦੇ ਉਚਤਮ ਪੁਰੋਹਤ ਸਨ, ਜਿਸ ਲਈ ਦਸਤੂਰ ਸ਼ਬਦ ਵਰਤਿਆ ਜਾਂਦਾ ਹੈ। ਉਨ੍ਹਾਂ ਅਗਨੀ ਮੰਦਿਰ ਬਣਾ ਕੇ ਦਸਤੂਰਪੁਣੇ ਦਾ ਕੰਮ ਜਾਰੀ ਰੱਖਿਆ, ਭਾਵੇਂ ਬਾਅਦ ਵਿਚ ਕਾਰੋਬਾਰੀ ਵੀ ਬਣ ਗਏ। ਨਵਸਾਰੀ ਇਕ ਤਰ੍ਹਾਂ ਏਧਰ ਵਸ ਗਏ ਪਾਰਸੀਆਂ ਦਾ ਧਾਰਮਿਕ ਕੇਂਦਰ ਬਣ ਗਿਆ। ਜਿਸ ਇਲਾਕੇ ਵਿਚ ਜਮਸ਼ੈਦਜੀ ਦਾ ਜਨਮ ਹੋਇਆ, ਉਸ ਦਾ ਨਾਂ ਹੀ ਦਸਤੂਰਵਾਦ ਪੈ ਗਿਆ। ਦਸਤੂਰ ਸ਼ਬਦ ਨੂੰ ਫਾਰਸੀ ਭਾਸ਼ਾ ਦੇ ਦਸਤ+ਊਰ ਤੋਂ ਬਣਿਆ ਦੱਸਿਆ ਜਾਂਦਾ ਹੈ। ਦਸਤ ਦਾ ਅਰਥ ਹੈ ਹੱਥ ਜੋ ਸੰਸਕ੍ਰਿਤ ਵੱਲੋਂ ਹਸਤ (ਪੰਜਾਬੀ ਹੱਥ) ਦਾ ਸਜਾਤੀ ਹੈ ਤੇ ਊਰ ਦਾ ਮਤਲਬ ਹੈ ਮੁੱਕਾ। ਇਸ ਤਰ੍ਹਾਂ ਬਣੇ ਸ਼ਬਦ ਦਸਤੂਰ ਦਾ ਅਰਥ ਹੋਇਆ ਹੱਥ ਦਾ ਮੁੱਕਾ। ਸ਼ਾਇਦ ਇਹ ਸ਼ਬਦ ਮੁੱਢਲੇ ਤੌਰ 'ਤੇ ਅਧਿਕਾਰੀ, ਸ਼ਕਤੀਧਾਰਕ, ਸੱਤਾਧਾਰੀ ਦਾ ਪ੍ਰਤੀਕ ਹੋਵੇ। ਪੁਜਾਰੀ ਵਰਗ ਪਾਸ ਆਦੇਸ਼ ਦੇਣ ਦਾ ਅਧਿਕਾਰ ਹੁੰਦਾ ਹੈ। ਧਿਆਨ ਦਿਓ ਸਿੱਖ ਧਰਮ ਦੇ ਹੁਕਮਨਾਮੇ ਵੱਲ। ਸੋ ਦਸਤੂਰ ਦਾ ਮੁੱਢਲਾ ਭਾਵ ਹੋਇਆ ਪਰੰਪਰਾ ਦੀ ਸ਼ਕਤੀ ਜਿਸ ਤੋਂ ਮਨੁਖੀ ਜੀਵਨ ਸੇਧ ਲੈਂਦਾ ਹੈ। ਇਹ ਸ਼ਬਦ ਹੋਰ ਗੁਆਂਢੀ ਭਾਸ਼ਾਵਾਂ ਵਿਚ ਵੀ ਵਿਸਤ੍ਰਿਤ ਅਰਥ ਧਾਰਨ ਕਰਦਾ ਦਾਖਿਲ ਹੋ ਗਿਆ ਜੋ ਇਸ ਪ੍ਰਕਾਰ ਹਨ: ਪ੍ਰਥਾ, ਰਿਵਾਜ, ਤਰੀਕਾ, ਆਚਾਰ, ਆਦਤ, ਨਿਯਮ, ਸ਼ੈਲੀ, ਸੱਤਾਧਾਰੀ, ਫੀਸ, ਕਮਿਸ਼ਨ, ਵਿਧੀ, ਵਿਧਾਨ, ਕਾਨੂੰਨ, ਵਜ਼ੀਰ ਆਦਿ। ਪੰਜਾਬੀ ਵਿਚ ਇਹ ਅੱਜ ਕਲ੍ਹ ਰੀਤੀ, ਰਿਵਾਜ, ਪਰੰਪਰਾ, ਪਿਰਤ ਆਦਿ ਦੇ ਅਰਥਾਂ ਵਿਚ ਪ੍ਰਚਲਤ ਹੈ,

*ਤੁਸੀਂ ਅਕਲ ਦੇ ਕੋਟ ਇਆਲ ਹੁੰਦੇ, ਲੁਕਮਾਨ ਹਕੀਮ ਦਸਤੂਰ ਹੈ ਜੀ* - ਵਾਰਿਸ ਸ਼ਾਹ।

ਪਾਰਸੀਆਂ ਵਿਚ ਹਿੰਦੂਆਂ ਦੀ ਤਰ੍ਹਾਂ ਕੋਈ ਜਾਤੀ-ਆਧਾਰਤ ਗੋਤ ਨਹੀਂ ਹੁੰਦੇ। ਪਰ ਭਾਰਤ ਵਿਚ ਆ ਕੇ ਉਨ੍ਹਾਂ ਜਿਹੜੇ ਉਪਨਾਮ ਅਪਣਾਏ ਉਹ ਸਾਨੂੰ ਬੜੇ ਹਾਸੋਹੀਣੇ ਲਗਦੇ ਹਨ। ਉਨ੍ਹਾਂ ਜਾਂ ਤਾਂ ਆਪਣੇ ਨਵੇ ਚੁਣੇ ਪੇਸ਼ੇ ਵਾਲੇ ਜਾਂ ਆਪਣੇ ਰਹਾਇਸ਼ੀ ਸਥਾਨ ਵਾਲੇ ਉਪਨਾਮ ਚੁਣੇ। ਬਹੁਤੀਆਂ ਹਾਲਤਾਂ ਵਿਚ ਦੂਸਰੇ ਲੋਕਾਂ ਨੇ ਉਨ੍ਹਾਂ ਲਈ ਇਕ ਤਰ੍ਹਾਂ ਛੇੜ ਵਾਂਗੂੰ ਅਜਿਹੇ ਉਪਨਾਮ ਬਖਸ਼ੇ। ਕੁਝ ਕੁ ਗਿਣਾਉਂਦੇ ਹਾਂ: ਮਿਸਤਰੀ, ਬਾਟਲੀਵਾਲਾ, ਘਾਸਵਾਲਾ, ਘੀਅਵਾਲਾ, ਦਾਰੂਵਾਲਾ, ਇੰਜਨੀਅਰ, ਡਾਕਟਰ, ਵਕੀਲ, ਮੁਨਸ਼ੀ, ਇਰਾਨੀ, ਸੂਰਤ, ਖੰਬਾਟਾ ਆਦਿ। ਇਹ ਤਾਂ ਸਪੱਸ਼ਟ ਹੈ ਕਿ ਜਿਸ ਉਦਯੋਗਕ ਘਰਾਣੇ ਦੀ ਅਸੀਂ ਗੱਲ ਕਰ ਰਹੇ ਹਾਂ ਉਨ੍ਹਾ ਦੇ ਵਡੇਰਿਆਂ ਨੇ ਆਪਣਾ ਉਪਨਾਮ ਟਾਟਾ ਰੱਖਿਆ ਹੋਵੇਗਾ। ਇਕ ਸੁਝਾਅ ਅਨੁਸਾਰ ਉਨ੍ਹਾਂ ਨੂੰ ਤਾਤਾ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਗੁਜਰਾਤੀ ਵਿਚ ਤਾਤਾ ਦਾ ਇਕ ਮਤਲਬ ਪਿਤਾ ਹੁੰਦਾ ਹੈ ਤੇ ਲੋਕ ਉਨ੍ਹਾਂ ਨੂੰ ਪਿਤਾ ਸਮਾਨ ਸਮਝਦੇ ਸਨ। ਤਾਤਾ ਸ਼ਬਦ ਵਿਚ 'ਵਡੇਰੇ, ਸਤਿਕਾਰਯੋਗ' ਦਾ ਭਾਵ ਹੈ, ਪੰਜਾਬੀ ਤਾਇਆ, ਹਰਿਆਣਵੀ ਤਾਊ ਇਸੇ ਦੇ ਭੇਦ ਹਨ। ਹਰਪਾਲ ਪੰਨੂ ਹੁਰਾਂ ਦੀ ਜਾਣਕਾਰੀ ਅਨੁਸਾਰ ਆਇਰਨ ਸਟੀਲ ਕੰਪਨੀ ਦੀ ਨੀਂਹ ਰੱਖਣ ਵਾਲੇ ਜਮਸ਼ੇਦ ਜੀ ਨੌਸ਼ੈਰਵਾਂ (ਨੁਸਰਵਾਂਜੀ) ਦੇ ਮਜ਼ਦੂਰਾਂ ਨੇ ਦੇਖਿਆ ਕਿ ਜਮਸ਼ੇਦ ਜੀ ਕ੍ਰੋਧ ਵਿਚ ਨਹੀਂ ਸੀ ਆਉਂਦੇ ਬਲਕਿ ਮਿੱਠ ਬੋਲੜੇ ਸਨ, ਇਸ ਲਈ ਉਨ੍ਹਾਂ ਇਹ ਸੋਚ ਕੇ ਕਿ ਮਾਲਕ ਨੂੰ ਨਜ਼ਰ ਨਾ ਲੱਗ ਜਾਵੇ, ਨਾਂ ਤਾੱਤਾ ਜੀ ਰੱਖ ਦਿੱਤਾ ਜਿਸ ਦਾ ਗੁਜਰਾਤੀ ਵਿਚ ਅਰਥ ਕੌੜੇ ਸੁਭਾਅ ਵਾਲਾ ਹੁੰਦਾ ਹੈ।

ਪਰ ਏਥੇ ਖੀਰ ਕੁਝ ਟੇਢੀ ਹੈ। ਕੁਝ ਹਵਾਲਿਆਂ ਤੋਂ ਹਾਸਿਲ ਕੀਤੀ ਮੇਰੀ ਜਾਣਕਾਰੀ ਵੱਖਰੀ ਹੈ। ਮੈਂ ਸਭ ਤੋਂ ਵੱਧ ਟਾਟਾ ਦੇ ਪੂਰਵਜਾਂ ਦੇ ਮੁੱਢਲੇ ਵਸੇਬੇ ਵਾਲੇ ਸ਼ਹਿਰ ਨਵਸਾਰੀ ਦੇ ਇਕ

ਵਸਨੀਕ, ਜੋ ਧਰਮ ਵਜੋਂ ਵੀ ਖੁਦ ਪਾਰਸੀ ਹਨ, ਟਾਟਾ ਪਰਿਵਾਰ ਦੇ ਪਿਛੋਕੜ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਤੇ ਜੋ ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਵਰਤਮਾਨ ਉਪ-ਚੇਅਰਮੈਨ ਹਨ, ਦੀ ਕਥਨੀ 'ਤੇ ਯਕੀਨ ਕਰਦਾ ਹਾਂ। ਉਨ੍ਹਾਂ ਦਾ ਨਾਂ ਹੈ ਕੇਰਸੀ ਕੈਖਸ਼ਰੂ ਦੇਬੂ। ਉਨ੍ਹਾਂ ਹਾਲੀਆ ਵਿਚ ਇਕ ਇੰਟਰਵਿਊ ਦੌਰਾਨ ਦੱਸਿਆ ਕਿ ਜਮਸ਼ੇਦਜੀ ਦੇ ਪਿਤਾ ਬੜੇ ਗਰਮ ਮਿਜ਼ਾਜ ਦੇ ਸਨ। ਗਰਮ ਮਿਜ਼ਾਜੀ ਬੰਦਿਆਂ ਨੂੰ ਗੁਜਰਾਤੀ ਵਿਚ 'ਤਾਤਾ' ਕਿਹਾ ਜਾਂਦਾ ਹੈ, ਇਸ ਲਈ ਲੋਕ ਉਨ੍ਹਾਂ ਨੂੰ ਤਾਤਾ ਕਹਿਣ ਲੱਗ ਪਏ ਤੇ ਏਹੀ ਉਨ੍ਹਾਂ ਦੀ ਅੱਲ ਪੈ ਗਈ ਜੋ ਟਾਟਾ ਪਰਿਵਾਰ ਨੇ ਖੁਸ਼ੀ ਖੁਸ਼ੀ ਕਬੂਲ ਲਈ। ਅੰਗਰੇਜ਼ੀ ਵਿਚ ਕਿਉਂਕਿ 'ਤ' ਧੁਨੀ ਨਹੀਂ ਹੈ ਇਸ ਲਈ ਤਾਤਾ ਨੂੰ TATA ਲਿਖਿਆ ਜਾਣ ਲੱਗਾ ਜੋ ਅੱਜ ਤਕ ਪ੍ਰਚੱਲਤ ਹੈ। ਬਰਤਾਨਵੀ ਸ਼ਾਸਨ ਦੌਰਾਨ ਫਿਰੰਗੀਆਂ ਨੇ ਆਪਣੀ ਸੌਖ ਕਾਰਨ ਤੇ ਰੋਮਨ ਵਰਣਮਾਲਾ ਵੱਲੋਂ ਭਾਰਤੀ ਸ਼ਬਦਾਂ ਦੇ ਉਚਾਰਣ ਦਾ ਸਟੀਕ ਲਿਪੀਅੰਤਰ ਨਾ ਕਰ ਸਕਣ ਕਾਰਨ ਬਹੁਤ ਸਾਰੇ ਭਾਰਤੀ ਸਥਾਨਾਂ, ਵਿਅਕਤੀਆਂ ਅਤੇ ਵਸਤੂਆਂ ਦੇ ਨਾਂ ਹੋਰ ਦੇ ਹੋਰ ਹੋ ਗਏ। ਕੁਝ ਮਿਸਾਲਾਂ ਲੈਂਦੇ ਹਾਂ, ਵਿਅਕਤੀ ਨਾਂ: ਠਾਕੁਰ > ਟੈਗੋਰ, ਚਟੋਪਾਧਿਆਇ > ਚੈਟਰਜੀ, ਮੁਖੋਪਾਧਿਅਇ > ਮੁਖਰਜੀ, ਗੰਗੋਪਾਧਿਆਇ > ਗੰਗੂਲੀ। ਸਥਾਨ ਨਾਂ: ਪੁਡੂਚੇਰੀ > ਪਾਂਡੀਚਰੀ, ਕੋਲਕਾਤਾ > ਕੈਲਕਟਾ, ਤਿਰੂਵੰਤਪੁਰਮ > ਟਰੀਵੈਂਡਰਮ; ਦਿੱਲੀ > ਡੇਲਹੀ। ਇਨ੍ਹਾਂ ਵਿਚੋਂ ਕਈਆਂ ਦੀ ਤਾਂ ਵਾਪਸੀ ਹੋ ਗਈ ਜਾਂ ਕਰ ਲਈ ਗਈ ਹੈ। ਮਜ਼ੇ ਵਾਲੀ ਗੱਲ ਹੈ ਕਿ ਗੋਰਿਆਂ ਦੁਆਰਾ ਵਿਗਾੜੇ ਹੋਏ ਨਾਂ ਸਾਨੂੰ ਠੀਕ ਪ੍ਰਤੀਤ ਹੁੰਦੇ ਹਨ ਕਿਉਂਕਿ ਅਸੀਂ ਇਨ੍ਹਾਂ ਨਾਲ ਗਿੱਝ ਗਏ ਹਾਂ। ਨਾਲੇ ਸਾਹਿਬ ਜੋ ਤੁਹਾਨੂੰ ਪਿਆਰ ਨਾਲ ਆਖਣ ਓਹੀ ਸਿਰ ਮੱਥੇ!

ਅਸੀਂ ਮੁੜ ਤਾਤਾ ਸ਼ਬਦ 'ਤੇ ਆਉਂਦੇ ਹਾਂ। ਇਹ ਭਾਰੋਪੀ ਖਾਸੇ ਵਾਲਾ ਸ਼ਬਦ ਹੈ ਤੇ ਲਗਪਗ ਸਾਰੀਆਂ ਹਿੰਦ-ਇਰਾਨੀ ਭਾਸ਼ਾਵਾਂ ਵਿਚ ਇਨ੍ਹਾਂ ਹੀ ਅਰਥਾਂ ਵਿਚ ਤੇ ਕੁਝ ਧੁਨੀ ਦੇ ਫਰਕ ਨਾਲ ਇਸ ਦੇ ਭਾਈਬੰਦ ਮਿਲਦੇ ਹਨ। ਗਰਮ ਅਰਥਾਂ ਵਾਲਾ ਪੰਜਾਬੀ 'ਤੱਤਾ' ਇਸੇ ਦਾ ਭਰਾ ਹੈ ਜਿਸ ਦਾ ਲਾਖਣਿਕ ਅਰਥ ਗਰਮ ਸੁਭਾਅ ਵਾਲਾ ਵੀ ਹੈ। ਪੰਜਾਬੀ ਵਿਚ ਤਾਂ 'ਤੱਤਿਆ' ਸੰਬੋਧਨ ਵਜੋਂ ਨਿਹੋਰੇ ਨਾਲ ਵੀ ਬੋਲਿਆ ਜਾਂਦਾ ਹੈ, ਡਾਢੇ ਦੇ ਅਰਥਾਂ ਵਿਚ। ਇਸ ਦਾ ਪ੍ਰਾਕ੍ਰਿਤ ਰੂਪ ਹੈ ਤੱਤ। ਹੋਰ ਭਾਸ਼ਾਵਾਂ ਵਿਚ ਇਸ ਦੇ ਰੂਪ ਹਨ ਤੱਤ, ਤੈੱਤ, ਤੱਤੂ, ਤਾਤੋ ਤਾਤ।

ਲਗਦੇ ਹੱਥ ਇਕ ਹੋਰ ਅੰਗਰੇਜ਼ੀ ਜਾਪਦੇ ਸ਼ਬਦ ਦੀ ਗੱਲ ਕਰ ਲਈਏ, ਜਿਸ ਦਾ ਪਿਛੋਕੜ ਦੇਸੀ ਹੈ ਤੇ ਜਿਸ ਨੂੰ ਨਵੇਂ ਅਰਥ ਦੇਣ ਵਿਚ ਜਹਾਂਗੀਰ ਟਾਟਾ ਦਾ ਯੋਗਦਾਨ ਹੈ। ਇਹ ਅਸਲ ਵਿਚ ਸ਼ਬਦ ਨਹੀਂ ਇਕ ਭਾਰਤੀ ਕਾਸਮੈਟਿਕ ਬਰਾਂਡ ਦਾ ਨਾਂ ਹੈ। ਮੇਰਾ ਇਸ਼ਾਰਾ ਲੈਕਮੇ ਵੱਲ ਹੈ ਜਿਸ ਨੂੰ ਹਿੰਦੁਸਤਾਨ ਯੂਨੀਲੀਵਰਜ਼ ਬਣਾਉਂਦੀ ਹੈ। ਇਸ ਦਾ ਇਹ ਨਾਂ ਇਕ ਫਰਾਂਸੀਸੀ ਓਪੇਰਾ 'ਲੈਕਮੇ' ਦੇ ਨਾਂ ਤੋਂ ਪ੍ਰਭਾਵਤ ਹੋ ਕੇ ਪਿਆ। ਫਰਾਂਸੀਸੀ ਸ਼ਬਦ ਸੁੰਦਰਤਾ ਦੀ ਪੁੰਜ ਭਾਰਤੀ ਦੇਵੀ ਲਕਸ਼ਮੀ ਦਾ ਫਰਾਂਸੀਸੀ ਰੁਪਾਂਤਰ ਹੈ ਤੇ ਇਸ ਓਪੇਰੇ ਵਿਚ ਲਕਸ਼ਮੀ ਦੀ ਹੀ ਕਹਾਣੀ ਹੈ। ਲੈਕਮੇ ਬਰਾਂਡ ਟਾਟਾ ਆਇਲ ਮਿਲਜ਼ ਦੀ ਸਹਾਇਕ ਕੰਪਨੀ ਸੀ ਜਿਸ ਦਾ ਉਦੋਂ ਭਾਈਵਾਲ ਵੀ ਇਕ ਫਰਾਂਸੀਸੀ ਉਦਯੋਗਪਤੀ ਸੀ। ਉਦੋਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਇਸ ਗੱਲ 'ਤੇ ਚਿੰਤਤ ਸਨ ਕਿ ਭਾਰਤੀ ਇਸਤਰੀਆਂ ਬਦੇਸ਼ਾਂ ਤੋਂ ਸ਼ਿੰਗਾਰ ਸਮੱਗਰੀ ਮੰਗਵਾਉਂਦੀਆਂ ਹਨ, ਜਿਸ ਨਾਲ ਭਾਰਤ ਦੀ ਬਹੁਤ ਸਾਰੀ ਕੀਮਤੀ ਬਦੇਸ਼ੀ ਮੁਦਰਾ ਖਰਚ ਹੁੰਦੀ ਹੈ। ਉਨ੍ਹਾਂ ਜਹਾਂਗੀਰ ਟਾਟਾ ਨੂੰ ਇਹ ਸਮੱਗਰੀ ਭਾਰਤ ਵਿਚ ਹੀ ਬਣਾਉਣ ਲਈ ਪ੍ਰੇਰਿਆ। 1952 ਵਿਚ ਜਦੋਂ ਇਹ ਸਹਾਇਕ ਕੰਪਨੀ ਹੋਂਦ ਵਿਚ ਆਈ ਤਾਂ ਇਸ ਦੇ ਫਰਾਂਸੀਸੀ ਭਾਈਵਾਲ ਨੇ ਇਸ ਦਾ ਲੈਕਮੇ ਨਾਂ ਸੁਝਾਇਆ ਜੋ ਮੰਨ ਲਿਆ ਗਿਆ। ਇਸ ਤਰ੍ਹਾਂ ਭਾਰਤੀ ਇਸਤਰੀਆਂ ਨੂੰ ਇਕ ਤਰ੍ਹਾਂ ਠੱਗਿਆ ਵੀ ਗਿਆ। ਉਨ੍ਹਾਂ ਨੂੰ ਲੈਕਮੇ ਸ਼ਬਦ ਤੋਂ ਲੱਗਾ ਕਿ ਉਹ ਕੋਈ ਫਰਾਂਸੀਸੀ ਸੁਰਖੀਆਂ ਮਸਕਾਰੇ ਖਰੀਦ ਰਹੀਆਂ ਹਨ! 000

***(311 South LaSalle Street, Aptt No. 38A, Durham NC 27705 U S A***
***Email: baljit_basi@yahoo.com)***

# ਗੁਰਦੇਵ ਸਿੰਘ ਸਿੱਧੂ: ਲੇਖ: ਸਿੱਖ ਧਰਮ ਵਿਚ ਵਰਣ ਵੰਡ ਦੇ ਪਹਿਰੂਏ- ਗੁਰੂ ਬੰਸਜ

ਪੰਜਾਬ ਦੀ ਭੂਗੋਲਕ ਸਥਿਤੀ ਕਾਰਨ ਇੱਥੇ ਮੰਨੂਵਾਦੀ ਵਰਣ ਵੰਡ ਕਦੇ ਵੀ ਓਨੀ ਪੱਕੀ ਪੀਡੀ ਨਹੀਂ ਰਹੀ ਜਿੰਨੀ ਇਹ ਉੱਤਰੀ ਭਾਰਤ ਦੇ ਸੁੱਖ ਅਤੇ ਸ਼ਾਂਤੀ ਨਾਲ ਸਮਾਂ ਬਿਤਾ ਰਹੇ ਪੰਜਾਬ ਤੋਂ ਪੂਰਬ ਵੱਲ ਦੇ ਸਮਾਜ ਵਿਚ ਸੀ। ਇਸ ਦਾ ਕਾਰਨ ਇਹ ਸੀ ਕਿ ਪੱਛਮ ਵੱਲੋਂ ਭਾਰਤ ਉੱਤੇ ਅਕਸਰ ਹੀ ਹੋਣ ਵਾਲੇ ਵਿਦੇਸ਼ੀ ਹਮਲਿਆਂ ਦਾ ਰਾਹ ਪੰਜਾਬ ਵਿਚ ਦੀ ਲੰਘਦਾ ਸੀ, ਜਿਸ ਕਾਰਨ "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਦਾ ਸਾਹਮਣਾ ਕਰਨਾ ਪੈਂਦਾ ਰਿਹਾ। ਵਰਣ ਵੰਡ ਅਨੁਸਾਰ ਜੁੱਧ ਲੜਨੇ ਕਸ਼ੱਤਰੀ (ਖੱਤਰੀ) ਵਰਣ ਦੇ ਜ਼ਿੰਮੇ ਸੀ ਪਰ ਪੰਜਾਬ ਵਿਚ ਰਹਿੰਦਿਆਂ ਨਿੱਤ ਦਿਨ ਹੋਣ ਵਾਲੇ ਹਮਲਿਆਂ ਦਾ ਮੁਕਾਬਲਾ ਕਰਨ ਵਾਸਤੇ ਖੱਤਰੀਆਂ ਨੂੰ ਹੋਰਨਾਂ ਵਰਣਾਂ ਦੀ ਮਦਦ ਲੈਣੀ ਲੋੜੀਂਦੀ ਸੀ। ਫਲਸਰੂਪ ਵਿਦੇਸ਼ੀ ਹਮਲਿਆਂ ਦਾ ਮੁਕਾਬਲਾ ਕਰਨ ਸਮੇਂ ਦੂਜੇ ਵਰਣਾਂ ਦੇ ਵਿਅਕਤੀ ਵੀ ਖੱਤਰੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੁੰਦੇ, ਜਿਸ ਦੇ ਨਤੀਜੇ ਵਜੋਂ ਪੰਜਾਬ ਵਿਚ ਬ੍ਰਾਹਮਣਵਾਦੀ ਹਿੰਦੂ ਮਤ ਜਾਤ ਪਰਣਾਲੀ ਦੀ ਕੱਟੜਤਾ ਢਿੱਲੀ ਪੈ ਗਈ ਪਰ ਇਹ ਢਿੱਲੀ ਹੋਣ ਦੇ ਬਾਵਜੂਦ ਪ੍ਰਭਾਵਹੀਣ ਨਹੀਂ ਸੀ ਹੋਈ। ਇਹੋ ਕਾਰਨ ਸੀ ਕਿ ਪਹਿਲੇ ਸਿੱਖ ਗੁਰੂ – ਸ੍ਰੀ ਗੁਰੂ ਨਾਨਕ ਦੇਵ ਜੀ – ਨੇ ਜਾਤ ਪਾਤ ਪਰਣਾਲੀ ਵਿਰੁੱਧ ਆਵਾਜ਼ ਵੀ ਉਠਾਈ ਅਤੇ ਵਿਵਹਾਰਕ ਜੀਵਨ ਵਿਚ ਵੀ ਸਮਾਜ ਵਿਚਲੀਆਂ 'ਅਖੌਤੀ' ਨੀਵੀਆਂ ਜਾਤਾਂ ਦੇ ਵਿਅਕਤੀਆਂ ਨੂੰ ਮਾਣ ਬਖਸ਼ਿਆ। ਮੁਸਲਮਾਨਾਂ ਵਿਚ ਨੀਵੀਂ ਮੰਨੀ ਜਾਂਦੀ ਮਿਰਾਸੀ ਜਾਤ ਵਿਚੋਂ ਭਾਈ ਮਰਦਾਨੇ ਨੂੰ ਲੰਮੀਆਂ ਯਾਤਰਾਵਾਂ ਉੱਤੇ ਜਾਣ ਸਮੇਂ ਆਪਣਾ ਸਾਥੀ ਬਣਾਉਣਾ, ਭੋਜਨ ਛਕਣ ਲਈ ਜਾਗੀਰਦਾਰ ਮਲਕ ਭਾਗੋ ਦੇ ਮੁਕਾਬਲੇ ਕਿਰਤੀ ਲਾਲੋ ਨੂੰ ਨਿਵਾਜਣਾ ਉਨ੍ਹਾਂ ਵੱਲੋਂ ਕਥਨੀ ਨੂੰ ਅਮਲ ਵਿਚ ਲਿਆਉਣ ਦੀ ਪ੍ਰਤੱਖ ਮਿਸਾਲ ਸੀ। ਸਿੱਖ ਮਤ ਵਿਚ ਬ੍ਰਾਹਮਣੀ ਵਰਣ ਵਿਵਸਥਾ ਨੂੰ ਢਾਹ ਲਾਉਣ ਵਾਸਤੇ ਹੀ ਮਨੁੱਖੀ ਭਾਈਚਾਰੇ ਦਾ ਪਰਚਾਰ, ਸੰਗਤ ਅਤੇ ਪੰਗਤ ਦੀ ਸੰਸਥਾ, ਆਦਿ, ਨੂੰ ਉਤਸ਼ਾਹਤ ਕੀਤਾ ਗਿਆ।

ਬ੍ਰਾਹਮਣਵਾਦੀ ਵਰਣ ਵੰਡ ਜਨਮ ਆਧਾਰਤ ਸੀ ਪਰ ਸਿੱਖ ਗੁਰੂ ਸਾਹਿਬਾਨ ਨੇ ਇਸ ਆਧਾਰ ਨੂੰ ਬਦਲ ਕੇ ਕਰਮ ਅਥਵਾ ਕੰਮ ਨਾਲ ਜੋੜਿਆ। ਗੁਰਬਾਣੀ ਦੀਆਂ ਪੰਕਤੀਆਂ

*ਜਾਤਿ ਜਨਮੁ ਨ ਪੂਛੀਐ, ਸਚ ਘਰ ਲੇਹੁ ਬਤਾਇ।*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ*। (ਪ੍ਰਭਾਤੀ ਮ:1, ਅੰਗ 1330) ਅਤੇ
*ਆਗੈ ਜਾਤਿ ਰੂਪੁ ਨ ਜਾਇ।*
*ਤੇਹਾ ਹੋਵੈ ਜੇਹੇ ਕਰਮ ਕਮਾਇ॥* (ਆਸਾ ਮ: 3, ਅੰਗ 363)

ਆਦਿ ਇਸ ਕਸਵੱਟੀ ਦੀਆਂ ਗਵਾਹ ਹਨ। ਇਸ ਸੰਸਾਰ ਦੀ ਯਾਤਰਾ ਕਰਨ ਉਪਰੰਤ ਪਰਮਾਤਮਾ ਦੀ ਹਜ਼ੂਰੀ ਵਿਚ ਪਹੁੰਚੀ ਜੀਵ ਆਤਮਾ ਦੀ ਜਾਤ ਨੂੰ ਕੋਈ ਮਹੱਤਵ ਨਾ ਮਿਲਣ ਬਾਰੇ ਉਨ੍ਹਾਂ ਫਰਮਾਇਆ:

*ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ।*(ਅੰਗ 349)

ਇਕ ਹੋਰ ਗੁਰਵਾਕ ਹੈ:

*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੈ।*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ।*(ਅੰਗ 469)

ਗੱਲ ਕੀ, ਗੁਰੂ ਨਾਨਕ ਦੇਵ ਜੀ ਨੇ ਇਸ ਤੱਥ ਉੱਤੇ ਬਲ ਦਿੱਤਾ ਕਿ ਦੋਵਾਂ ਜਹਾਨਾਂ ਵਿਚ:

*ਫਕੜ ਜਾਤੀ ਫਕੜ ਨਾਉ।*

*ਸਭਨਾ ਜੀਆ ਇਕਾ ਛਾਉ*। (ਅੰਗ 83)

ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦਾ ਤਤਸਾਰ ਇਹ ਸੀ ਕਿ ਬ੍ਰਹਮ ਗਿਆਨ ਪ੍ਰਾਪਤ ਕਰ ਕੇ ਉਪਦੇਸ਼ ਦੇਣ ਵਾਲਾ ਸ਼ੂਦਰ ਵੀ ਬ੍ਰਾਹਮਣ ਮੰਨਿਆ ਜਾਵੇਗਾ ਅਤੇ ਜੰਗਾਂ ਜੁੱਧਾਂ ਵਿਚ ਸਨਮੁੱਖ ਹੋ ਕੇ ਲੜਨ ਵਾਲਾ ਕਿਸਾਨ ਵੀ ਖੱਤਰੀ ਅਖਵਾਏਗਾ। ਉਨ੍ਹਾਂ ਦੁਆਰਾ ਦ੍ਰਿੜਾਏ ਇਸ ਉਪਦੇਸ਼ ਨੂੰ ਅਗਲੇਰੇ ਗੁਰੂ ਸਾਹਿਬਾਨ ਨੇ ਵੀ ਪਰਚਾਰਿਆ ਪ੍ਰਸਾਰਿਆ। ਜਾਤ ਆਧਾਰਤ ਵਡੱਪਣ ਵਿਚ ਵਿਸ਼ਵਾਸ ਰੱਖਣ ਵਾਲੇ ਵਿਅਕਤੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਫਟਕਾਰਦਿਆਂ ਫਰਮਾਇਆ ਹੈ:

*ਜਾਤਿ ਕਾ ਗਰੁਬ ਨ ਕਰੀਅਹੁ ਕੋਈ।*
*ਬ੍ਰਹਮੁ ਬਿੰਦੇ ਸੋ ਬ੍ਰਾਹਮਣ ਹੋਈ।*
*ਜਾਤਿ ਕਾ ਗਰੁਬ ਨ ਕਰਿ ਮੂਰਖ ਗਵਾਰਾ।*
*ਇਸ ਗਰਬ ਤੇ ਚਲਹਿ ਬਹੁਤ ਵਿਕਾਰਾ।*(ਅੰਗ 1127)

ਇਉਂ ਗੁਰੂ ਸਾਹਿਬਾਨ ਦਾ ਅਜਿਹਾ ਪਰਚਾਰ ਪੰਜਾਬ ਵਿਚ ਬ੍ਰਾਹਮਣਵਾਦੀ ਵਰਣ ਵੰਡ ਨੂੰ ਬਹੁਤ ਹੱਦ ਤਕ ਕਮਜ਼ੋਰ ਕਰਨ ਵਿਚ ਸਫਲ ਹੋਇਆ ਅਤੇ ਬ੍ਰਾਹਮਣ ਧਰਮ ਦੀ ਪ੍ਰਧਾਨਤਾ ਮੰਦ ਪੈ ਗਈ। ਪਰ ਇੱਥੇ ਇਕ ਨਵੀਂ ਵਰਣ ਵੰਡ ਪੈਦਾ ਹੋ ਗਈ ਜਿਸ ਵਿਚ ਪ੍ਰਧਾਨਤਾ ਖੱਤਰੀ ਦੀ ਸੀ। ਉਨ੍ਹਾਂ ਦਿਨਾਂ ਦੀ ਸਮਾਜਕ ਵਿਵਸਥਾ ਵਿਚ ਧਨ ਅਤੇ ਵਿਦਿਆ ਦੋਵੇਂ ਮੁੱਖ ਤੌਰ ਉੱਤੇ ਖੱਤਰੀਆਂ ਦੀ ਮਾਲਕੀ ਹੇਠ ਸਨ। ਪੁਰਾਤਨ ਗ੍ਰੰਥਾਂ ਵਿਚ ਖੱਤਰੀਆਂ ਨੂੰ ਸੂਰਜ ਬੰਸੀ ਰਾਮ ਚੰਦਰ ਦੇ ਬੰਸਜ ਦੱਸਿਆ ਗਿਆ ਹੈ, ਜਿਸ ਕਾਰਨ ਉਹ ਆਪਣੇ ਆਪ ਨੂੰ ਦੂਜੀਆਂ ਜਾਤਾਂ ਨਾਲੋਂ ਸ੍ਰੇਸ਼ਟ ਮੰਨਦੇ ਸਨ। ਉੱਤੋਂ ਵਾਧਾ ਇਹ ਹੋਇਆ ਕਿ ਸਿੱਖ ਧਰਮ ਦੇ ਜਨਮਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਬੇਦੀ ਖੱਤਰੀ ਸਨ ਅਤੇ ਅਗਲੇ ਤਿੰਨ ਗੁਰੂ ਸਾਹਿਬਾਨ ਕ੍ਰਮਵਾਰ ਤ੍ਰੇਹਣ, ਭੱਲਾ ਅਤੇ ਸੋਢੀ ਕੁਲ ਵਿਚੋਂ। ਇਹ ਦੋਵੇਂ ਤੱਥ ਖੱਤਰੀਆਂ ਦੇ ਮਨ ਵਿਚ ਨਸਲੀ ਉੱਚਤਾ ਪੈਦਾ ਕਰਨ ਦੇ ਕਾਰਨ ਬਣੇ। ਹੋਰ ਜਾਤੀਆਂ ਨੂੰ ਆਪਣੇ ਨਾਲੋਂ ਛੋਟੀਆਂ ਸਮਝਣ ਦੀ ਉਨ੍ਹਾਂ ਦੀ ਸੋਚ ਨੂੰ ਬ੍ਰਾਹਮਣ ਸ਼੍ਰੇਣੀ ਦੀ ਹਮਾਇਤ ਵੀ ਪ੍ਰਾਪਤ ਹੁੰਦੀ ਰਹੀ। ਫਲਸਰੂਪ ਗੁਰੂ ਅੰਸ਼ ਹੋਣ ਕਾਰਨ ਇਨ੍ਹਾਂ ਦੇ ਮਨਾਂ ਵਿਚ ਕੁਲੀਨ ਵਰਗ ਹੋਣ ਦੀ ਭਾਵਨਾ ਹੋਰ ਮਜ਼ਬੂਤ ਹੋਈ ਅਤੇ ਉਹ ਆਪਣੇ ਆਪ ਨੂੰ ਆਮ ਸਿੱਖਾਂ ਨਾਲੋਂ ਉੱਚੇ ਸਮਝਣ ਲੱਗ ਪਏ। ਸਿੱਖ ਪੰਥ ਦਾ ਅੰਗ ਬਣਨ ਦੇ ਬਾਵਜੂਦ ਉੱਚ ਜਾਤ ਵਿਚੋਂ ਹੋਣ ਦੀ ਭਾਵਨਾ ਸਮੇਂ ਸਮੇਂ ਉਨ੍ਹਾਂ ਦੇ ਵਿਵਹਾਰ ਵਿਚੋਂ ਪ੍ਰਗਟ ਹੁੰਦੀ ਰਹੀ। ਭਾਈ ਸੰਤੋਖ ਸਿੰਘ ਨੇ ਗੁਰੂ ਅਮਰ ਦਾਸ ਜੀ ਦੇ ਸਮੇਂ ਦੀ ਇਸ ਘਟਨਾ ਦਾ ਵਰਨਣ ਕੀਤਾ ਹੈ। ਜਦ ਖੱਤਰੀਆਂ ਅਤੇ ਬ੍ਰਾਹਮਣਾਂ ਨੇ ਵੇਖਿਆ ਕਿ ਸ੍ਰੀ ਗੁਰੂ ਅਮਰ ਦਾਸ ਜੀ ਦੀ ਸਰਪ੍ਰਸਤੀ ਹੇਠ

*ਚਤੁਰ ਬਰਨ ਇਕ ਦੇਗ ਅਹਾਰਾ।*
*ਇਕ ਸਮ ਸੇਵਹਿ ਧਰਿ ਉਰ ਪਯਾਰਾ*

ਤਾਂ ਉਨ੍ਹਾਂ ਨੂੰ ਚਿੰਤਾ ਹੋਈ। ਉਨ੍ਹਾਂ ਨੂੰ ਇਸ ਗੱਲ ਦਾ ਵੀ ਦੁੱਖ ਸੀ ਕਿ

*ਚਤੁਰ ਬਰਨ ਕੋ ਇਕ ਮਤ ਕਰਯੋ।*
*ਭ੍ਰਿਸ਼ਟ ਹੋਇ ਜਗ ਧਰਮ ਪ੍ਰਹਰਯੋ॥*
*ਇਕ ਥਲ ਭੋਜਨ ਸਭਿ ਕੋ ਖਈ।*
*ਸੰਕਰਿ ਬਰਨ ਪ੍ਰਜਾ ਅਬਿ ਭਈ*॥ 32 ॥

ਸਪਸ਼ਟ ਹੈ ਕਿ ਜਾਤੀ ਵਰਣ ਆਦਿਕ ਭੇਦ ਦੂਰ ਹੁੰਦਾ ਵੇਖ ਉਨ੍ਹਾਂ ਦੀ ਹਉਮੈ ਨੂੰ ਸੱਟ ਵੱਜੀ। ਉਨ੍ਹਾਂ

*ਇਕ ਦਿਨ ਮਿਲਿ ਸਭਿ ਮਸਲਤ ਕਰੀ।*
*ਇਹ ਤੋ ਰੀਤਿ ਬੁਰੀ ਜਗ ਪਰੀ॥*

ਸੰਭਵ ਹੈ ਉਨ੍ਹਾਂ ਨੇ ਗੁਰੂ ਸਾਹਿਬ ਨੂੰ 'ਸਮਝਾਉਣ' ਦੀ ਕੋਸ਼ਸ਼ ਕੀਤੀ ਹੋਵੇ ਪਰ ਜਦ ਸਫਲਤਾ ਨਾ ਮਿਲੀ ਤਾਂ ਸਮੇਂ ਦੇ ਮੁਗਲ ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਜਾ ਸ਼ਿਕਾਇਤ ਲਾਈ। ਭਾਈ

ਸੰਤੋਖ ਸਿੰਘ ਦੇ ਸ਼ਬਦਾਂ ਵਿਚ ਮੁਗਲ ਦਰਬਾਰ ਵਿਚ ਕੀਤੀ ਸ਼ਿਕਾਇਤ ਇਉਂ ਦਰਜ ਹੈ:

*ਲਵਪੁਰਿ ਗਏ ਫਿਰਾਦੀ ਸਾਰੇ।*
*ਢਿਗ ਅਕਬਰ ਕੇ ਜਾਇ ਪੁਕਾਰੇ॥*
*ਗੋਇੰਦਵਾਲ ਅਮਰ ਗੁਰੁ ਹੋਵਾ।*
*ਭੇਦ ਬਰਨ ਚਾਰਹੁ ਕਾ ਖੋਵਾ॥ (ਸੂਰਜ ਪ੍ਰਕਾਸ਼)*

ਨਿਰਸੰਦੇਹ, ਸੰਗ ਦੋਸ਼ ਕਾਰਨ ਇਹ ਸੋਚ ਹੋਰ ਸ਼ਰਧਾਲੂਆਂ ਦੇ ਮਨਾਂ ਵਿਚ ਵੀ ਘਰ ਕਰ ਗਈ।

ਜਦ ਗੁਰੂ ਰਾਮ ਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਖੁਦਾਈ ਸ਼ੁਰੂ ਕਰਵਾਈ ਤਾਂ ਕਾਰ ਸੇਵਾ ਕਰਨ ਲਈ ਆਉਣ ਵਾਲੇ ਸਿੱਖਾਂ ਵਿਚ ਅਖੌਤੀ 'ਛੋਟੀਆਂ ਜਾਤਾਂ' ਨਾਲ ਸੰਬੰਧਤ ਸਿੱਖਾਂ ਦੀ ਗਿਣਤੀ ਵੀ ਘੱਟ ਨਹੀਂ ਸੀ ਪਰ ਆਪਣੇ ਆਪ ਨੂੰ ਸਵਰਨ ਜਾਤੀ ਸਮਝਣ ਵਾਲੇ ਸਿੱਖਾਂ ਨੇ ਉਨ੍ਹਾਂ ਨੂੰ ਆਪਣੇ ਵਿਚ ਰਲਾਉਣ ਦੀ ਥਾਂ ਉਨ੍ਹਾਂ ਲਈ ਨਵੀਂ ਸੰਗਿਆ ਘੜ ਲਈ 'ਰਾਮਦਾਸੀਆ ਸਿੱਖ' ਭਾਵ ਸਿੱਖਾਂ ਦਾ ਉਹ ਵਰਗ ਜੋ ਗੁਰੂ ਰਾਮ ਦਾਸ ਜੀ ਦੇ ਪ੍ਰਭਾਵ ਕਾਰਨ ਸਿੱਖ ਬਣਿਆ। 1881 ਵਿਚ ਹੋਈ ਮਰਦਮ ਸ਼ੁਮਾਰੀ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਲਈ ਅੰਗਰੇਜ਼ ਮਿਸਟਰ ਇਬਸਟਨ ਦੀ ਲਿਖੀ ਪੁਸਤਕ 'ਏ ਗਲਾਸਰੀ ਆਫ ਟ੍ਰਾਈਬਜ਼ ਐਂਡ ਕਾਸਟਸ ਆਫ ਦ ਪੰਜਾਬ ਐਂਡ ਨਾਰਥ ਵੈਸਟ ਫ੍ਰੰਟੀਅਰ ਪ੍ਰੋਵਿੰਸਜ਼'(A glossary tribes and castes of the Punjab and North West Frontier Provinces) ਵਿਚ 'ਰਾਮਦਾਸੀਆ' ਦੀ ਵਿਆਖਿਆ ਕਰਦਿਆਂ ਲਿਖਿਆ ਗਿਆ ਹੈ ਕਿ "ਪਾਹੁਲ ਲੈਣ ਵਾਲੇ ਚਮਾਰ ਜਾਂ ਜੁਲਾਹਿਆਂ ਨੂੰ ਆਮ ਤੌਰ ਉੱਤੇ ਇਹ ਸੰਗਿਆ ਦਿੱਤੀ ਗਈ ਹੈ।" ਭਾਈ ਕਾਨ ਸਿੰਘ ਨਾਭਾ ਦਾ ਵੀ ਇਹੋ ਲਿਖਣਾ ਹੈ ਕਿ "ਜੋ ਚਮਾਰ ਗੁਰੂ ਰਾਮਦਾਸ ਦੇ ਸਿੱਖ ਬਣੇ ਉਹ ਰਾਮਦਾਸੀਏ ਕਹਾਏ।"

ਆਪਣੀ ਵਡੱਤਣ ਦੀ ਹਉਮੈ ਵਿਚ ਮਦਹੋਸ਼ ਗੁਰੂ-ਬੰਸਜ਼ਾਂ ਨੇ ਆਪਣੀ ਜ਼ਾਤੀ ਉੱਚਤਾ, ਜਿਸ ਦਾ ਵਿਖਾਲਾ ਉਹ ਖੁਲ੍ਹਮ ਖੁਲ੍ਹਾ ਕਰਨ ਤੋਂ ਨਹੀਂ ਸਨ ਝਿਜਕਦੇ, ਨੂੰ ਮਨਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਦੀ ਇਹ ਹਉਮੈ ਗੁਰੂ ਅਰਜਨ ਦੇਵ ਜੀ ਨੂੰ ਵੀ ਚੰਗੀ ਨਹੀਂ ਲੱਗੀ। ਆਦਿ ਬੀੜ ਮੁਕੰਮਲ ਹੋ ਗਈ ਤਾਂ ਇਸ ਨੂੰ ਸ੍ਰੀ ਹਰਿ ਮੰਦਰ ਸਾਹਿਬ ਵਿਚ ਸਥਾਪਤ ਕਰਨ ਉਪਰੰਤ ਗ੍ਰੰਥੀ ਥਾਪਣ ਦਾ ਵਿਚਾਰ ਉਨ੍ਹਾਂ ਦੇ ਮਨ ਵਿਚ ਆਇਆ ਤਾਂ ਉਨ੍ਹਾਂ ਦੀ ਨਜ਼ਰ ਪਹਿਲਾਂ ਗੁਰੂ-ਬੰਸਜ਼ਾਂ ਵੱਲ ਹੀ ਗਈ ਪਰ ਦੂਜੇ ਹੀ ਪਲ ਉਨ੍ਹਾਂ ਨੇ ਇਸ ਭਾਈਚਾਰੇ ਦੀ ਹਉਮੈ ਕਾਰਨ ਉਨ੍ਹਾਂ ਨੂੰ ਇਸ ਸੇਵਾ ਤੋਂ ਵਾਂਝੇ ਰੱਖਣਾ ਹੀ ਯੋਗ ਸਮਝਿਆ। ਭਾਈ ਸੰਤੋਖ ਸਿੰਘ ਦੇ ਹੀ ਸ਼ਬਦਾਂ ਵਿਚ:

*ਰਿਦੈ ਬਚਾਰਨ ਸ੍ਰੀ ਗੁਰ ਕਰੈਂ। ਟਹਿਲ ਗ੍ਰਿੰਥ ਕੀ ਕੌਨ ਸੁ ਧਰੈਂ।*
*ਬੇਦੀ ਤੇਹਣ ਭੱਲੇ ਬੰਸ। ਸੋਢੀ ਜੇ ਕੁਲ ਕੇ ਅਵਤੰਸ਼।*
*ਨਿਜ ਕੁਲ ਕੋ ਇਨ ਕੋ ਹੰਕਾਰਾ। ਕਰਿ ਨ ਸਕਹਿੰਗੇ ਸੇਵ ਉਦਾਰਾ।*
*ਇਹ ਸੇਵਕ ਕੀ ਵਸਤੁ ਸਦੀਵਾ। ਨਿਰਹੰਕਾਰ ਜਿਨਹੁ ਮਨ ਨੀਵਾ॥* 25॥

(ਰਾਸ 3,ਅੰਸੂ 50, ਗੁਰਪ੍ਰਤਾਪ ਸੂਰਜ ਗ੍ਰੰਥ)

ਪਾਠਕ ਜਾਣਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਆਦਿ ਬੀੜ ਦੀ ਸੇਵਾ ਕਰਨ ਵਾਲੇ ਵਿਅਕਤੀ ਦੇ ਵਿਅਤੀਤਿਵ ਵਿਚ ਹੋਣ ਵਾਲੇ ਗੁਣਾਂ ਨੂੰ ਧਿਆਨ ਗੋਚਰੇ ਰੱਖਦਿਆਂ ਇਹ ਸੇਵਾ ਇਕ ਜੱਟ, ਬਾਬਾ ਬੁੱਢਾ ਜੀ, ਨੂੰ ਸੌਂਪੀ।

ਪੂਰਬਲੇ ਗੁਰੂ ਸਾਹਿਬਾਨ ਵੱਲੋਂ ਏਕਤਾ ਅਤੇ ਸਮਾਨਤਾ ਦੀ ਪਾਈ ਪਰਿਪਾਟੀ ਨੂੰ ਮਜ਼ਬੂਤ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕਰਦਿਆਂ ਸਾਰੇ ਅੰਮ੍ਰਿਤ ਅਭਿਲਾਖੀਆਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਅਤੇ ਆਪਣੇ ਪੈਰੋਕਾਰਾਂ ਨੂੰ ਜਾਤ ਪਾਤ ਦੀ ਵਲਗਣ ਵਿਚੋਂ ਕੱਢ ਕੇ *'ਮਾਨਸ ਕੀ ਜਾਤ ਸਭੈ ਏਕਾ ਪਹਿਚਾਣਬੋ'* ਦਾ ਸੰਦੇਸ਼ ਦਿੱਤਾ। ਸਿੱਖ ਸਮੂਹ ਵਿਚ ਜਾਤ ਦੇ ਭਿੰਨ ਭੇਦ ਨੂੰ ਮਹੱਤਵ ਦਿੱਤੇ ਬਿਨਾਂ ਸਭਨਾਂ ਨੂੰ ਇਕ ਸਮਾਨ ਸਮਝੇ ਜਾਣ ਦੀ

ਪਰਵਿਰਤੀ ਦਾ ਹੀ ਫਲ ਸੀ ਕਿ ਖੰਡੇ ਦਾ ਪਾਹੁਲ ਛਕਣ ਵਾਸਤੇ ਸੀਸ ਭੇਟ ਕਰਨ ਲਈ ਅੱਗੇ ਆਉਣ ਵਾਲੇ ਪੰਜ ਪਿਆਰਿਆਂ ਵਿਚੋਂ ਚਾਰ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਕ੍ਰਮਵਾਰ ਜੱਟ, ਛੀਂਬਾ, ਨਾਈ ਅਤੇ ਝਿਊਰ 'ਅਖੌਤੀ ਛੋਟੀਆਂ' ਜਾਤੀਆਂ ਵਿਚੋਂ ਸਨ, ਕੇਵਲ ਲਾਹੌਰ ਵਾਸੀ ਭਾਈ ਦਿਆ ਸਿੰਘ ਹੀ ਖੱਤਰੀ ਸੀ। ਇਉਂ ਗੁਰੂ ਗੋਬਿੰਦ ਸਿਘ ਜੀ ਨੇ ਆਪਣੇ ਕਥਨ ਨੂੰ ਅਮਲੀ ਰੂਪ ਦਿੱਤਾ।ਉਨ੍ਹਾਂ ਨੇ ਹਰ ਸਿੰਘ ਨੂੰ ਸਰਬ ਵਰਣ ਦਾ ਪੁੰਜ ਬਣਾ ਦਿੱਤਾ। ਭਜਨ ਬੰਦਗੀ ਕਰਦਿਆਂ ਸਿੱਖ ਬ੍ਰਾਹਮਣ ਸੀ ਅਤੇ ਜੰਗ ਵਿਚ ਦੁਸ਼ਮਣ ਦਾ ਮੁਕਾਬਲਾ ਕਰਦਿਆਂ ਕਸ਼ੱਤਰੀ। ਉਹ ਹੀ ਸਿੱਖ ਉਦਰ ਪੂਰਤੀ ਦਾ ਆਹਰ ਕਰਦਿਆਂ ਵੈਸ਼ ਸੀ ਅਤੇ ਆਪਣੇ ਨਿੱਜ ਵਾਂਗ ਆਪਣੇ ਆਲ਼ੇ ਦੁਆਲ਼ੇ ਦੀ ਸਾਫ ਸਫਾਈ ਕਰਦਿਆਂ ਸ਼ੂਦਰ। ਹਰ ਅਵਸਥਾ ਵਿਚ ਵਿਚਰਦਿਆਂ ਚੜ੍ਹਦੀ ਕਲਾ ਵਿਚ ਰਹਿਣਾ ਅਤੇ ਸਵੈਮਾਣ ਮਹਿਸੂਸ ਕਰਨਾ ਖਾਲਸਈ ਚਰਿੱਤਰ ਦਾ ਮਹੱਤਵਪੂਰਨ ਲੱਛਣ ਸੀ।ਇਸ ਪ੍ਰਸੰਗ ਵਿਚ ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਬੜਾ ਮਹੱਤਵਪੂਰਨ ਹੈ।ਭਾਈ ਕਾਨ੍ਹ ਸਿੰਘ ਅਨੁਸਾਰ "ਅੰਮ੍ਰਿਤ ਛਕਾਉਣ ਵੇਲੇ ਜੋ 'ਵਿਧਿ ਵਾਕਯ' ਉਪਦੇਸ਼ ਦੇ ਰੂਪ ਵਿਚ ਦੱਸਿਆ ਜਾਂਦਾ ਹੈ ਉਸ ਦਾ ਪਹਿਲਾ ਅਤੇ ਪੰਜਵਾਂ ਨੁਕਤਾ ਇਉਂ ਹੈ:

1. ਅੱਜ ਤੁਹਾਡਾ ਜਨਮ ਸਤਿਗੁਰੂ ਦੇ ਘਰ ਹੋਇਆ ਹੈ। ਪਿਛਲੀ ਜਾਤਿ ਪਾਤਿ, ਵਰਣ, ਗੋਤ ਔਰ ਮਜ਼ਹਬ ਆਦਿਕ ਸਭ ਮਿਟ ਗਏ ਹਨ। ਏਸ ਵਾਸਤੇ ਆਪਣਾ ਪਿਤਾ ਗੁਰੂ ਗੋਬਿੰਦ ਸਿੰਘ ਔਰ ਮਾਤਾ ਸਾਹਿਬ ਕੌਰ ਮੰਨ ਕੇ ਜਨਮ ਪਟਨੇ ਦਾ ਔਰ ਵਾਸੀ ਅਨੰਦਪੁਰ ਦੀ ਜਾਣਨੀ।

5. ਸਤਿਗੁਰੂ ਦੇ ਪੁੱਤ੍ਰ ਹੋਣ ਕਰ ਕੇ ਆਪ ਸਭ ਸਕੇ ਭਾਈ ਹੋ। ਏਸ ਲਈ ਖਾਨ, ਪਾਨ, ਬਰਤਨ ਬਿਵਹਾਰ ਆਦਿਕ ਦਾ ਵਰਤਾਉ ਆਪਸ ਵਿਚ ਭਾਈਆਂ ਜੇਹਾ ਕਰਨਾ। (ਹਮ ਹਿੰਦੂ ਨਹੀਂ, ਗਿਆਰਵੀਂ ਵਾਰ, ਅਪ੍ਰੈਲ 2015, ਸਿੰਘ ਬ੍ਰਦਰਜ਼ ਅੰਮ੍ਰਿਤਸਰ, ਪੰਨਾ 33)

ਇਸ ਸਮੇਂ ਦੀ ਸੋਚ ਨੂੰ ਭਾਈ ਸੰਤੋਖ ਸਿੰਘ ਨੇ ਇਉਂ ਸ਼ਬਦ ਰੂਪ ਦਿ'ਤਾ ਹੈ:

*ਜਾਤਿ ਪਾਤਿ ਕੋ ਭੇਦ ਨਾ ਕੋਈ।*
*ਚਾਰ ਵਰਣ ਅਚਵਹਿ ਇਕ ਹੋਈ।* (ਗੁਰ ਪ੍ਰਤਾਪ ਸੂਰਜ, ਰੁਤ 5, ਅੰਸੂ 25) ਅਤੇ
*ਬਰਨ ਜਾਤਿ ਕੋ ਦੂਰ ਧਰ ਐਸੋ ਸਿੱਖ ਸੋ ਲਖੁ।*(ਉਹੀ ਸਥਾਨ) ਅਤੇ
*ਜਾਤ ਬਰਣ ਕੀ ਕਾਨ ਤਜਿ ਮਿਲਹਿ ਖਾਲਸੇ ਸੰਗ।*(ਉਹੀ ਸਥਾਨ)

ਸਪਸ਼ਟ ਹੈ ਕਿ ਅੰਮ੍ਰਿਤ ਛਕਣ ਦੇ ਸਭਨਾਂ ਅਭਿਲਾਖੀਆਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਅਭੇਦਤਾ ਵਰਤਾਈ ਪਰ ਜਾਤ ਅਭਿਮਾਨੀ ਸਿੱਖਾਂ ਨੇ ਆਪਣੇ ਆਪ ਨੂੰ ਨਿਵੇਕਲੇ ਦਰਸਾਉਣ ਲਈ ਉਨ੍ਹਾਂ ਲਈ ਨਵੀਆਂ ਸੰਗਿਆਵਾਂ 'ਰਹਿਤੀਆ', 'ਮਜ਼੍ਹਬੀ ਸਿੱਖ' ਆਦਿ ਘੜ ਲਈਆਂ।ਉਂਝ ਤਾਂ ਰਹਿਤੀਆ ਦਾ ਸਿੱਧਾ ਅਰਥ ਬਣਦਾ ਹੈ 'ਸਿੱਖ ਧਰਮ ਦੇ ਨਿਯਮਾਂ ਦੀ ਪਾਲਣਾ ਕਰਨ ਵਾਲਾ' ਪਰ ਭਾਈ ਕਾਨ੍ਹ ਸਿੰਘ ਨਾਭਾ ਕਰਤਾ ਮਹਾਨ ਕੋਸ਼ ਅਨੁਸਾਰ "ਸਿੱਖ ਧਰਮ ਦੇ ਨਿਯਮਾਂ ਦੀ ਪਾਬੰਦੀ ਵਾਲਾ; ਚਮਾਰ ਜਾਤਿ ਤੋਂ ਜਿਸ ਨੇ ਸਿੱਖ ਧਰਮ ਧਾਰਨ ਕੀਤਾ ਹੈ ਉਸ ਨੂੰ ਭੀ ਰਹਿਤੀਆ ਆਖਦੇ ਹਨ।" ਇਉਂ ਹੀ ਭਾਈ ਕਾਨ੍ਹ ਸਿੰਘ ਅਨੁਸਾਰ "ਖਾਲਸਾ ਧਰਮ ਧਾਰਨ ਕਰਨ" ਵਾਲੇ ਸਿੰਘ ਦੀ ਸੰਗਯਾ ਹੈ ਮਜਹਬੀ ਪਰ "ਜਾਤਿ ਅਭਿਮਾਨੀ ਸਿੱਖਾਂ ਨੇ ਚੂੜ੍ਹਿਆਂ ਵਿਚੋਂ ਖਾਲਸਾ ਧਰਮ ਧਾਰਨ ਕਰਨ ਵਾਲਿਆਂ ਦੀ, ਖਾਸ ਕਰਕੇ ਮਜਹਬੀ ਸੰਗਯਾ ਥਾਪ ਲਈ ਹੈ।" ਕਰਮ ਸਿੰਘ ਹਿਸਟੋਰੀਅਨ ਅਨੁਸਾਰ ਸਿੱਖਾਂ ਦੀ ਬੋਲ ਚਾਲ ਵਿਚ ਜਿਹਨਾਂ ਨੂੰ ਪਹਿਲਾਂ ਰੰਘਰੇਟੇ ਕਿਹਾ ਕਰਦੇ ਸਨ, ਉਹੀ ਅੱਜ ਕੱਲ ਮਜ਼੍ਹਬੀ ਸਿੱਖ ਅਖਵਾਉਂਦੇ ਹਨ। (ਇਤਿਹਾਸਿਕ ਖੋਜ, ਪੰਨਾ 155)

ਭਾਵੇਂ ਸਮਾਜ ਦੇ ਪਛੜੇ ਵਰਗ ਨਾਲ ਸੰਬੰਧਤ ਇਨ੍ਹਾਂ ਗੁਰ ਸਿੱਖਾਂ ਨੇ ਗੁਰੂ ਘਰ ਪ੍ਰਤਿ ਆਪਣੀ ਸਮਰਪਣ ਭਾਵਨਾ ਵਿਚ ਕਮੀ ਨਹੀਂ ਆਉਣ ਦਿੱਤੀ ਪਰ ਇਸ ਦੇ ਬਾਵਜੂਦ ਆਪਣੇ ਆਪ ਨੂੰ ਸਵਰਨ ਜਾਤੀ ਸਮਝਣ ਵਾਲੇ ਗੁਰੂ-ਬੰਸਜਾਂ ਦੇ ਮਨ ਵਿਚੋਂ ਨਿਮਨ ਜਾਤੀ ਦੇ ਵਿਅਕਤੀਆਂ ਪ੍ਰਤਿ ਤ੍ਰਿਸਕਾਰ ਦੀ ਭਾਵਨਾ ਲੁਪਤ ਨਹੀਂ ਹੋਈ। ਉਨ੍ਹਾਂ ਦੀ ਅਜਿਹੀ ਸੋਚ ਦਸਮ ਪਿਤਾ ਦੇ ਸਮੇਂ ਇਸ

ਵਰਗ ਨਾਲ ਸੰਬੰਧਤ ਵਿਅਕਤੀਆਂ ਦੇ ਅਮਲਾਂ ਵਿਚੋਂ ਦਿਖਾਈ ਦਿੱਤੀ। ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਤੋਂ ਅਗਲੇ "ਦੀਪ ਮਾਲ ਕੇ ਮੇਲੇ ਪਰ ਸਬ ਲੋਗ ਬੁਲਾਵਨ ਕੀਏ" ਤਾਂ "ਦੇਸ ਦੇਸ ਤੇ ਸਿੰਘ ਚੱਲ ਆਏ। " ਇਸ ਸਮੇਂ "ਚਾਰੋਂ ਬੰਸ ਅੰਸ ਗੁਰ ਆਏ। " ਇਸ ਸਮੇਂ ਅੱਗੋਂ ਕੀ ਵਾਪਰਿਆ ਇਸ ਬਾਰੇ ਗਿਆਨੀ ਜੀ ਦੇ ਸ਼ਬਦਾਂ ਵਿਚ ਹੀ ਪੜ੍ਹੋ:

*ਬੇਦੀ ਤ੍ਰੇਹਣ ਭਲੇ ਸੋਢੀ ਜੋ ਥੇ ਗੁਰ ਢਿਗ ਆਏ।*
*ਅੰਮ੍ਰਿਤ ਖੰਡੇ ਕਾ ਛਕਨੇ ਹਿਤ ਗੁਰੂ ਕਹਯੋ ਤਿਨ ਤਾਏ।*
*"ਸਜ ਸਿੰਘ, ਮੁਖੀਏ ਬਨੋ ਪੰਥ ਕੇ, ਦੀਨ ਦੁਨੀ ਲਿਹੁ ਸ਼ਾਹੀ। "*

ਤਾਂ ਅੱਗੋਂ ਆਪਣੇ ਆਪ ਨੂੰ ਉੱਚੀ ਜਾਤ ਸਮਝਣ ਵਾਲੇ ਬੇਦੀ, ਤ੍ਰੇਹਣ, ਭੱਲੇ ਅਤੇ ਸੋਢੀ:

*ਨੈਨ ਤੁਰਸ਼ ਕਰ ਬੋਲੇ, "ਸੋ ਕਿਆ ਹਮ ਹੈਂ ਅਗੇ ਪਾਹੀ।*
*"ਨਾਈ, ਝੀਵਰ, ਛੀਂਬੇ, ਨਾਈ ਸੰਗ ਖਵਾ ਕੇ ਸਾਨੂੰ।*
*"ਸ਼ੰਕਰ ਵਰਨ ਕਰਯੋ ਚਹਿ ਨਿਜ ਸਮ, ਇਹੁ ਸਿਖਯਾ ਦੇਹੁ ਕਾਨੂੰ।*
*"ਹਮ ਹੈਂ ਖਤ੍ਰੀ, ਉਤਮ ਜਾਤੀ, ਜਨਮੇ ਗੁਰ ਕੁਲ ਮੇਂ ਹੈਂ।*
*"ਪੰਥ ਤੁਮਾਰੇ ਸ਼ੂਦਰ ਸਿਉਂ ਮਿਲ, ਹਮ ਕਿਉਂ ਸ਼ੂਦਰ ਥੈ ਹੈਂ। "*

ਜਦ ਖੁਦ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਇਨ੍ਹਾਂ 'ਉੱਚ ਵਰਗ' ਵਿਅਕਤੀਆਂ ਦਾ ਵਤੀਰਾ ਅਜਿਹਾ ਸੀ ਤਾਂ ਇਹ ਅਨੁਮਾਨ ਲਾਉਣਾ ਕਠਨ ਨਹੀਂ ਕਿ ਸ੍ਰੀ ਹਰਿ ਮੰਦਰ ਸਾਹਿਬ, ਅੰਮ੍ਰਿਤਸਰ, ਜਿਸ ਦਾ ਪ੍ਰਬੰਧ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੀ ਵੱਲੋਂ 1635 ਈਸਵੀ ਵਿਚ ਅੰਮ੍ਰਿਤਸਰ ਦੀ ਥਾਂ ਕੀਰਤਪੁਰ ਵਿਚ ਨਿਵਾਸ ਕਰ ਲੈਣ ਉਪਰੰਤ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਦੀ ਬੰਸ ਦੇ ਸੋਢੀਆਂ, ਜਿਨ੍ਹਾਂ ਦੇ ਗੁਰਮਤਿ ਵਿਰੋਧੀ ਵਿਵਹਾਰ ਕਾਰਨ ਉਨ੍ਹਾਂ ਨੂੰ 'ਮੀਣਿਆਂ' ਦੀ ਸੰਗਿਆ ਦਿੱਤੀ ਗਈ, ਨੇ ਸੰਭਾਲ ਲਿਆ ਸੀ, ਵਿਚ ਕੀ ਸਥਿਤੀ ਹੋਵੇਗੀ? ਯਕੀਨਨ ਮੀਣਿਆਂ ਦੇ ਪ੍ਰਬੰਧ ਦੌਰਾਨ ਅਖੌਤੀ ਛੋਟੀਆਂ ਜਾਤੀਆਂ ਦੇ ਵਿਅਕਤੀਆਂ ਨੂੰ ਇਸ ਪਵਿੱਤਰ ਅਸਥਾਨ ਦੇ ਨੇੜ ਫੜਕਣ ਵੀ ਨਹੀਂ ਦਿੱਤਾ ਗਿਆ ਹੋਵੇਗਾ। ਸੋਢੀਆਂ ਦੇ ਅਜਿਹੇ ਰਵਈਏ ਨੇ ਜਨ ਸਾਧਾਰਨ ਦੇ ਮਨ ਵਿਚ ਉਨ੍ਹਾਂ ਪ੍ਰਤਿ ਤ੍ਰਿਸਕਾਰ ਦੀ ਭਾਵਨਾ ਪੈਦਾ ਕੀਤੀ ਜਿਸ ਦਾ ਪ੍ਰਗਟਾਵਾ ਲੋਕ ਉਕਤੀ *'ਸੱਪੋਂ, ਸ਼ੀਹੋਂ, ਸੋਢੀਓਂ ਬਖਸ਼ ਲਵੀਂ ਕਰਤਾਰ'* ਵਿਚੋਂ ਪ੍ਰਗਟ ਹੁੰਦਾ ਹੈ। ਇਹੋ ਕਾਰਨ ਸੀ ਕਿ ਜਦ ਭਾਈ ਜੈਤਾ ਜੀ ਨੇ ਦਿੱਲੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆ ਕੇ ਦਸਮ ਪਿਤਾ ਦੇ ਦਰਬਾਰ ਵਿਚ ਪੇਸ਼ ਕੀਤਾ ਅਤੇ ਉਸ ਦੀ ਬਹਾਦਰੀ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਉਸ ਨੂੰ ਕੁੱਝ ਮੰਗਣ ਲਈ ਆਖਿਆ ਤਾਂ ਇਸ ਮੌਕੇ ਇਸ ਬਹਾਦਰ ਰੰਘਰੇਟੇ ਨੇ ਸ੍ਰੀ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਦੀ ਬਖਸ਼ਿਸ਼ ਮੰਗੀ ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਸਹਿਮਤੀ ਪ੍ਰਗਟਾਈ ਅਤੇ ਇੱਛਾ ਪੂਰਤੀ ਦਾ ਵਰਦਾਨ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭਾਈ ਜੈਤਾ ਜੀ ਦੀ ਇਸ ਬੇਨਤੀ ਨੂੰ ਪ੍ਰਵਾਨ ਕੀਤੇ ਜਾਣ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਕੰਕਣ ਤੋਂ ਬਿਨਾਂ ਹੋਰ ਕਿਸੇ ਦੁਆਰਾ ਕੀਤਾ ਸ਼ਾਇਦ ਹੀ ਮਿਲਦਾ ਹੋਵੇ। ਇੱਥੋਂ ਤਕ ਕਿ ਇਸ ਘਟਨਾ ਦੇ ਪਾਤਰ ਖੁਦ ਭਾਈ ਜੈਤਾ ਜੀ, ਜਿਨ੍ਹਾਂ ਨੂੰ ਭਾਈ ਜੀਵਨ ਸਿੰਘ ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਹੈ, ਦੀ ਰਚਨਾ ਮੰਨੀ ਜਾਂਦੀ ਲਿਖਤ ਕਾਵਿ-ਗ੍ਰੰਥ "ਸ੍ਰੀ ਗੁਰ ਕਥਾ" ਵਿਚ ਵੀ ਇਸ ਦਾ ਜ਼ਿਕਰ ਨਹੀਂ ਮਿਲਦਾ। ਭਾਈ ਜੀਵਨ ਸਿੰਘ ਨੇ ਆਪਣੀ ਰਚਨਾ ਵਿਚ ਇਸ ਮੌਕੇ ਦਾ ਬਿਆਨ ਇਹਨਾਂ ਸ਼ਬਦਾਂ ਵਿਚ ਕੀਤਾ ਹੈ:

*ਜਯਤੇ ਤਾਰਣਹਾਰ ਗੁਰੂ ਤਾਰ ਦੀਏ ਰੰਘਰੇਟੜੇ।*
*ਗੁਰ ਪਾਰਸ ਨੇ ਕਰ ਦੀਏ ਰੰਘਰੇਟੜੇ ਗੁਰ ਬੇਟੜੇ॥51॥*

ਪਰ ਭਾਈ ਕੰਕਣ ਅਨੁਸਾਰ ਭਾਈ ਜੈਤਾ ਦੀ ਬੇਨਤੀ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਪ੍ਰਸੰਨਤਾ ਸਹਿਤ ਉਸ ਦੇ ਸਮੁੱਚੇ ਭਾਈਚਾਰੇ ਨੂੰ ਖਾਲਸਾ ਪੰਥ ਵਿਚ ਬਰਾਬਰ ਦਾ ਭਾਈਵਾਲ ਮੰਨਦਿਆਂ ਸਰੋਵਰ ਦੀ ਇਕ ਬਾਹੀ ਦੇ ਅਧਿਕਾਰੀ ਐਲਾਨਿਆ। ਕੰਕਣ ਕਵੀ ਦੇ ਸ਼ਬਦਾਂ ਵਿਚ:

*ਮਜ਼ਬੀ ਉਪਰ ਸਤਿਗੁਰੂ ਐਸੀ ਕਿਰਪਾ ਕੀਨ।*
*ਸ੍ਰੀ ਅੰਮ੍ਰਿਤਸਰ ਤਾਲ ਕੀ ਚੌਥੀ ਬਾਹੀ ਦੀਨ।*

ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਇੰਨ ਬਿੰਨ ਇਹੋ ਸ਼ਬਦ "ਸ੍ਰੀ ਅੰਮ੍ਰਿਤਸਰ ਤਾਲ ਕੀ ਚੌਥੀ ਬਾਹੀ ਦੀਨ" ਨਿਕਲੇ ਹੋਣ, ਮੰਨਣਯੋਗ ਨਹੀਂ। ਸਰਬੱਤ ਖਾਲਸੇ ਵਿਚ ਅਭੇਦਤਾ ਵਰਤਾਉਣ ਵਾਲੇ ਗੁਰੂ ਨੇ ਯਕੀਨਨ ਰੰਘਰੇਟਿਆਂ ਨੂੰ ਪਵਿੱਤਰ ਸਰੋਵਰ ਦੇ ਕਿਸੇ ਇਕ ਪਾਸੇ ਦੀ ਵਰਤੋਂ ਦਾ ਅਧਿਕਾਰੀ ਨਹੀਂ ਸਗੋਂ ਸਮੁੱਚ ਵਿਚ ਭਾਈਵਾਲ ਬਣਾਇਆ ਹੋਵੇਗਾ। ਸੰਭਵਤਾ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਨੂੰ ਸਹੀ ਪਰਿਪੇਖ ਵਿਚ ਨਾ ਸਮਝ ਸਕਣ ਕਾਰਨ ਜਾਂ ਸਮਕਾਲੀ ਗੁਰੂ-ਬੰਸਜਾਂ ਦੇ ਪ੍ਰਭਾਵ ਹੇਠ ਕਵੀ ਕੰਕਣ ਨੇ ਇਸ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਕੀਤੀ। ਪਰ ਹੈਰਾਨੀ ਦੀ ਗੱਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਹੁਕਮ ਦੀ ਲੋਅ ਵਿਚ ਗੁਰੂ-ਬੰਸੱ ਰੰਘਰੇਟਿਆਂ ਅਥਵਾ ਮਜ਼੍ਹਬੀ ਸਿੱਖਾਂ ਨੂੰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਦੀ ਸੁਵਿਧਾ ਦੇਣੀ ਤਾਂ ਮੰਨ ਗਏ ਪਰ ਇਸ ਮਨੋਰਥ ਲਈ ਸਰੋਵਰ ਦੀ ਬਾਹੀ ਦੇਣ ਦੀ ਥਾਂ ਕੇਵਲ ਅੱਧੀ ਬਾਹੀ ਦੀ ਵਿਵਸਥਾ ਕੀਤੀ ਗਈ। ਇਹ ਅੱਧੀ ਬਾਹੀ ਸਰੋਵਰ ਦੀ ਦੱਖਣੀ ਬਾਹੀ ਦਾ ਅੱਠ ਸੱਠ ਤੀਰਥ ਤੋਂ ਲੈ ਕੇ ਸ਼ਹੀਦ ਬੁੰਗਾ ਵਾਲੇ ਮੋੜ ਤਕ ਦਾ ਹਿੱਸਾ ਸੀ। ਸੋਢੀਆਂ ਦੀ ਚਾਲ ਤੋਂ ਅਣਜਾਣ ਮਜ਼ਹਬੀ ਸਿੰਘਾਂ ਨੇ ਇਸ ਵੰਡ ਨੂੰ ਦਸ਼ਮੇਸ਼ ਪਿਤਾ ਦਾ ਵਰਦਾਨ ਮੰਨਦਿਆਂ ਖੁਸ਼ੀ ਖੁਸ਼ੀ ਪ੍ਰਵਾਨ ਕੀਤਾ ਅਤੇ ਇਸ ਪਾਸੇ ਹੀ ਆਪਣਾ ਬੁੰਗਾ ਉਸਾਰਿਆ।

ਸਚਾਈ ਇਹ ਹੈ ਕਿ ਗੁਰੂ ਅੰਸ਼ ਸੋਢੀਆਂ, ਬੇਦੀਆਂ ਨੇ ਸਿੱਖ ਸਮਾਜ ਵਿਚ ਊਚ ਨੀਚ ਦੀ ਭਾਵਨਾ ਨੂੰ ਹਲਾਸ਼ੇਰੀ ਦੇਣ ਵਿਚ ਕੋਈ ਕਸਰ ਨਹੀਂ ਛੱਡੀ। ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਵਰਤਿਆ ਸ਼ਬਦ "ਜਾਤ ਅਭਿਮਾਨੀ" ਸ਼ਾਇਦ ਇਨ੍ਹਾਂ ਲੋਕਾਂ ਬਾਰੇ ਹੀ ਹੈ। ਭਾਈ ਕੇਸਰ ਸਿੰਘ ਛਿੱਬਰ ਨੇ ਆਪਣੇ ਗ੍ਰੰਥ "ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ" ਵਿਚ ਅਜਿਹੀ ਇਕ ਘਟਨਾ ਦਾ ਬਿਆਨ ਕੀਤਾ ਹੈ। ਗ੍ਰੰਥ ਕਰਤਾ ਦਾ ਪਿਤਾ ਮਾਤਾ ਸੁੰਦਰੀ ਜੀ ਵੱਲੋਂ ਦਰਬਾਰ ਸਾਹਿਬ ਦਾ ਵਿਗੜਿਆ ਪ੍ਰਬੰਧ ਸੁਧਾਰਨ ਲਈ ਦਿੱਲੀ ਤੋਂ ਭੇਜੇ ਮਾਮਾ ਕਿਰਪਾਲ ਸਿੰਘ ਦੇ ਜੱਥੇ ਵਿਚ ਸ਼ਾਮਲ ਸੀ ਅਤੇ ਉਸ ਨੇ ਅੰਮ੍ਰਿਤਸਰ ਆ ਕੇ ਦੀਵਾਨ ਵਜੋਂ ਜ਼ਿੰਮੇਵਾਰੀ ਨਿਭਾਈ ਸੀ। ਬਾਲ ਕੇਸਰ ਸਿੰਘ ਆਪਣੇ ਪਿਤਾ ਨਾਲ ਅੰਮ੍ਰਿਤਸਰ ਆਇਆ ਅਤੇ ਲੰਮਾ ਸਮਾਂ ਇਥੇ ਰਿਹਾ। ਇਉਂ ਗ੍ਰੰਥ ਕਰਤਾ ਦੀ ਭਰੋਸੇ ਯੋਗਤਾ ਅਤੇ ਘਟਨਾ ਦੇ ਮਹੱਤਵ ਕਾਰਨ ਇਸ ਘਟਨਾ ਦਾ ਬਿਆਨ ਗ੍ਰੰਥ ਕਰਤਾ ਦੇ ਸ਼ਬਦਾਂ ਵਿਚ ਪੜ੍ਹਨਾ ਉਚਿੱਤ ਹੋਵੇਗਾ। ਭਾਈ ਕੇਸਰ ਸਿੰਘ ਛਿੱਬਰ ਨੇ ਲਿਖਿਆ ਹੈ:

ਕਾਨ ਸਿੰਘ ਤ੍ਰਿਹਨ ਗੋਇੰਦਵਾਲੋਂ ਗੁਰੂ ਕੀ ਆਉਲਾਦ।
ਸਿਰਦਾਰ ਸਿਖ ਆਇ ਬੈਠਾ ਬੁੰਗੇ ਆਪ।
*ਸਿਖ ਵਾਸੀਆ ਦੇ ਮੇਲੇ ਉਪਰਿ ਪਰਦਖਣਾ ਦੇਂਦੇ ਆਏ।*
*ਇਕ ਸਿਖ ਸਨਮੁਖ ਜਾਂਦਾ ਸਿਖਾਂ ਨੂੰ ਮਿਲਿਆ ਗਲਿ ਆਏ।*
*ਸਿਖ ਉਸ ਨੂੰ ਗਲਿ ਮਿਲੇ ਪਿਆਰ ਨਾਲ ਧਾਇ।*
*ਕਰਿ ਕਰਿ ਪ੍ਰੀਤ ਅਧਕਾਇ।*
*ਜਦਿ ਮਿਲ ਗਿਲ ਜੁਦਾ ਹੋਇ ਫੁਟੈ।*
*ਕਾਨ ਸਿੰਘ ਜੀ ਹੋਰਾਂ ਡਿਠਾ ਉਸ ਨੂੰ ਜਾ ਸਭਾ ਸਿਖ ਮੁਟੈ।5।*
*ਭੇਜੇ ਆਦਮੀ ਸੋ ਸਿਖ ਬੁਲਾਇਆ।*
*ਕਾਨ ਸਿੰਘ ਜੀ ਹੋਰਾਂ ਪੁਛਿਆ ਸਿਖਾ ਤੂ ਕਉਨ ਸਿਖ ਕੀ ਜਾਤਿ ਕਹਾਇਆ।*
*ਸਿਖ ਬਹੁਤੁ ਸਰਮਿੰਦਾ ਹੋਇ ਖਲੋਤਾ।*
*ਫਿਰ ਸਿੰਘ ਜੀ ਹੋਰਾਂ ਆਖਿਆ ਸਿਖਾ ਤੂ ਕਉਨ ਸਿਖ ਹੋਤਾ।6।*
*ਤਬ ਤਿਨ ਕਹਿਆ ਜੀ ਮੈਂ ਸਿਖ ਹਾਂ ਮਜਬੀ।*
*ਤਬ ਸਿੰਘ ਜੀ ਹੋਰਾਂ ਓਹ ਸਿਖ ਸਦਿ ਭੇਜੇ ਤਦਬੀ।*

*ਓਹੁ ਸਿਖ ਵਾਸੀਆ ਵਾਲੇ ਸਭੇ ਆਏ।*
*ਜੇਹੜੇ ਗਲਿ ਮਿਲੇ ਆਹੇ ਧਾਇ ਧਾਇ।7।*
*ਬਚਨ ਕੀਤਾ ਭਾਈ ਸਿਖੋ ਏਸ ਸਿਖ ਦੇ ਤੁਸੀਂ ਮਹਰਮੁ ਹੋ।*
*ਤਿਨਾਂ ਕਹਿਆ ਜੀ ਆਹੋ।*
*ਬਚਨ ਕੀਤਾ ਏਹੁ ਕਉਨ ਸਿਖ ਹੈ ਕਿਆ ਇਸਦੀ ਹੈ ਜਾਤਿ।*
*ਤਿਨਾਂ ਕਹਿਆ ਜੀ ਜਿਮੀਦਾਰੁ ਸਿਖ ਸੰਧੂ ਕਹਾਤਿ।8।*
*ਤਬ ਤਿਨਾਂ ਸਿਖਾਂ ਦੇ ਰੋਬਰੋ ਫੇਰ ਸਿਖ ਨੂੰ ਪੁਛਿਆ।*
*ਭਾਈ ਸਿਖਾ ਕੀ ਜਾਤਿ ਹੈ ਤੇਰੀ।*
*ਤਿਨ ਮਜਬੀ ਦਸਿਆ।*
*ਸਿਖ ਵਾਸੀ ਵਾਲੇ ਸੁਣ ਕੇ ਭਏ ਹੈਰਾਨ।*
*ਤਿਨਾਂ ਸਿਖਾਂ ਕਹਿਆ ਜੀ ਇਸ ਅਸਾਡੇ ਨਾਲ ਵਰਤਨਿ ਕੀਤੀ ਹੈ ਖਾਨ ਪਾਨ।9।*
*ਸਭਨਾ ਸਿਖਾਂ ਚੌਕੇ ਬਹਾਇ ਪ੍ਰਸਾਦਿ ਹੈ ਖਵਾਇਆ।*
*ਥਾਲੀ ਵਿਖਿ ਪ੍ਰਸਾਦੁ ਕਟੋਰੇ ਪਾਣੀ ਹੈ ਪੀਵਾਇਆ।*
*ਇਸ ਸਿਖ ਨੇ ਕਹਿਆ ਮੈਂ ਜਿਮੀਦਾਰ ਸਿਖ ਹਾਂ ਵਾਸੀ ਮੇਰੀ ਅੰਮ੍ਰਿਤਸਰੁ।*
*ਸਿਖਾਂ ਸਭਨਾ ਟਹਲਿ ਹੈ ਕੀਤੀ ਪ੍ਰਸਾਦੁ ਘਰਿ ਬਘਰਿ।10।*
*ਸਿੰਘ ਜੀ ਹੋਰਾਂ ਕਹਿਆ ਕਿਉਂ ਭਾਈ ਤੂ ਏਹੁ ਕਿਆ ਕਰਤ ਭਇਆ।*
*ਤਿਨ ਕਹਿਆ ਜੀ ਮੈਂ ਭੁਲ ਹਾਂ ਗਇਆ।*
*ਬਚਨ ਕੀਤਾ ਤੂ ਨਹੀਂ ਭੁਲਾ ਭੁਲੇ ਹੈਨ ਏਹੁ।*
*ਇਨਾ ਬਿਰਦ ਗੁਰੂ ਕਾ ਹੈ ਡਿਠਾ ਨਹੀਂ ਡਿਠੀ ਤੇਰੀ ਦੇਹ।11।*
*ਭਾਈ ਸਿਖਾ ਤੂ ਕੀਕੂ ਭੁਲ ਹੈਂ ਗਇਆ।*
*ਤੁਧ ਅਪਨਾ ਮਾਤਾ ਪਿਤਾ ਭੈਣ ਭਾਈ ਸਰੀਕ ਸਕਾ ਦੇਖ ਨਹੀਂ ਲਇਆ।*
*ਜਿਨਾਂ ਦੇ ਘਰਿ ਤੂ ਜੰਮਿਆ ਵਡਾ ਹੋਇਕੇ ਖਾਂਦਾ ਪੀਂਦਾ ਵਰਤਦਾ ਰਹਿਆ।*
*ਓਹ ਤੈਨੂ ਅਪਨਾ ਪਰੁਵਾਰੁ ਅਤੇ ਜਨਮੁ ਭੁਲ ਕੀਕੂ ਗਇਆ।12।*
*ਭੁਲੈ ਹੈਨ ਸਿਖ ਗੁਰੂ ਕਾ ਬਿਰਦੁ ਪਛਾਨ।*
*ਤੂ ਕਿਉਂ ਭੁਲਾ ਤੂ ਤਾ ਆਹੋ ਸੁਜਾਨ।*
*ਤੁਧ ਜਾਣਿ ਬੁਝ ਕੇ ਏਹੁ ਕੰਮ ਹੈ ਕੀਤਾ।*
*ਭੁਲੇ ਹੈਨ ਸਿਖ ਜਿਨਾ ਬਿਰਦ ਗੁਰੂ ਕਾ ਦੇਖ ਲੀਤਾ।13।*
*ਬਿਰਦ ਪਿਛੇ ਸਿਖ ਹੈਨ ਭੁਲੇ ਸੋ ਬਿਰਦ ਗੁਰੂ ਕੀ ਦੇਹ।*
*ਫੇਰ ਕੋਈ ਐਸੀ ਕਰੇ ਨ ਏਹ।*
*ਬੁਲਾਇ ਨਾਈ ਤਿਸ ਦੇ ਕੇਸ ਲਹਾਏ।*
*ਚਾੜਿ ਖਰਿ ਦਿਤਾ ਨਗਰ ਫਿਰਾਏ।14।*
*ਸਰ ਟੁਡੇ ਦੇ ਸੋ ਫਾਸੀ ਲਾਇਆ।*
*ਅਤੇ ਸਿਖਾਂ ਵਾਸੀ ਵਾਲਿਆਂ ਨੂੰ ਇਹ ਬਚਨ ਸੁਨਾਇਆ।*
*ਤੁਸੀਂ ਕਰੋ ਜਗੁ ਗੁਰਪੁਰਬੁ ਪ੍ਰਸਾਦ।*
*ਤੁਸੀਂ ਭੁਲੇ ਗੁਰੂ ਦੇ ਬਿਰਦ ਪਿਛੇ, ਤੁਸਾਂ ਨੂੰ ਕੁਛ ਨਹੀ ਇਸਦਾ ਦਾਗੁ।15।*
*ਇਸ ਗਾਲਿ ਦੀ ਚਰਚਾ ਵਾਸੀ ਵਿਚ ਕਿਸੇ ਨਹੀ ਕਰਣੀ।*
*ਸਿਖਾਂ ਦੀ ਮਤਿ ਹਿਰਦੇ ਧਰਣੀ।*
*ਤੁਰਕ ਹੈਨਿ ਹੁਜਤੀ ਕੋਈ ਹੁਜਤ ਨ ਉਠ ਖਲੋਵੈ।*
*ਵਾਸੀ ਵਿਚ ਇਸ ਗਲਿ ਦੀ ਚਰਚਾ ਮੂਲ ਨ ਹੋਵੈ।16।*

*ਸਭਨਾ ਸਿਖਾਂ ਕਹਿਆ ਜੀ ਬਹੁਤੁ ਹਛਾ ਕੀਤਾ ਇਸ ਨੂੰ ਦਿਤੀ ਸਜਾਇ।*
*ਬਹੁੜ ਨ ਕੋਈ ਐਸਾ ਕਰਮੁ ਕਮਾਇ।*

ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ 'ਮਜ਼੍ਹਬੀ ਸਿੱਖ' ਨੂੰ ਸਜ਼ਾ ਦੇਣ ਵਾਲਾ ਭਾਈ ਕਾਨ੍ਹ ਸਿੰਘ ਤ੍ਰੇਹਨ ਕੋਈ ਐਰਾ ਗੈਰਾ ਸਿੱਖ ਨਹੀਂ ਸੀ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਦੱਖਣ ਜਾਣ ਵਾਲੇ ਜੱਥੇ ਵਿਚ ਸ਼ਾਮਲ ਸੀ ਅਤੇ ਦਸਮੇਸ਼ ਪਿਤਾ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਸਮੇਂ ਬਾਬਾ ਜੀ ਨਾਲ ਭੇਜੇ ਪੰਜ ਸਿੱਖਾਂ ਵਿਚੋਂ ਇਕ ਸੀ। ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਰਲ ਕੇ ਮੁਗਲ ਫੌਜਾਂ ਨਾਲ ਲੋਹਾ ਲਿਆ ਸੀ। ਉਹ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ 'ਗੁਰੂ ਡੰਮ' ਦਾ ਵਿਖਾਵਾ ਕੀਤੇ ਜਾਣ ਦਾ ਵਿਰੋਧ ਕਰਨ ਵਾਲੇ ਤੱਤ ਖਾਲਸਾ ਦੇ ਆਗੂਆਂ ਵਿਚੋਂ ਸੀ ਅਤੇ ਇਸ ਮਤ-ਵਿਰੋਧ ਕਾਰਨ ਬਾਬਾ ਬੰਦਾ ਬਹਾਦਰ ਦਾ ਸਾਥ ਛੱਡ ਗਿਆ ਸੀ। ਮੁਗਲ ਸਰਕਾਰ ਨੇ ਸਿੱਖਾਂ ਵਿਚ ਦੁਫਾੜ ਪਾਉਣ ਦੇ ਮੰਤਵ ਨਾਲ ਪਹਿਲਾਂ ਦਸੰਬਰ 1711 ਵਿਚ ਮਾਤਾ ਸੁੰਦਰੀ ਦੇ ਗੋਦ ਲਏ ਪੁੱਤਰ ਅਜੀਤ ਸਿੰਘ ਨੂੰ ਹਰਿਮੰਦਰ ਸਾਹਿਬ ਦਾ ਮਾਲਕ ਐਲਾਨਿਆ ਸੀ ਅਤੇ ਫਿਰ ਉਸ ਦੀ ਮੌਤ ਪਿੱਛੋਂ ਇਹ ਅਧਿਕਾਰ ਭਾਈ ਕਾਨ੍ਹ ਸਿੰਘ ਤ੍ਰੇਹਨ ਨੂੰ ਦਿੱਤੇ ਸਨ। ਇਹ ਘਟਨਾ ਇਸ ਸਮੇਂ ਵਿਚ ਹੀ ਵਾਪਰੀ ਹੋਵੇਗੀ। ਸੰਭਵਤਾ ਇਹੋ ਦਿਨ ਸਨ ਜਦ ਮਜ਼੍ਹਬੀ ਸਿੱਖਾਂ ਦੇ ਦਰਬਾਰ ਸਾਹਿਬ ਵਿਚ ਦਾਖਲੇ ਨੂੰ ਨਿਯਮ ਬਧ ਕੀਤਾ ਗਿਆ। ਉਨ੍ਹਾਂ ਲਈ ਲਾਜ਼ਮੀ ਕੀਤਾ ਗਿਆ ਕਿ ਉਹ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਵਾਸਤੇ ਸਰੋਵਰ ਦੇ ਇਸ ਹਿੱਸੇ ਦੀ ਹੀ ਵਰਤੋਂ ਕਰਨ। ਸਭ ਤੋਂ ਅਫਸੋਸਨਾਕ ਗੱਲ ਇਹ ਸੀ ਕਿ ਮਜ਼੍ਹਬੀ ਸਿੱਖ ਔਰਤਾਂ ਵੀ ਸਰੋਵਰ ਦੇ ਇਸੇ ਭਾਗ ਵਿਚ ਖੁੱਲ੍ਹੇ ਅਸਮਾਨ ਹੇਠ ਇਸ਼ਨਾਨ ਕਰਨ ਲਈ ਮਜਬੂਰ ਸਨ ਅਤੇ ਉਨ੍ਹਾਂ ਨੂੰ ਔਰਤਾਂ ਦੇ ਇਸ਼ਨਾਨ ਕਰਨ ਲਈ ਬਣਾਏ ਪੋਣਿਆਂ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਸੀ।

ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਦੇ ਮਾਮਲੇ ਵਿਚ ਵੀ 'ਅਛੋਤੀ' ਛੋਟੀਆਂ ਜਾਤਾਂ ਨੂੰ ਨੀਵਾਂ ਵਿਖਾਉਣ ਲਈ ਉਨ੍ਹਾਂ ਨੂੰ ਦੁਪਹਿਰ ਤੋਂ ਪਹਿਲਾਂ ਦਰਸ਼ਨ ਕਰਨ ਲਈ ਆਉਣ ਤੋਂ ਮਨ੍ਹਾਂ ਕੀਤਾ ਗਿਆ। ਕਾਰਨ ਇਹ ਦੱਸਿਆ ਗਿਆ ਕਿ ਇਹ ਸਮਾਂ ਹਿੰਦੂ ਸਿੱਖ ਸ਼ਰਧਾਲੂਆਂ ਦੇ ਸ੍ਰੀ ਹਰਿ ਮੰਦਰ ਸਾਹਿਬ ਵਿਚ ਮੱਥਾ ਟੇਕਣ ਲਈ ਆਉਣ ਦਾ ਸਮਾਂ ਹੈ ਅਤੇ ਜੇ ਉਹ ਵੀ ਇਸ ਹੀ ਵਕਤ ਆਉਂਦੇ ਹਨ ਤਾਂ ਉਨ੍ਹਾਂ ਦੀ ਛੋਹ 'ਕੁਲੀਨ' ਜਾਤੀ ਦੇ ਵਿਅਕਤੀਆਂ ਨੂੰ ਭਿੱਟਣ ਦਾ ਕਾਰਨ ਬਣੇਗੀ। ਦੁਪਹਿਰ ਪਿੱਛੋਂ ਆਉਣ ਵੇਲੇ ਵੀ ਉਨ੍ਹਾਂ ਨੂੰ ਸ੍ਰੀ ਹਰਿ ਮੰਦਰ ਸਾਹਿਬ ਦੇ ਅੰਦਰ ਜਾ ਕੇ ਮੱਥਾ ਟੇਕਣ ਦੀ ਆਗਿਆ ਨਹੀਂ ਸੀ। ਉਨ੍ਹਾਂ ਲਈ ਲਾਜ਼ਮੀ ਸੀ ਕਿ ਉਹ ਦਰਸ਼ਨੀ ਡਿਉਢੀ ਤੋਂ ਪੁਲ ਉੱਤੋਂ ਦੀ ਹੁੰਦੇ ਹੋਏ ਸਾਹਮਣੇ ਪੈਂਦੇ ਦੁਆਰ ਵਿਚ ਦੀ ਸ੍ਰੀ ਹਰਿ ਮੰਦਰ ਸਾਹਿਬ ਅੰਦਰ ਜਾਣ ਦੀ ਥਾਂ ਇੱਥੋਂ ਖੱਬੇ ਹੱਥ ਅਤੇ ਫਿਰ ਸੱਜੇ ਹੱਥ ਮੁੜ ਕੇ ਉੱਤਰ ਵੱਲ ਦੇ ਦਰਵਾਜ਼ੇ ਦੇ ਬਾਹਰੋਂ ਨਤ ਮਸਤਕ ਹੋਣ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭੇਟਾ ਲਈ ਕੜਾਹ ਪ੍ਰਸ਼ਾਦ, ਰੁਮਾਲਾ ਜਾਂ ਹੋਰ ਕੋਈ ਪਦਾਰਥ ਵੀ ਆਪਣੇ ਹੱਥੀਂ ਨਾਲ ਨਹੀਂ ਸਨ ਲਿਆ ਸਕਦੇ। ਰਵਾਇਤ ਇਹ ਸੀ ਕਿ ਉਹ ਆਪਣੀ ਭੇਟਾ ਕਿਸੇ ਹਿੰਦੂ ਦੇ ਹੱਥ ਲਿਆਉਣ ਅਤੇ ਉਹ ਹੀ ਇਹ ਭੇਟਾ ਪੁਜਾਰੀ ਜਾਂ ਸੰਬੰਧਤ ਸੇਵਾਦਾਰ ਨੂੰ ਸੌਂਪੇ।

ਗੁਰੂ-ਬੰਸਜਾਂ ਦੀ ਇਸ ਸੋਚ ਨੇ ਸਿੱਖ ਚੇਤਨਾ ਨੂੰ ਕਿਤਨੇ ਜ਼ੋਰ ਨਾਲ ਜਕੜਿਆ ਹੋਇਆ ਸੀ ਇਸ ਦਾ ਅਨੁਮਾਨ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਨਵਾਬ ਕਪੂਰ ਸਿੰਘ ਵੱਲੋਂ 1734 ਵਿਚ ਦਲ ਖਾਲਸਾ ਦੀ ਵੰਡ ਕਰਕੇ ਬਣਾਏ ਬੁੱਢਾ ਦਲ ਅਤੇ ਤਰੁਣਾ ਦਲ ਵਿਚੋਂ ਪਿਛਲੇਰੇ ਦੀ ਗਿਣਤੀ ਵਧਣ ਕਾਰਨ ਇਸ ਦੀ ਇਕ ਥਾਂ ਸਮਾਈ ਵਿਚ ਔਕੜ ਵੇਖਦਿਆਂ ਇਸ ਨੂੰ ਪੰਜ ਜੱਥਿਆਂ ਵਿਚ ਵੰਡੇ ਜਾਣ ਨੂੰ ਵੀ ਪ੍ਰਭਾਵਤ ਕੀਤਾ। ਇਸ ਸਮੇਂ ਇਹ ਗੁਰੂ-ਬੰਸਜ਼ਾਂ ਦੇ ਪ੍ਰਭਾਵ ਦਾ ਹੀ ਫਲ ਸੀ ਕਿ ਮਜ਼੍ਹਬੀ ਸਿੱਖਾਂ ਨੂੰ ਬਰਾਬਰ ਦੇ ਭਾਈਵਾਲ ਤਾਂ ਮੰਨਿਆ ਗਿਆ ਪਰ ਇਕ ਵੱਖਰੇ ਜੱਥੇ ਦਾ ਰੂਪ ਦੇ ਕੇ। ਫਲਸਰੂਪ ਪੰਜਾਂ ਜੱਥਿਆਂ ਵਿਚੋਂ ਇਕ ਜੱਥਾ ਮਜ਼੍ਹਬੀ ਸਿੰਘਾਂ ਦਾ ਸੀ ਜਿਸ ਦੀ ਵਾਗ ਡੋਰ ਭਾਈ ਬੀਰ ਸਿੰਘ, ਭਾਈ ਜਿਉਣ ਸਿੰਘ, ਭਾਈ ਮਦਨ ਸਿੰਘ, ਭਾਈ ਅਮਰ ਸਿੰਘ, ਭਾਈ ਕਰਮ ਸਿੰਘ, ਭਾਈ ਰਣ ਸਿੰਘ ਆਦਿ ਸੂਰਬੀਰਾਂ ਦੇ ਹੱਥ ਸੀ। ਗਿਆਨੀ ਗਿਆਨ

ਸਿੰਘ ਦੇ ਸ਼ਬਦਾਂ ਵਿਚ:

*ਮਦਨ ਸਿੰਘ ਸਿੰਘ ਬੀਰ ਬਹਾਦਰ।*
*ਪੰਚਮ ਜਥਾ ਇਨੈ ਦਿਯ ਸਾਦਰ।*
*ਇਸ ਮੈਂ ਬਹੁ ਰਵਦਾਸੀਏ ਮਜਬੀ।*
*ਜੰਗ ਜਦਲ ਹਿਤ ਥੇ ਬਡ ਗਜਬੀ।।(ਪੰਥ ਪ੍ਰਕਾਸ਼, ਅਧਿਆਇ 69)*

ਯਾਦ ਰਹੇ ਕਿ ਬਾਕੀ ਚਾਰ ਜੱਥਿਆਂ ਵਿਚੋਂ ਇਕ ਜੱਥਾ ਅੰਮ੍ਰਿਤਸਰੀ ਖੱਤਰੀਆਂ ਪ੍ਰੇਮ ਸਿੰਘ, ਧਰਮ ਸਿੰਘ ਆਦਿ ਦਾ ਅਤੇ ਦੂਜਾ ਜੱਥਾ ਭੱਲੇ, ਬੇਦੀ ਤ੍ਰੇਹਣ ਸਾਹਿਬਜ਼ਾਦਿਆਂ ਦਾ ਸੀ ਜਿਸ ਵਿਚ ਬਾਵਾ ਬਿਨੋਦ ਸਿੰਘ, ਬਾਵਾ ਕਾਹਨ ਸਿੰਘ, ਮੀਰੀ ਸਿੰਘ ਭੱਲਾ ਆਦਿ ਸ਼ਾਮਲ ਸਨ। ਜੱਟ ਪਿਛੋਕੜ ਵਾਲੇ ਸਿੱਖਾਂ ਦੇ ਦੋ ਜੱਥੇ ਬਣੇ। ਇਕ ਜੱਥੇ ਦੀ ਅਗਵਾਈ ਪੋਹੂਵਿੰਡੀਏ ਸੰਧੂ ਜੱਟ ਦੀਪ ਸਿੰਘ ਅਤੇ ਉਸ ਦੇ ਸਾਥੀਆਂ ਨੱਥਾ ਸਿੰਘ, ਗੁਰਬਖਸ਼ ਸਿੰਘ ਆਦਿ ਦੇ ਹੱਥ ਸੀ। ਇਨ੍ਹਾਂ ਆਗੂਆਂ ਵੱਲੋਂ ਅਬਦਾਲੀ ਨਾਲ ਹੋਏ ਜੁੱਧ ਵਿਚ ਸ਼ਹੀਦੀ ਪ੍ਰਾਪਤ ਕਰਨ ਸਦਕਾ ਪਿੱਛੋਂ ਇਸ ਜੱਥੇ ਨੂੰ ਸ਼ਹੀਦੀ ਜੱਥਾ ਨਾਉਂ ਦਿੱਤਾ ਗਿਆ। ਦੂਜਾ ਜੱਥਾ ਸੀ ਡੱਲੇਵਾਲੀਆਂ ਦਾ ਜਿਸ ਵਿਚ ਦਸੌਂਧਾ ਸਿੰਘ ਗਿੱਲ, ਫਤਿਹ ਸਿੰਘ ਭਗਤੂ ਕਾ, ਕਰਮ ਸਿੰਘ ਆਦਿ ਮੁਖੀ ਸਨ।

ਸੋਹਣ ਸਿੰਘ ਸੀਤਲ ਵੱਲੋਂ "ਸਿੱਖ ਰਾਜ ਕਿਵੇਂ ਬਣਿਆ" ਵਿਚ ਲਿਖੇ ਅਨੁਸਾਰ ਜੱਥਿਆਂ ਵਿਚ ਸ਼ਾਮਲ ਸਿੱਖਾਂ ਦੀ ਗਿਣਤੀ ਵਧ ਜਾਣ ਕਾਰਨ 1745 ਈਸਵੀ ਵਿਚ ਦਲ ਖਾਲਸਾ ਨੂੰ ਅੱਗੋਂ 30 ਜਥਿਆਂ ਵਿਚ ਵਿਭਾਜਤ ਕੀਤਾ ਗਿਆ ਤਾਂ ਇਸ ਸਮੇਂ ਮਜ਼੍ਹਬੀ ਸਿੱਖਾਂ ਉੱਤੇ ਆਧਾਰਤ ਚਾਰ ਜੱਥੇ ਬਣਾਏ ਗਏ ਜਿਨ੍ਹਾਂ ਦੀ ਅਗਵਾਈ ਜਿਉਣ ਸਿੰਘ ਮਜ਼੍ਹਬੀ, ਬਦਨ ਸਿੰਘ ਮਜ਼੍ਹਬੀ, ਬੀਰ ਸਿੰਘ ਮਜ਼੍ਹਬੀ ਅਤੇ ਅੱਘੜ ਸਿੰਘ ਮਜ਼੍ਹਬੀ ਦੇ ਹੱਥ ਸੀ।(ਸਿੱਖ ਰਾਜ ਕਿਵੇਂ ਬਣਿਆ, ਪੰਨਾ 107)

ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਗੁਰੂ-ਬੰਸਜਾਂ ਦੇ ਪ੍ਰਭਾਵ ਵਿਚ ਹੋਰ ਵਾਧਾ ਹੋਇਆ। ਸਿੱਖ ਸਰਦਾਰ ਹਰ ਜਿੱਤ ਨੂੰ ਗੁਰੂ ਦੀ ਬਖਸ਼ਸ਼ ਸਮਝਦਿਆਂ ਜਿੱਤ ਪ੍ਰਾਪਤੀ ਉਪਰੰਤ ਜਿੱਤੇ ਹੋਏ ਇਲਾਕੇ ਵਿਚੋਂ ਕੁੱਝ ਇਲਾਕਾ ਅਤੇ ਨਾਲ ਹੀ ਬਣਦਾ ਸਰਦਾ ਧਨ ਗੁਰੂ ਬੰਸਜਾਂ ਨੂੰ ਭੇਟ ਕਰਦੇ। ਇਉਂ ਇਨ੍ਹਾਂ ਦੀ ਜ਼ਮੀਨ ਜਾਇਦਾਦ ਵਿਚ ਵੀ ਵਾਧਾ ਹੋਇਆ ਅਤੇ ਸਿੱਖੀ ਸੇਵਕੀ ਵਿਚ ਵੀ। ਫਲਸਰੂਪ ਅੰਗਰੇਜ਼ੀ ਰਾਜ ਦੌਰਾਨ ਵੀ ਦਰਬਾਰ ਸਾਹਿਬ ਸਮੂਹ ਦਾ ਪ੍ਰਬੰਧ ਗੁਰੂ ਬੰਸਜਾਂ ਵੱਲੋਂ ਨਿਰਧਾਰਤ ਲੀਹਾਂ ਉੱਤੇ ਹੀ ਚੱਲਦਾ ਰਿਹਾ ਅਤੇ ਇਸ ਤੋਂ ਮੁਕਤੀ 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਣ ਉਪਰੰਤ ਹੀ ਮਿਲੀ।

ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਜੋ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ ਆ ਜਾਣ ਪਿੱਛੋਂ ਪਹਿਲਾਂ ਦਰਬਾਰ ਸਾਹਿਬ ਦੇ ਗ੍ਰੰਥੀ ਅਤੇ ਉਪਰੰਤ ਮੁੱਖ ਗ੍ਰੰਥੀ ਵਜੋਂ ਸੇਵਾ ਨਿਭਾਉਂਦੇ ਰਹੇ, ਨੇ ਆਪਣੀ ਕਾਵਿ ਪੁਸਤਕ "ਸੁਧਾਰ ਖਾਲਸਾ" ਵਿਚ ਇਨ੍ਹਾਂ ਗੁਰੂ ਬੰਸਜਾਂ ਵੱਲੋਂ ਸਿੱਖ ਸੰਗਤ ਨੂੰ ਗੁਰੂ ਸਾਹਿਬਾਨ ਵੱਲੋਂ ਨਿਰਧਾਰਤ ਜੀਵਨ ਜਾਚ ਤੋਂ ਥਿੜਕਾਉਣ ਵਿਚ ਪਾਏ ਯੋਗਦਾਨ ਦਾ ਲੇਖਾ ਜੋਖਾ ਕਰਦਿਆਂ ਠੀਕ ਹੀ ਲਿਖਿਆ ਹੈ:

ਬੇਦੀ, ਸੋਢੀ ਤੇ ਭੱਲੇ, ਤ੍ਰੇਹਣ ਬਾਵੇ, ਸਿੱਖੀ ਵਿਚ ਇਹ ਪੈਰ ਪਸਾਰ ਰਹੇ ਸਨ।
ਆਪ ਸਿੱਖੀ ਤੋਂ ਸੈਂਕੜੇ ਦੂਰ ਕੋਹਾਂ, ਬੇੜੀ ਸਿੱਖਾਂ ਦੀ ਤਈਂ ਨਿਘਾਰ ਰਹੇ ਸਨ।
ਮਨਮੱਤੀਏ ਤੇ ਹਿੰਦੂ ਆਪ ਪੱਕੇ, ਓਸੇ ਤਰ੍ਹਾਂ ਦਾ ਕਰ ਪਰਚਾਰ ਰਹੇ ਸਨ।
ਆਪ ਡੁੱਬੇ ਸਨ ਵਿਚ ਵਕਾਰ ਸਾਗਰ, ਰੋੜ੍ਹ ਸਿੱਖਾਂ ਦੇ ਨਾਲ ਪਰਵਾਰ ਰਹੇ ਸਨ।
"ਗੁਰੂ ਅੰਸ ਅਸੀਂ ਸਾਨੂੰ ਲੋੜ ਕਾਹਦੀ", ਡੁੱਬੇ ਏਸੇ ਹੀ ਵਿਚ ਹੰਕਾਰ ਰਹੇ ਸਨ।000

***(3154, ਸੈਕਟਰ 71, ਐੱਸ ਏ ਐੱਸ ਨਗਰ- ਮੁਹਾਲੀ***
***ਫੋਨ: +91-94170-49417 ਈਮੇਲ: gssidhu03@gmail.com***

# ਜਤਿੰਦਰ ਸਿੰਘ: ਰਿਵਿਊ ਲੇਖ: ਸਮੁੰਦਰ ਨੂੰ ਪੁੱਛੇ ਨਦੀ

ਸਮਕਾਲੀ ਪੰਜਾਬੀ ਕਵਿਤਾ ਦਾ ਮੁਹਾਂਦਰਾ ਪੰਜਾਬੀ ਪਰੰਪਰਕ ਕਵਿਤਾ ਨਾਲੋਂ ਵੱਖਰਾ ਤੇ ਨਵੇਕਲਾ ਹੈ। ਇਹ ਨਵੇਂ ਮੁਹਾਂਦਰੇ ਵਾਲੀ ਕਵਿਤਾ ਜ਼ਿਆਦਾ ਤੌਰ ’ਤੇ ਨੌਜਵਾਨ ਸ਼ਾਇਰਾਂ ਵੱਲੋਂ ਰਚੀ ਗਈ। ਜਿਸ ਵਿਚ ਸੰਦੀਪ ਜਸਵਾਲ ਦਾ ਅਹਿਮ ਨਾਮ ਹੈ। ਸੰਦੀਪ ਜਸਵਾਲ ਦੇ ਹੁਣ ਤਕ ਦੋ ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। ਪਹਿਲਾ ‘ਰੂਹ ਦੀ ਪਰਵਾਜ਼’ (2016) ਅਤੇ ਦੂਸਰਾ ‘ਸਮੁੰਦਰ ਨੂੰ ਪੁੱਛੇ ਨਦੀ’ (2024) ਹਨ। ਸੰਦੀਪ ਜਸਵਾਲ ਦੀ ਸਮੁੱਚੀ ਕਵਿਤਾ ਵਰਤਮਾਨ ਸਮੇਂ ਦੀਆਂ ਦਵੰਦਮਈ ਸਥਿਤੀਆਂ ਨੂੰ ਮੁਖਾਤਿਬ ਹੈ। ਜਿਸ ਵਿਚ ਪੰਜਾਬੀ ਬੰਦੇ ਦੇ ਅਸਤਿਤਵ ਦਾ ਸਵਾਲ, ਮਨੁੱਖੀ ਰਿਸ਼ਤਿਆਂ ਦਾ ਮੋਹ ਅਤੇ ਕੁੜੱਤਣ, ਪਰਵਾਸ ਅਤੇ ਔਰਤ ਦੀ ਹੋਂਦ ਤੇ ਦੇਹ ਦੇ ਗੰਭੀਰ ਮਾਮਲੇ ਸ਼ਾਮਿਲ ਹਨ।

ਸੰਦੀਪ ਜਸਵਾਲ ਦੀ ਕਵਿਤਾ ਪਰੰਪਰਕ ਨਾਰੀ-ਕਾਵਿ ਦੇ ਸਮਾਨਾਂਤਰ ਚੱਲਦੀ ਹੋਈ ਵਿੱਥ ਸਥਾਪਤ ਕਰ ਲੈਂਦੀ ਹੈ। ਇਹ ਵਿੱਥ ਮਰਦ ਪ੍ਰਧਾਨ ਸਮਾਜਕ ਵਰਤਾਰੇ ਨੂੰ ਕੋਸਣ ਅਤੇ ਉਗਰਵਾਦ ਨਾਰੀਵਾਦ ਵਾਂਡ ਮਰਦ ਦੇ ਵਿਰੋਧ ਵਜੋਂ ਨਹੀਂ ਸਗੋਂ ਸਮਾਜਕ ਵਰਤਾਰੇ ਤੇ ਪਰੰਪਚ ਵਿਚਲੇ ਕਾਰਨਾਂ ਦੀ ਤਲਾਸ਼ ਕਰਦੀ ਹੈ, ਜਿਸ ਕਾਰਨ ਔਰਤ ਦੀ ਦੂਜੈਲੀ ਸਮਾਜਕ ਸਥਿਤੀ ਬਣੀ ਹੋਈ ਹੈ। ਪੰਜਾਬੀ ਨਾਰੀ-ਕਾਵਿ ਵਿਚ ਬਹੁਤ ਸਾਰੀਆਂ ਕਵਿਤਰੀਆਂ ਮਰਦ ਨੂੰ ਹੀ ਕਟਿਹਰੇ ਵਿਚ ਖੜ੍ਹੇ ਕਰ ਲੈਂਦੀਆਂ ਹਨ। ਉਸ ਪਿੱਛੇ ਕਾਰਜਸ਼ੀਲ ਸਮਾਜਕ ਧਾਰਮਿਕ ਤੇ ਸਿਆਸੀ ਕਾਰਨਾਂ ਨੂੰ ਸਮਝਣ ਤੋਂ ਬਗ਼ੈਰ। ਜਿਵੇਂ ਸੰਦੀਪ ਜਸਵਾਲ ਦੀ ਕਵਿਤਾ ‘ਤੂੰ ਤੇ ਮੈਂ’ ਦਰਸਾਉਂਦੀ ਹੈ ਕਿ ਕਿਵੇਂ ਮਨੂਵਾਦੀ ਸੋਚ ਨੇ ਔਰਤ ਨੂੰ ਸਮਾਜਕ ਤੌਰ ’ਤੇ ਪਿਛਾੜ ਕੇ ਰੱਖ ਦਿੱਤਾ। ਮਨੂਵਾਦੀ ਸੋਚ ਨੇ ਸਮਾਜਕ ਸੰਰਚਨਾ ਦੀ ਰੂਪ-ਰੇਖਾ ਹੀ ਨਹੀਂ ਵਿਗਾੜੀ ਸਗੋਂ ਜਾਤ, ਜਮਾਤ ਧਰਮ, ਊਚ-ਨੀਚ, ਲਿੰਗ ਭੇਦ ਭਾਵ, ਰੰਗ ਨਸਲ ਨੂੰ ਵੀ ਉਤਸ਼ਾਹਤ ਕੀਤਾ:

ਮਨੂੰ ਸੋਚ ਦੇ ਵਿਰੋਧ ਨੂੰ ਕਵਿਤਰੀ ਬੜੇ ਸੰਵੇਦਨਮਈ ਢੰਗ ਨਾਲ ਬਿਆਨ ਕਰਦੀ ਹੈ:

*ਪਹਿਲਾਂ ਤਾਂ*
*ਤੂੰ ਤੇ ਮੈਂ ਹੀ ਸਾਂ ਬੱਸ*
*ਆਪਾਂ ਦੋਵੇ ਉਹੀ*
*ਵਰਜਿਤ ਫ਼ਲ ਖਾਧਾ ਸੀ ਜਿਹਨਾਂ*
*ਧੱਕੇ ਗਏ ਸਾਂ*
*ਜੰਨਤ ’ਚ ਜਦੋਂ*
*ਉਦੋਂ ਰਸਤੇ ਵਿਚ*
*ਕੋਈ ‘ਮਨੂੰ’ ਮਿਲਿਆ ਸੀ*
*ਬੱਸ ਉਸ ਤੋਂ ਮਗਰੋਂ*
*ਇੱਕਲੇ ਕਦੇ ਨਹੀਂ ਮਿਲੇ*
*‘ਮਨੂੰ’ ਹੁੰਦਾ ਹੈ ਵਿਚਕਾਰ* (ਸਮੁੰਦਰ ਨੂੰ ਪੁੱਛੇ ਨਦੀ, ਪੰਨਾ 12)

ਸ਼ਾਇਦ ਇਹ ਪਹਿਲੀ ਵਾਰੀ ਨਾਰੀ-ਕਾਵਿ ਵਿਚ ਨਾਰੀ ਨੂੰ ਸਮਾਜਕ ਹਾਸ਼ੀਏ ‘ਤੇ ਧੱਕੇ ਜਾਣ ਦੇ ਕਾਰਨਾਂ ਦੀ ਪੁਣ-ਛਾਣ ਕੀਤੀ ਗਈ ਹੈ। ਨਾਰੀ-ਕਾਵਿ ਵਿਚ ਮਨਜੀਤਪਾਲ ਦੀ ਕਵਿਤਾ ਤੋਂ ਬਿਨਾਂ ਲਗਪਗ ਸਾਰਾ ਨਾਰੀ ਕਾਵਿ ਮਰਦ ਨੂੰ ਉਲ਼ਾਮ੍ਹੇ ਤੇ ਵਿਰੋਧਾਤਮਕ ਧਿਰ ਵਜੋਂ ਲੈਂਦਾ ਹੈ।

ਔਰਤ ਲਈ ਸਭ ਤੋਂ ਵੱਡਾ ਮਸਲਾ ਉਸ ਦਾ ਸਮਾਜਕ ਤੌਰ ‘ਤੇ ਲਿੰਗਕ ਭੇਦ ਭਾਵ ਹੈ, ਜੋ ਉਸ ਦੀ ਦੇਹ ਨਾਲ ਜੁੜਿਆ ਹੋਇਆ ਹੈ। ਸਰੀਰਕ ਦੇਹ ਹੀ ਉਸ ਲਈ ਸਮਾਜਕ ਨਾ ਬਰਾਬਰੀ ਦਾ ਕਾਰਨ ਬਣ ਜਾਂਦੀ ਹੈ। ਪ੍ਰਕਿਰਤੀ ਨੇ ਔਰਤ ਨੂੰ ਜਣਨੀ ਦੇ ਰੂਪ ਵਿਚ ਪੈਦਾ ਕੀਤਾ ਹੈ ਪਰ ਮਨੂੰਵਾਦੀ ਮਰਦ ਪ੍ਰਧਾਨ ਸੋਚ ਵਾਲੇ ਸਮਾਜ ਨੇ ਜਿੱਥੇ ਉਸ ਦੀ ਦੇਹ ਨੂੰ ਬਲ ਭਾਵ ਸ਼ਕਤੀ ਵਜੋਂ ਲੈਣਾ ਸੀ ਉੱਥੇ ਦੇਹ ਨੂੰ ਹੀ ਸਮਾਜਕ ਲਿੰਗਕ ਭੇਦ ਭਾਵ ਵੱਸ ਅੜਿੱਕਾ ਬਣਾ ਦਿੱਤਾ ਹੈ। ਖਪਤਵਾਦੀ ਸਮਾਜ ਵਿਚ ਇਹ ਵਰਤਾਰਾ ਹੋਰ ਭਾਰੂ ਹੋ ਚੁੱਕਾ ਹੈ। ਇਸ ਦੀ ਬੜੀ ਭਾਵਪੂਰਕ ਮਿਸਾਲ ਸੰਦੀਪ ਜਸਵਾਲ ਦੀ ਕਵਿਤਾ ‘ਲਿਵ-ਇਨ-ਰਿਲੇਸ਼ਨਸ਼ਿਪ’ ਵਿਚ ਮਿਲਦੀ ਹੈ:

*ਢਾਈ ਸਾਲ*
*ਲਿਵ-ਇਨ ਰਿਲੇਸ਼ਨਸ਼ਿਪ ਵਿਚ, ਰਹਿਣ ਮਗਰੋਂ*
*ਆਪੋ ਆਪਣੇ ਘਰ ਪਰਤ ਆਏ ਨੇ, ਉਹ ਦੋਵੇਂ।*
*ਮੁੰਡਾ ਸਾਬਤ-ਕਦਮੀਂ, ਤੁਰ ਪਿਆ ਹੈ*
*ਪੁਰਾਣੇ ਰਾਹਾਂ ‘ਤੇ , ਨਵੇਂ ਸਾਥੀ ਨਾਲ*
*ਕੁੜੀ ਤੋਂ ਤਰਿਆ ਨਹੀਂ ਜਾ ਰਿਹਾ*
*‘ਪੈਰ ਭਾਰੀ’ ਨੇ ਉਸਦੇ।*
*ਉੱਚੀ ਅੱਡੀ ਵਾਲੀ ਜਿਹੜੀ ਸੈਂਡਲ*
*ਉਹ ਘਰੋਂ ਪਾ ਕੇ ਗਈ ਸੀ*
*ਫਿਲਹਾਲ, ਉਸ ਦੇ ਕੰਮ ਦੀ ਨਹੀਂ ਰਹੀ।* ( ਪੰਨਾ 90)

ਲਿਵ-ਇਨ ਰਿਲੇਸ਼ਨਸ਼ਿਪ ਕਵਿਤਾ ਵਿਚ ਨਵੇਂ ਦੌਰ ਦੀ ਸਮਾਜਕ ਤਸਵੀਰ ਪੇਸ਼ ਹੁੰਦੀ ਹੈ ਜਿਸ ਵਿਚ ਸਮਾਜ ਭਾਵੇਂ ਜਿੰਨਾ ਮਰਜ਼ੀ ਵਿਕਸਤ ਹੋ ਜਾਏ, ਔਰਤ ਦੀ ਦੇਹ ਹੀ ਉਸ ਲਈ ਸਮਾਜਕ ਨਾ ਬਰਾਬਰੀ ਦਾ ਕਾਰਨ ਬਣ ਜਾਂਦੀ ਹੈ। ਇਹ ਨਾ ਬਰਾਬਰੀ ਦਾ ਅਭਾਵ ਮੱਧਕਾਲੀ ਸੋਚ ਵਿਚ ਵੀ ਹੁੰਦਾ ਹੈ ਜਦੋਂ ਮਰਦ ਨੂੰ ਤਾਂ ਪੰਜ ਤੱਤ (ਅਗਨੀ, ਪਾਣੀ, ਪਉਣ, ਧਰਤੀ, ਆਕਾਸ਼) ਦੇ ਸੁਮੇਲ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਰਿਹਾ ਪਰ ਔਰਤ ਦੀ ਤੁਲਨਾ ਜਣਨੀ ਜਾਂ ਧਰਤ ਵਜੋਂ ਹੀ ਹੋਈ ਹੈ। ਕਵਿਤਰੀ ਇਹ ਸਵਾਲ ਬੜੇ ਸਿੱਧੇ ਰੂਪ ਵਿਚ ਕਵਿਤਾ ‘ਪੰਜ ਤੱਤ’ ਵਿਚ ਖੜ੍ਹਾ ਕਰਦੀ ਹੈ:

*ਉਹ ਮੇਰੀ ਹੋਂਦ ਨੂੰ*
*ਦੇਹ ਨਾਲ ਜੋੜਦਾ*
*ਤੇ ਮੈਂ ਉਸਦੇ ਸਰੀਰ ਨੂੰ*
*ਪੰਜ ਤੱਤਾਂ ਨਾਲ*
*ਬੱਸ ਇਸੇ ਇਕ ਧਾਰਨਾ ਨਾਲ*
*ਉਸ ਲਈ*
*ਮੈਂ ਕੇਵਲ ਦੇਹ ਰਹਿ ਜਾਂਦੀ ਹਾਂ*
*ਤੇ ਉਹ ਮੇਰੇ ਲਈ*
*ਸਮੁੱਚਾ ਬ੍ਰਹਿਮੰਡ ਹੋ ਜਾਂਦਾ ਹੈ।* (ਪੰਨਾ 51)

ਔਰਤ ਦੀ ਦੇਹ ਤਾਂ ਕਾਮੁਕ ਵਸਤ ਅਤੇ ਸਮਕਾਲ ਵਿਚ ਨੁਮਾਇਸ਼ ਦਾ ਸਾਧਨ ਹੈ। ਮਰਦ ਲਈ ਤਾਂ ਪੂਰਾ ਬ੍ਰਹਿਮੰਡ ਹੈ ਪਰ ਔਰਤ ਸਿਰਫ਼ ਧਰਤੀ ਦਾ ਪ੍ਰਤੀਕ ਬਣ ਕੇ ਰਹਿ ਜਾਂਦੀ ਹੈ।

ਸੰਦੀਪ ਜਸਵਾਲ ਦੀ ਸਮੁੱਚੀ ਕਵਿਤਾ ਇਕ ਪਾਸੜ ਵਿਚਾਰ ਵਾਲੀ ਨਹੀਂ ਸਗੋਂ ਜ਼ਿੰਦਗੀ ਦੇ ਉਤਰਾਅ ਚੜ੍ਹਾਅ ਵਾਂਙ ਕਵਿਤਾ ਵਿਚ ਰਵਾਨਗੀ ਹੈ। ਉਹ ਮਰਦ ਨੂੰ ਵਿਰੋਧੀ ਧਿਰ ਵਜੋਂ ਨਹੀਂ ਲੈਂਦੀ ਸਗੋਂ ਪਿਆਰ, ਸਨੇਹ, ਹਮਦਰਦ ਤੇ ਹਮਸਫ਼ਰ ਵਜੋਂ ਤਸਵੱਰ ਕਰਦੀ ਹੈ। ਪਰ ਜਿੱਥੇ ਔਰਤ

ਦੀ ਹੋਂਦ ’ਤੇ ਪ੍ਰਸ਼ਨ ਚਿੰਨ੍ਹ ਲੱਗਦਾ ਹੈ ਉੱਥੇ ਉਹ ਕਿੰਤੂ-ਪਰੰਤੂ ਵੀ ਕਰਦੀ ਹੈ। ਔਰਤ ਤੇ ਮਰਦ ਦੇ ਆਪਸੀ ਰਿਸ਼ਤਿਆਂ ਦਾ ਧੁਰ ਤੇ ਭਾਵ ਤੱਤ ਉਸ ਦੀ ਕਵਿਤਾ ‘ਸਮੁੰਦਰ ਨੂੰ ਪੁੱਛੇ ਨਦੀ’ ਵਿਚ ਪਿਆ ਹੈ, ਜੋ ਇਸ ਕਾਵਿ ਸੰਗ੍ਰਹਿ ਦਾ ਸਿਰਲੇਖ ਵੀ ਹੈ, ਜਿਸ ਵਿਚ ਔਰਤ ਤੇ ਮਰਦ ਦੀ ਹੋਂਦ ਨੂੰ ਉਹ ਅਦਵੈਤ ਵਜੋਂ ਮੰਨਦੀ ਹੈ:

*ਆਪਾਂ ਇਕ ਹਾਂ*
*ਇਕ ਹੈ ਨੀਰ ਅਪਣਾ*
*ਮੇਰਾ ਅਸਤਿਤਵ ਮਿਟਾਉਣ ਲਈ*
*ਤੂੰ ਕਿਉਂ ਤਤਪਰ ਰਹਿੰਦੈ* (ਪੰਨਾ 73)

ਕਵਿਤਾ ਸਮਾਜਕ ਮਸਲਿਆਂ ਨੂੰ ਸਿਰਫ ਉਜਾਗਰ ਹੀ ਨਹੀਂ ਕਰਦੀ ਸਗੋਂ ਉਹਨਾਂ ਮਸਲਿਆਂ ਨਾਲ ਕਿਤੇ ਨ ਕਿਤੇ ਨਜਿੱਠਣ ਦਾ ਵੀ ਹੀਲਾ ਕਰਦੀ ਹੈ। ਸਮਾਜ ਵਿਚ ਔਰਤਾਂ ਨਾਲ ਵੱਧਦੇ ਜ਼ੁਲਮਾਂ ਅਤੇ ਅੱਤਿਆਚਾਰਾਂ ਵਿਚ ਬਲਾਤਕਾਰ ਭਾਵ ਰੇਪ ਦੁਖਦਾਈ ਤੇ ਅਸਹਿ ਵਰਤਾਰਾ ਹੈ, ਜਿਸ ਨੂੰ ਬੰਦੇ ਦੀ ਸੋਚ ਨਾਲ ਬਦਲਿਆ ਜਾ ਸਕਦਾ ਹੈ। ਇਸ ਬਾਰੇ ਸੰਦੀਪ ਲਿਖਦੀ ਹੈ:

*ਜਦੋਂ ਸੁਣਦੇ*
*ਕਿਸੇ ਬਾਲਗ ਨਬਾਲਗ ਨਾਲ*
*ਹੋਏ ਰੇਪ ਬਾਰੇ*
*ਤਾਂ ਡਰ ਜਾਂਦੇ*
*ਆਪਣੀਆਂ ਧੀਆਂ ਭੈਣਾਂ ਨੂੰ*
*ਸਿਰਫ਼ ਸਮਝਾਉਂਦੇ ਹੀ ਨਹੀਂ, ਲਗਭਗ ਡਰਾਉਂਦੇ*
*ਦਿੰਦੇ ਹਦਾਇਤਾਂ*
*ਬਾਹਰ ਅੰਦਰ ਆਉਣ ਜਾਣ ਬਾਰੇ*
*ਪਹਿਰਾਵਾ ਪਾਉਣ ਬਾਰੇ*
*ਉਦੋਂ ਕੋਲ ਹੀ, ਖੜ੍ਹੇ ਹੁੰਦੇ ਨੇ, ਸਾਡੇ ਪੁੱਤ*
*ਜਿਹਨਾਂ ਨੂੰ, ਅਸੀਂ ਕੁੱਝ ਨਹੀਂ ਸਮਝਾਉਂਦੇ* (ਪੰਨਾ 48)

ਔਰਤ ਦੀ ਸੁਹਜਮਈ ਦ੍ਰਿਸ਼ਟੀ ਦਾ ਘੇਰਾ ਵਿਸ਼ਾਲ ਤੇ ਵਿਸਤ੍ਰਿਤ ਹੈ। ਉਹ ਵਰਤਾਰੇ ਪਿੱਛੇ ਲੁਕੀਆਂ ਛੁਪੀਆਂ ਤਹਿਆਂ ਨੂੰ ਫਰੋਲਦੀ ਅਤੇ ਉਸ ਦੇ ਅਰਥ ਤਲਾਸ਼ਦੀ ਹੈ। ਕਲਾ ਨੂੰ ਕਲਾ ਸਮਝਣ-ਸਮਝਾਉਣ ਤੇ ਬਣਾਉਣ ਦਾ ਹੁਨਰ ਉਸ ਕੋਲ਼ ਹੈ। ਸ਼ਾਇਦ ਏਸੇ ਕਰਕੇ ਸਜਾਉਣ ਤੇ ਸੰਵਾਰਨ ਦੀ ਮੁਹਾਰਤ ਉਸ ਦੇ ਹਿੱਸੇ ਆਈ ਹੈ। ਰੰਗਾਂ ਦੇ ਸੰਦਰਭ ਤੇ ਅਰਥਾਂ ਦੀ ਥਾਹ ਪਾਉਣ ਦੀ ਸਮਰੱਥਾ ਮਰਦ ਨਾਲੋ ਔਰਤ ਕੋਲ਼ ਵਧੇਰੇ ਹੈ। ਉਹ ਰੰਗਾਂ ਦੇ ਸੰਦਰਭਾਂ ਰਾਹੀਂ ਹੀ ਸਮਾਜਕ ਵਰਤਾਰੇ ਵਿਚ ਪਏ ਪਿਆਰ ਮਹੁੱਬਤ ਤੇ ਵਿਛੋੜੇ ਦੀਆਂ ਤੰਦਾਂ ਨੂੰ ਪਛਾਣ ਜਾਂਦੀ ਹੈ। ਸੰਦੀਪ ਲਿਖਦੀ ਹੈ:

*ਗੁਲਾਬੀ ਚੁੰਨੀ ਨੂੰ*
*ਉਹ ਆਪਣੇ ਪੋਟਿਆ ਨਾਲ*
*ਸਹਿਜੇ ਜਿਹੇ ਛੂੰਹਦੀ ਹੈ*
*ਕਈ ਵਾਰ ਪੁੱਛਿਆ ਉਸਨੂੰ ਮੈਂ*
*“ਇਹ ਬਾਪੂ ਨੇ ਦਿੱਤੀ ਸੀ”*
*ਹੁੰਅਅ ਕਰ, ਚੁਪ ਹੋ ਜਾਂਦੀ।*
*ਉਸ ਦੇ ਰਮਜ਼ੀ ਹੁੰਗਾਰੇ ਤੋਂ*
*ਮੈਂ ਕੁਝ ਸਮਝ ਨਾ ਸਕਦੀ*

*ਫਿਰ ਕੱਲ੍ਹ, ਪੋਟਿਆ ਨਾਲ ਗੁਲਾਬੀ ਚੁੰਨੀ ਨੂੰ ਪਲੋਸਦੀਆਂ*
*ਤੇ ਮੇਰਾ ਉਹੀ ਸਵਾਲ*
*ਕੀ ਇਹ ਬਾਪੂ ਨੇ ਦਿੱਤੀ ਸੀ,*
*ਅਚਾਨਕ, ਖ਼ੁਸ਼ਕ ਬੁੱਲ੍ਹਾਂ 'ਤੇ ਚਿੰਬੜੇ ਹਰਫ਼*
*ਹਵਾ ਵਿਚ ਖਿਲਰੇ*
*ਮੈਂ ਸੁਣਿਆਂ, ਜਦੋਂ ਉਸਨੇ ਆਪਣੇ ਮਤੇ ਆਖਿਆ*
*ਬਾਪੂ ਤੇਰੇ ਨੂੰ ਤਾਂ ਲਾਲ ਰੰਗ ਪਸੰਦ ਸੀ*
*ਗੁਲਾਬੀ ਰੰਗ ਤਾਂ, ਉਸਨੂੰ ਉੱਕਾ ਨਹੀਂ ਸੀ ਭਾਉਂਦਾ* (ਪੰਨਾ 14-15)

ਰੰਗਾਂ ਦੇ ਏਸ ਸੰਸਾਰ ਵਿਚ ਹਰੇਕ ਰੰਗ ਦਾ ਆਪਣਾ ਮਹੱਤਵ ਹੈ। ਰੰਗ ਇਸ ਕਵਿਤਾ ਨੂੰ ਪੂਰੇ ਅਰਥ ਪ੍ਰਦਾਨ ਕਰ ਦੇਂਦੇ ਹਨ। ਔਰਤ ਦੀ ਮਜਬੂਰੀ ਤੇ ਬੇਬੱਸੀ ਦਾ ਸੰਕੇਤ ਵੀ ਰੰਗ ਹੀ ਕਰ ਦਿੰਦੇ ਹਨ। ਜਿਸ ਵਿਚ ਉਸ ਦੀ ਪਸੰਦ ਤੇ ਨਾ ਪਸੰਦ ਸ਼ਾਮਿਲ ਹੋਣ ਦੇ ਕੋਈ ਮਾਇਨੇ ਨਹੀਂ ਰਹਿੰਦੇ।

ਰੰਗਾਂ ਨੂੰ ਅਰਥ ਦੇਂਦੀ ਸੰਦੀਪ ਜਸਵਾਲ ਦੀ ਦੂਸਰੀ ਕਵਿਤਾ 'ਅਟੈਚੀ' ਹੈ। ਜਿਸ ਵਿਚ ਔਰਤ ਮਰਦ ਦੇ ਬਿਨਾਂ ਪਰਦੇਸੀਆਂ ਵਾਲੀ ਜ਼ਿੰਦਗੀ ਬਤੀਤ ਕਰਦੀ ਹੈ:

*ਪਿਤਾ ਪਰਦੇਸ ਚੱਲਿਆ ਹੈ*
*ਮਾਂ ਦੋ ਅਟੈਚੀ ਕੱਢ ਲਿਆਉਂਦੀ ਹੈ*
*ਇਕ ਵਿਚ ਪਿਤਾ ਦੇ ਕੱਪੜੇ, ਤੈਹਾਂ ਲਾ ਕੇ ਪਾ ਦੇਂਦੀ*
*ਦੂਜੇ ਵਿਚ ਸਾਂਭ ਕੇ ਰੱਖ ਦੇਂਦੀ ਹੈ*
*ਆਪਣੇ ਗੂੜ੍ਹੇ ਰੰਗ ਦੇ ਸੂਟ*
*ਤੇ ਗੋਟੇ ਵਾਲੀਆਂ ਚੁੰਨੀਆਂ।*
*'ਬਾਹਰ' ਹੀ ਨਹੀਂ, ਧੁਰ ਅੰਦਰ ਤਕ*
*ਫੈਲੇ ਹੁੰਦੇ ਨੇ, ਪਰਦੇਸ ਦੇ ਅਰਥ* (ਉਹੀ, ਪੰਨਾ-31)

ਔਰਤ ਦੇ ਅਸਤਿਤਵ ਦੇ ਸੰਬੰਧ ਵਿਚ ਸੰਦੀਪ ਜਸਵਾਲ ਮਿੱਥਾਂ ਦੇ ਹਵਾਲੇ ਦਿੰਦੀ ਹੋਈ ਉਨ੍ਹਾਂ ਦੇ ਅਰਥਾਂ ਨੂੰ ਪਛਾਨਣ ਦਾ ਯਤਨ ਕਰਦੀ ਹੈ। ਇਸ ਪ੍ਰਸੰਗ ਵਿਚ 'ਅਗਨ ਪ੍ਰੀਖਿਆ', 'ਮੁਰਾਰੀ ਦੀ ਤਰਜ਼' ਤੇ 'ਧੂਣੀ ਦੀ ਅੱਗ', 'ਲੀਲ੍ਹਾ' ਨਾਂ ਦੀਆਂ ਕਵਿਤਾਵਾਂ ਬੜੀਆਂ ਭਾਵਪੂਰਕ ਹਨ।

ਔਰਤ ਦੀ ਸਮਾਜਕ ਹੋਂਦ, ਮੁਹੱਬਤੀ ਰਿਸ਼ਤਿਆਂ ਅਤੇ ਔਰਤ ਦੇ ਚਾਵਾਂ, ਸੁਪਨਿਆਂ ਤੇ ਖ਼ਾਹਿਸ਼ਾਂ ਤੋਂ ਇਲਾਵਾ ਇਸ ਕਾਵਿ ਸੰਗ੍ਰਹਿ ਵਿਚ ਪਰਵਾਸ ਅਤੇ ਉਸ ਨਾਲ ਜੁੜੇ ਸਮਕਾਲੀ ਮਸਲਿਆਂ ਨੂੰ ਬੜੀ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ। ਔਰਤ ਪਰਵਾਸ ਨੂੰ ਦੋ ਧਰਾਤਲਾਂ 'ਤੇ ਭੋਗਦੀ ਹੈ। ਪਹਿਲਾ ਪਰਵਾਸ ਤਾਂ ਔਰਤ ਦਾ ਹੈ ਜੋ ਵਿਆਹੀ ਜਾਣ ਤੋਂ ਬਾਅਦ ਆਪਣਾ ਪੇਕਾ ਘਰ ਛੱਡਕੇ ਦੂਜੇ ਘਰ ਜਾ ਕੇ ਰਹਿਣ ਦੇ ਰੂਪ ਵਿਚ ਭੋਗਦੀ ਹੈ। ਦੂਜਾ ਪਰਵਾਸ ਪੰਜਾਬੀ ਬੰਦੇ ਦਾ ਹੈ ਜਿਸ ਵਿਚ ਉਹ ਜ਼ਮੀਨਾਂ ਵੇਚ ਕੇ ਆਪਣੀ ਆਰਥਿਕ ਸਥਿਤੀ ਮਜ਼ਬੂਤ ਕਰਨ ਲਈ ਵਿਦੇਸ਼ਾਂ ਨੂੰ ਤੁਰ ਜਾਂਦਾ ਹੈ।

ਅਜੋਕੀ ਔਰਤ ਦੋਹਰਾ ਪਰਵਾਸ ਭੋਗਦੀ ਹੈ। ਜਿਸ ਦੀ ਕਨਸੋਅ ਇਸ ਕਵਿਤਾ 'ਚ ਪੈਂਦੀ ਹੈ:

*ਪੱਖੀਆਂ ਨੂੰ ਝਾਲਰਾਂ ਲਾਉਂਦੀ*
*ਕਰਦੀ ਰਹੀ ਉਹ ਕੁੜੀ, ਦਾਜ ਤਿਆਰ*
*ਪਤਾ ਨਹੀਂ ਕਦੋਂ*
*ਸਰ੍ਹਾਣਿਆਂ 'ਤੇ ਕੱਢੇ, ਤਿੱਤਰ ਮੋਰ*
*ਉੱਡ ਗਏ*
*ਜਹਾਜ਼ ਦੀ ਉਡਾਣ ਨਾਲ* (ਉਹੀ, ਪੰਨਾ-28)

ਪਰਵਾਸ ਦੇ ਵਰਤਾਰੇ ਨੂੰ ਮੁਖ਼ਾਤਿਬ ਕਵਿਤਾ 'ਝੋਰਾ' ਅੱਜੋਕੇ ਪੰਜਾਬੀ ਬੰਦੇ ਦੀ ਵਿਡੰਭਨਾ ਨੂੰ ਪੇਸ਼ ਕਰਦੀ ਹੈ ਜਿਸ ਵਿਚ ਕਿਸਾਨ ਆਪਣੀ ਜ਼ਮੀਨ ਵੇਚ ਕੇ ਪੁੱਤ ਨੂੰ ਵਿਦੇਸ਼ ਭੇਜਦਾ ਹੈ:

*ਜਿਸ ਦਿਨ ਦੀ*
*ਪੁੱਤ ਨੂੰ ਵਿਦੇਸ਼ ਤੋਰਨ ਲਈ*
*ਜ਼ਮੀਨ ਵੇਚੀ*
*ਉਸ ਦਿਨ ਦਾ*
*ਅੱਧਾ ਰਹਿ ਗਿਆ ਹੈ ਉਹ*
*ਏਅਰਪੋਰਟ ਵੱਲ*
*ਰਵਾਨਾ ਹੋਣ ਲੱਗਿਆਂ*
*ਪੁੱਤ ਨੇ ਉਸਦੇ ਮੋਢੇ 'ਤੇ ਹੱਥ ਰੱਖਿਆ*
*ਤੇ ਬੋਲਿਆ - ਝੋਰਾ ਨਾ ਕਰ ਬਾਪੂ* (ਪੰਨਾ 18)

ਸੰਦੀਪ ਜਸਵਾਲ ਦੀ ਕਵਿਤਾ ਦੀ ਇਸ ਦੂਸਰੀ ਕਿਤਾਬ ਵਿਚ ਪਹਿਲੇ ਕਾਵਿ ਸੰਗ੍ਰਹਿ 'ਰੂਹ ਦੀ ਪਰਵਾਜ਼' ਨਾਲੋਂ ਨਿਖਾਰ ਆਇਆ ਹੈ। 'ਰੂਹ ਦੀ ਪਰਵਾਜ਼' ਵਿਚ ਨਾਰੀ ਦੀ ਹਾਸ਼ੀਆਗਤ ਸਥਿਤੀ ਦਾ ਕਾਰਨ ਉਹ ਮਰਦ ਦੇ ਮੱਥੇ ਸਿੱਧ ਰੂਪ ਵਿਚ ਮੜ੍ਹ ਦੇਂਦੀ ਹੈ। ਉਹ ਲੋਕ ਗੀਤ ਦੇ ਹਵਾਲੇ ਨਾਲ 'ਬਾਬਲ' (ਰੂਹ ਦੀ ਪਰਵਾਜ਼) ਕਵਿਤਾ ਵਿਚ ਲਿਖਦੀ ਹੈ:

*ਸਾਡਾ ਚਿੜੀਆਂ ਦਾ ਚੰਬਾ ਵੇ*
*ਸੁਣ ਪੱਕੇ ਲੈਂਟਰ ਦੀ ਛੱਤ*
*ਥੱਸੇ ਮੇਰੀ ਧੀ ਨੇ ਪੁੱਛਿਆ*
*ਚਿੜੀਆ ਦਾ ਚੰਬਾ ਕੀ ਹੁੰਦਾ ਹੈ?*
*ਮੈਂ ਕਿਹਾ ਚਿੜੀਆਂ ਦੇ ਇੱਕਠ*
*ਨੂੰ ਕਹਿੰਦੇ ਨੇ*
*ਤਾਂ ਫਿਰ ਬਾਬਲ ਕਿਸ ਪੰਛੀ ਨੂੰ ਕਹਿੰਦੇ?*
*ਮੈਂ ਥਿੜਕੇ ਲਫ਼ਜ਼ਾਂ ਨਾਲ ਏਹੋ ਕਹਿ ਸਕਿਆ*
*ਜੋ ਚਿੜੀਆਂ ਲਈ ਚੋਗਾ ਲਿਆਉਂਦਾ*
*ਹਿਫਾਜ਼ਤ ਕਰਦਾ, ਉੱਡਣਾ ਸਿਖਾਉਂਦਾ*
*ਅੰਬਰ ਨਾਲ ਤਾਅਰੁੱਫ ਕਰਵਾਉਂਦਾ*
*ਅਖੀਰ, ਕਿਸੇ ਪਿੰਜਰੇ ਵਿਚ ਕੈਦ ਹੋਣ ਲਈ*
*ਤੋਰ ਦਿੰਦਾ* (ਪੰਨਾ 66)

'ਸਮੁੰਦਰ ਨੂੰ ਪੁੱਛੇ ਨਦੀ' ਕਾਵਿ ਸੰਗ੍ਰਹਿ ਪੰਜਾਬੀ ਨਾਰੀ ਕਾਵਿ ਵਿਚ ਹੀ ਨਹੀਂ ਸਗੋਂ ਸਮੁੱਚੀ ਪੰਜਾਬੀ ਕਵਿਤਾ ਵਿਚ ਆਪਣੀ ਵਿਲੱਖਣ ਪਛਾਣ ਬਣਾਉਂਦਾ ਹੈ। ਨਵੀਨਤਾ ਤੇ ਸਹਿਜਤਾ ਨਾਲ ਨਵੇਕਲੇ ਵਿਸ਼ਿਆਂ ਦੀ ਜਿਵੇਂ ਸੰਦੀਪ ਨੇ ਪੇਸ਼ਕਾਰੀ ਕੀਤੀ ਹੈ, ਉਸ ਸਦਕਾ ਉਸਦਾ ਇਹ ਕਾਵਿ ਸੰਗ੍ਰਹਿ ਨਵੇਂ ਉਭਰਦੇ ਕਵੀਆਂ ਲਈ ਮਿਸਾਲ ਬਣ ਜਾਂਦਾ ਹੈ। ਇਸ ਕਾਵਿ ਸੰਗ੍ਰਹਿ ਦਾ ਭਰਪੂਰ ਸਵਾਗਤ ਕਰਨਾ ਬਣਦਾ ਹੈ। 000

***(901, ਸੈਕਟਰ 40 ਏ, ਚੰਡੀਗੜ੍ਹ-160 036***
***ਫੋਨ: +91-94174-78446)***

## ਸੁਪਨੇ ਤੇ ਪਰਛਾਵੇਂ (ਵਾਰਤਕ) ਹਰਜੀਤ ਸਿੰਘ

ਬਹੁ-ਚਰਚਿਤ ਕਿਤਾਬ 'ਮੇਰਾ ਦਾਗਿਸਤਾਨ' ਦਾ ਲੇਖਕ ਰਸੂਲ ਹਮਜ਼ਾਤੋਵ ਮੁੱਖਬੰਦ ਦੇ ਹਵਾਲੇ ਨਾਲ ਲਿਖਦਾ ਹੈ ਕਿ ਜਿਵੇਂ ਜਹਾਜ਼ ਉੱਡਣ ਤੋਂ ਪਹਿਲਾਂ ਦੌੜਦਾ ਹੈ, ਇਸੇ ਤਰ੍ਹਾਂ ਦਾ ਰੋਲ ਕਿਤਾਬ ਤੋਂ ਪਹਿਲਾਂ ਲਿਖੇ ਮੁੱਖਬੰਦ ਦਾ ਹੋ ਸਕਦਾ ਹੈ। ਹਰਜੀਤ ਸਿੰਘ ਆਪਣੀ ਕਿਤਾਬ 'ਸੁਪਨੇ ਤੇ ਪਰਛਾਵੇਂ' (ਪੰਨੇ 248, ਮੁੱਲ 375 ਰੁਪਏ, ਸੱਚਲ ਪ੍ਰਕਾਸ਼ਨ ਅੰਮ੍ਰਿਤਸਰ) ਦੇ ਮੁੱਖਬੰਦ ਵਿਚ ਕੁੱਲ ਢਾਈ ਗੱਲਾਂ ਸੁਣਾ ਕੇ ਜਹਾਜ਼ ਉਡਾ ਦਿੰਦਾ ਹੈ ਅਤੇ ਫਿਰ ਜਹਾਜ਼ ਦੀ ਕਮਾਨ ਪਾਠਕ ਦੇ ਹਵਾਲੇ ਕਰ ਦਿੰਦਾ ਹੈ। ਖੁੱਲ੍ਹੇ ਆਕਾਸ਼ ਵਿਚ ਪਾਠਕ ਦੀ ਇਹ ਪਰਵਾਜ਼ ਜ਼ਿੰਦਗੀ ਦੀ ਹਕੀਕੀ ਪਰਵਾਜ਼ ਹੋ ਨਿਬੜਦੀ ਹੈ, ਜਿਸ ਦੀਆਂ ਅਣਗਿਣਤ ਝਾਕੀਆਂ ਕਿਤਾਬ ਦੇ ਪੰਨਿਆਂ ਤੋਂ ਝਾਤੀ ਮਾਰਦੀਆਂ ਹਨ। ਇਹ ਸਫ਼ਰ ਲੇਖਕ ਦੇ ਆਪਣੇ ਸਫ਼ਰ ਨਾਲ ਸਭ ਤੋਂ ਪਹਿਲੇ ਅਧਿਆਇ 'ਸ਼ੌਕ-ਸੁਰਾਹੀ' ਨਾਲ ਆਰੰਭ ਹੁੰਦਾ ਹੈ। ਇਹ ਮਹਿਜ਼ ਇਤਫ਼ਾਕ ਹੀ ਹੋਵੇਗਾ ਕਿ ਕਹਾਣੀ ਅੰਮ੍ਰਿਤਾ ਪ੍ਰੀਤਮ ਅਤੇ ਫ਼ੈਜ਼ ਅਹਿਮਦ ਫ਼ੈਜ਼ ਦੀ ਪੰਜਾਬੀ ਵਿਚ ਰਿਕਾਰਡ ਕੀਤੀ ਇੰਟਰਵਿਊ ਨਾਲ ਸ਼ੁਰੂ ਹੁੰਦੀ ਹੈ ਅਤੇ ਇਮਰੋਜ਼ ਬਾਰੇ ਬਣਾਈ ਦਸਤਾਵੇਜ਼ੀ ਫਿਲਮ 'ਇਮਰੋਜ਼: ਏ ਵਾਕ ਡਾਊਨ ਮੈਮੋਰੀ ਲੇਨ' ਵਾਲੇ ਆਖ਼ਰੀ ਅਧਿਆਇ 'ਰੰਗਾਂ ਦਾ ਦਰਿਆ' ਨਾਲ ਖ਼ਤਮ ਹੁੰਦੀ ਹੈ। ਪਰ ਇਨ੍ਹਾਂ ਦੇ ਵਿਚ-ਵਿਚਕਾਰ ਵਾਲਾ ਫਾਸਲਾ ਵਾਕਈ ਭਰ ਵਗਦਾ ਬਹੁ-ਰੰਗਾ ਦਰਿਆ ਜਾਪਦਾ ਹੈ। ਲੇਖਕ ਨੇ ਇਨ੍ਹਾਂ ਪਾਣੀਆਂ ਅੰਦਰਲੇ ਜਵਾਰ ਭਾਟਿਆਂ ਬਾਰੇ ਬਿਆਨ ਤਾਂ ਬਹੁਤ ਸਹਿਜ ਤੇ ਸੰਤੋਖ ਨਾਲ ਕੀਤਾ ਹੈ ਪਰ ਬਹੁਤ ਥਾਈਂ ਇਹ ਪਾਠਕ ਨੂੰ ਸਹਿਜ ਨਹੀਂ ਰਹਿਣ ਦਿੰਦੇ, ਬੇਚੈਨੀ ਵਾਰ-ਵਾਰ ਕੁੰਡਾ ਖੜਕਾਉਂਦੀ ਹੈ। ਇਕ ਥਾਂ ਲੇਖਕ ਦਾ ਬਿਆਨ ਹੈ ਕਿ ਉਨ੍ਹੀਂ ਦਿਨੀਂ ਦੂਰਦਰਸ਼ਨ ਦੇ ਪ੍ਰੋਗਰਾਮ ਵੀਡੀਓ ਟੇਪ 'ਤੇ ਰਿਕਾਰਡ ਹੁੰਦੇ ਸਨ। ਇਨ੍ਹਾਂ ਟੇਪਾਂ ਦੀ ਥੋੜ੍ਹ ਹੋ ਗਈ ਤਾਂ ਪਹਿਲੇ ਬਣੇ ਪ੍ਰੋਗਰਾਮ ਮਿਟਾ ਕੇ ਦੂਜੇ ਪ੍ਰੋਗਰਾਮ ਰਿਕਾਰਡ ਕਰਨ ਦੀ ਹਦਾਇਤ ਆ ਗਈ। ਹੁਣ ਇਸ ਤੋਂ ਅਗਾਂਹ ਲਿਖਿਆ ਪੜ੍ਹੋ:

'ਐਤਵਾਰ ਦੇ ਦਿਨ ਜਦੋਂ ਦਫ਼ਤਰ ਬੰਦ ਸਨ ਤਾਂ ਕ੍ਰਿਕਟ ਮੈਚ ਰਿਕਾਰਡ ਕਰ ਕੇ ਲਿਆਏ ਕੈਮਰਾਮੈਨ ਨੂੰ ਟੇਪ ਦੀ ਲੋੜ ਪਈ। ਮੈਚ ਉਸੇ ਦਿਨ ਦਿਖਾਇਆ ਜਾਣਾ ਸੀ। ਸਰਕਾਰੀ ਹਦਾਇਤਾਂ ਮੁਤਾਬਕ ਉਹਨੇ ਆਪਣੀ ਮਰਜ਼ੀ ਨਾਲ ਟੇਪ ਲਾਇਬਰੇਰੀ ਵਿਚੋਂ ਚੁੱਕੀ ਤੇ ਉਸ 'ਤੇ ਕ੍ਰਿਕਟ ਮੈਚ ਰਿਕਾਰਡ ਕਰ ਦਿੱਤਾ। ਉਹ ਟੇਪ ਮੇਰੇ ਪ੍ਰੋਗਰਾਮ 'ਸ਼ੌਕ-ਸੁਰਾਹੀ' ਦੀ ਅੰਮ੍ਰਿਤਾ ਪ੍ਰੀਤਮ ਅਤੇ ਫ਼ੈਜ਼ ਅਹਿਮਦ ਫ਼ੈਜ਼ ਦੀ ਪੌਣੇ ਘੰਟੇ ਦੀ ਪੰਜਾਬੀ ਵਿਚ ਰਿਕਾਰਡ ਕੀਤੀ ਰਿਕਾਰਡਿੰਗ ਸੀ।... ਫ਼ੈਜ਼ ਹੁਰਾਂ ਦੀ ਅੰਮ੍ਰਿਤਾ ਨਾਲ ਉਹ ਲੰਮੀ ਮੁਲਾਕਾਤ, ਉਨ੍ਹਾਂ ਦਾ ਹਾਸਾ, ਨਜ਼ਮਾਂ ਦੀ ਅਦਾਇਗੀ, ਚਿਹਰੇ ਦੇ ਹਜ਼ਾਰਾਂ ਹਾਵ-ਭਾਵ ਹਮੇਸ਼ਾ ਲਈ ਗੁਆਚ ਗਏ।' ਹਰਜੀਤ ਸਿੰਘ ਨੇ ਅਜਿਹੇ ਸੈਂਕੜੇ ਵਾਕਿਆਤ ਇਸ ਕਿਤਾਬ ਰਾਹੀਂ ਸਾਂਝੇ ਕੀਤੇ ਹਨ। ਉੱਘੇ ਸ਼ਾਇਰ ਅਤੇ ਫਿਲਮਸਾਜ਼ ਦੇ ਚਰਚਿਤ ਲੜੀਵਾਰ 'ਮਿਰਜ਼ਾ ਗ਼ਾਲਿਬ' ਦੇ ਪਰਦੇ ਤਕ ਪੁੱਜਣ ਦਾ ਸਫ਼ਰ ਵੀ ਕਿਸੇ ਜਵਾਰ ਭਾਟੇ ਤੋਂ ਘੱਟ ਨਹੀਂ। ਅਮਿਤੋਜ ਦਾ ਕਰਜ਼ਾ ਨਾ ਮੋੜ ਸਕਣ ਵਾਲੀ ਚੀਸ ਪਾਠਕ ਦੇ ਦਿਲ ਅੰਦਰ ਵੀ ਦਰਦ ਦੀ ਲਸਰ ਛੱਡ ਜਾਂਦੀ ਹੈ।

ਭੂਮਿਕਾ ਦੇ ਆਰੰਭ ਵਿਚ ਹਰਜੀਤ ਸਿੰਘ ਨੇ ਲਿਖਿਆ ਹੈ- 'ਇਹ ਕੋਈ ਆਤਮ ਕਥਾ ਨਹੀਂ ਹੈ, ਸੰਚਾਰ ਮਾਧਿਅਮਾਂ ਵਿਚ ਪੇਸ਼ ਆਉਣ ਵਾਲੀਆਂ ਚਣੌਤੀਆਂ, ਮੁਸੀਬਤਾਂ ਤੇ ਆਨੰਦਮਈ ਘੜੀਆਂ ਦਾ ਵਰਨਣ ਹੈ।' ਉਂਝ, ਇਹ ਕਿਤਾਬ ਹੈ ਲੇਖਕ ਦੀ ਆਤਮ ਕਥਾ ਵੀ ਅਤੇ ਸੰਚਾਰ

ਮਾਧਿਆਮਾਂ ਦਾ ਇਤਿਹਾਸ ਵੀ। ਸਭ ਤੋਂ ਵੱਡੀ ਗੱਲ, ਇਸ ਕਿਤਾਬ ਰਾਹੀਂ ਧੜਕਦੀ ਜ਼ਿੰਦਗੀ ਦੇ ਦਰਸ਼ਨ ਬੜੀ ਸ਼ਿੱਦਤ ਨਾਲ ਕਰਵਾਏ ਗਏ ਹਨ। ਇਹ ਇਸ ਕਿਤਾਬ ਦਾ ਸਿਫ਼ਤੀ ਗੁਣ ਹੈ।

ਦਰਅਸਲ, ਹਰਜੀਤ ਸਿੰਘ ਦੇ ਸਮੁੱਚੇ ਸਫ਼ਰ ਦਾ ਨਾੜੂਆ ਹਮਦਮ ਆਰਟਿਸਟ ਦੀ ਉਸ ਸਲਾਹ ਨਾਲ ਜੁੜਿਆ ਹੋਇਆ ਹੈ ਜੋ ਉਸ ਨੂੰ ਆਰੰਭ ਵਿਚ ਹੀ ਮਿਲ ਗਈ ਸੀ। ਲੇਖਕ ਦਾ ਆਰਟ ਵਰਕ ਦੇਖ ਕੇ ਹਮਦਮ ਆਰਟਿਸਟ ਆਖਦਾ ਹੈ: 'ਤੇਰੇ ਸਕੈੱਚਜ਼ ਵਿਚ ਕਮਰਸ਼ੀਅਲ ਦਿੱਖ ਨਹੀਂ... ਕਰੀਏਟਿਵ ਫੀਲਡ 'ਚ ਜਾਹ।'... ਤੇ ਫਿਰ ਜਲੰਧਰ ਦੂਰਦਰਸ਼ਨ ਲਈ ਪਹਿਲਾ ਲੜੀਵਾਰ 'ਸੁਪਨੇ ਤੇ ਪਰਛਾਵੇਂ' ਬਣਾਉਣ ਵਾਲਾ ਸ਼ਖ਼ਸ ਹਰਜੀਤ ਸਿੰਘ ਹੀ ਸੀ। ਇਹ ਲੜੀਵਾਰ ਉਘੇ ਲੇਖਕ ਚਾਰਲਸ ਡਿਕਨਜ਼ ਦੇ ਮਸ਼ਹੂਰ ਨਾਵਲ 'ਡੇਵਿਡ ਕਾਪਰਫੀਲਡ' 'ਤੇ ਆਧਾਰਤ ਹੈ। ਮੁਸੀਬਤਾਂ ਦਾ ਝੰਬਿਆ ਡੇਵਿਡ ਕਾਪਰਫੀਲਡ ਹੌਲ਼ੀ-ਹੌਲ਼ੀ ਆਪਣੀ ਜ਼ਿੰਦਗੀ ਨੂੰ ਨਕੇਲ ਪਾ ਲੈਂਦਾ ਹੈ। ਇਸੇ ਤਰ੍ਹਾਂ ਹਰਜੀਤ ਸਿੰਘ ਅਨੇਕ ਦੁਸ਼ਵਾਰੀਆਂ ਨਾਲ ਦੋ-ਚਾਰ ਹੁੰਦਾ ਆਪਣੇ ਸਫ਼ਰ 'ਤੇ ਅਗਾਂਹ ਵਧਦਾ ਹੈ। ਡਿਕਨਜ਼ ਦੀਆਂ ਇਹ ਸਤਰਾਂ ਉਹਦੇ ਮਨ ਅੰਦਰ ਲਗਾਤਾਰ ਗੂੰਜਦੀਆਂ ਹਨ- 'ਕੱਲ੍ਹ ਜ਼ਿੰਦਗੀ ਵਿਚ ਤੁਸੀਂ ਕੀ ਕਰੋਗੇ, ਇਹਦਾ 'ਤੇ ਪਤਾ ਨਹੀਂ ਹੁੰਦਾ, ਪਰ ਅੱਜ ਤੁਸੀਂ ਕੀ ਕਰੋਗੇ ਕੀ ਨਹੀਂ, ਇਹ ਫ਼ੈਸਲਾ ਤੁਹਾਡਾ ਆਪਣਾ ਹੁੰਦਾ ਹੈ।' 'ਸੁਪਨੇ ਤੇ ਪਰਛਾਵੇਂ' ਅਜਿਹੇ ਫ਼ੈਸਲਿਆਂ ਵਿਚੋਂ ਕੀਤੀ ਕਮਾਈ ਦੀ ਹੀ ਲੰਮੀ ਤੇ ਅਟੁੱਟ ਲੜੀ ਹੈ।

'ਸੁਪਨੇ ਤੇ ਪਰਛਾਵੇਂ' ਦਾ ਕੋਈ ਤਤਕਰਾ ਨਹੀਂ, ਬੱਸ ਨਿੱਕੇ-ਨਿੱਕੇ ਵੇਰਵੇ ਜੁੜ ਕੇ ਨਿੱਕੇ-ਨਿੱਕੇ ਅਧਿਆਇ ਬਣਦੇ ਜਾਂਦੇ ਸਨ, ਜਿਨ੍ਹਾਂ ਅੰਦਰ ਹਜ਼ਾਰ-ਹਾ ਕਹਾਣੀਆਂ ਸਮੋਈਆਂ ਪਈਆਂ ਹਨ। ਇਨ੍ਹਾਂ ਅੰਦਰੋਂ ਦੂਹਰਾ-ਤੀਹਰਾ ਦਰਦ ਸਿੰਮਦਾ ਹੈ। 'ਬੰਦ ਦਰਵਾਜ਼ਾ' 1984 ਵਾਲੇ ਬਿਰਤਾਂਤ ਨਾਲ ਵਿੰਨ੍ਹਿਆ ਪਿਆ ਹੈ। ਅੰਮ੍ਰਿਤਾ ਪ੍ਰੀਤਮ ਨੂੰ ਇਨਕਾਰ ਦਾ ਜ਼ਾਵੀਆ ਇਸ ਵਾਕ ਅੰਦਰ, ਅੰਬਰ ਤਕ ਫੈਲ ਜਾਂਦਾ ਹੈ: 'ਸਿਰਫ਼ ਆਗਿਆਕਾਰੀ ਹੋਣਾ ਹੀ ਸੁਹਿਰਦ ਹੋਣਾ ਨਹੀਂ ਹੁੰਦਾ।' ਅੰਮ੍ਰਿਤਾ ਪ੍ਰੀਤਮ ਨੇ ਦੱਸਿਆ ਸੀ ਕਿ ਪੰਜਾਬ ਲਈ ਦਿੱਲੀ ਪੰਜਾਬੀ ਅਕਾਦਮੀ ਦੇ ਸਹਿਯੋਗ ਨਾਲ ਖ਼ਾਸ ਪ੍ਰੋਗਰਾਮ ਬਣਾਉਣੇ ਨੇ ਤਾਂ ਜੋ ਪੰਜਾਬ ਦੇ ਜ਼ਖ਼ਮਾਂ 'ਤੇ ਮਰਹਮ ਲੱਗ ਸਕੇ। ਪਰ ਪੰਜਾਬ ਤੋਂ ਬਾਹਰ ਰਹਿ ਕੇ ਪੰਜਾਬ ਲਈ ਪ੍ਰੋਗਰਾਮ ਬਣਾਉਣ ਲਈ ਲੇਖਕ ਦਾ ਮਨ ਗਵਾਹੀ ਨਹੀਂ ਭਰ ਰਿਹਾ, ਤੇ ਇਉਂ ਉਹਨੇ ਦਿੱਲੀ ਜਾਣ ਤੋਂ ਇਨਕਾਰ ਕਰ ਦਿੱਤਾ ਸੀ। 'ਚੁਰਾਸੀ' ਅਤੇ 'ਚੁਰਾਸੀ ਦਾ ਗ਼ੁਬਾਰ' ਵਿਚ ਇਸ ਦਰਦ ਦੀ ਇੰਤਹਾ ਬਿਆਨ ਹੋਈ ਹੈ। 'ਚੁਰਾਸੀ' ਦਾ ਆਖ਼ਰੀ ਵਾਕ 'ਕੋਈ ਬਹੁਤ ਹੀ ਖ਼ੌਫ਼ਨਾਕ ਭਾਣਾ ਵਰਤ ਗਿਆ ਸੀ' ਸਭ ਕੁਝ ਬਿਆਨ ਕਰ ਜਾਂਦਾ ਹੈ। ਲੇਖਕ ਦੇ ਦਿਲ ਅੰਦਰਲੀ ਬੇਚੈਨੀ ਦੇਖੋ: 'ਉਦੋਂ ਸੰਗਤ ਦੇ ਨਾਲ ਹਥਿਆਰਬੰਦ ਬੰਦਿਆਂ ਦਾ ਵਿਚਰਨਾ ਠੀਕ ਨਹੀਂ ਸੀ ਲੱਗਦਾ ਤੇ ਹੁਣ ਸੰਗਤ ਤੋਂ ਬਗ਼ੈਰ ਉਸੇ ਪਰਿਕਰਮਾ ਨੂੰ ਦੇਖ ਮਨ ਦਹਿਲ ਰਿਹਾ ਸੀ।' ਉਂਝ, 'ਕੋਠੇ 'ਤੇ ਗਲਾਸੀ' ਵਾਲਾ ਬਿਰਤਾਂਤ ਕਤਲ, ਖ਼ੌਫ਼ ਤੇ ਮਾਤਮ ਵਾਲੇ ਇਨ੍ਹਾਂ ਦਿਨਾਂ ਵਿਚ ਵੀ ਜ਼ਿੰਦਗੀ ਦੀ ਬਾਤ ਸੁਣਾ ਜਾਂਦਾ ਹੈ।

ਓਹਲੇ ਵਾਲੇ ਦਰਦ ਦੀ ਮਾਰ ਕਿੰਨੀ ਤਿੱਖੀ ਹੋ ਸਕਦੀ ਹੈ, ਇਸ ਦਾ ਅਹਿਸਾਸ 'ਚਾਚਾ ਰੌਣਕੀ ਰਾਮ' ਪੜ੍ਹਦਿਆਂ ਹੋ ਜਾਂਦਾ ਹੈ। 'ਖ਼ਵਾਹਿਸ਼' ਇਸੇ ਦਾ ਵਿਸਥਾਰ ਹੈ। ਅਸ਼ਵਨੀ ਭਾਰਦਵਾਜ ਅੰਦਰ ਕਲਾਕਾਰ ਕੈਦ ਹੈ। ਹਰਜੀਤ ਦੀ ਟਿੱਪਣੀ ਹੈ: 'ਉਸਨੂੰ ਇੰਤਜ਼ਾਰ ਹੈ, ਕਿਸੇ ਐਸੇ ਬੁੱਤਘਾੜੇ ਦੀ ਜੋ ਉਸ ਦੀ ਰੂਹ ਦੀ ਆਵਾਜ਼ ਸੁਣ ਕੇ ਉਸਨੂੰ ਪੱਥਰਾਂ ਦੀ ਕੈਦ ਤੋਂ ਮੁਕਤ ਕਰਾ ਸਕੇ।' ਇੱਥੇ ਹਰਜੀਤ ਸਿੰਘ ਦੀ ਲਿਖਤ ਦੇ ਪ੍ਰਸੰਗ ਵਿਚ ਹਮਦਮ ਆਰਟਿਸਟ ਵਾਲੀ ਟਿੱਪਣੀ ਦਾ ਚੇਤਾ ਆ ਜਾਂਦਾ ਹੈ। ਆਪਣੀ ਮੁਹੱਬਤ ਤੇਜਿੰਦਰ ਲਈ ਉਸ ਦੀ ਲਿਖੀ ਨਜ਼ਮ ਦੀ ਸਤਰ 'ਮੈਂ ਤੇਰੇ ਦੂਸਰੇ ਹੱਥ ਦੀ ਗ਼ੈਰ-ਹਾਜ਼ਿਰ ਰੇਖਾ ਹਾਂ' ਵੀ ਉਸ ਦੀ ਇਸੇ ਕਲਾਕਾਰੀ ਦੀ ਹੀ ਗਵਾਹ ਹੈ। ਬਚਪਨ ਵਿਚ ਇਕ ਹਾਦਸੇ ਦੌਰਾਨ ਤੇਜਿੰਦਰ ਦਾ ਖੱਬਾ ਹੱਥ ਅਤੇ ਜਿਸਮ ਅੱਗ ਵਿਚ ਝੁਲਸ ਗਏ ਸਨ। ਅਜਿਹੇ ਪਿਛੋਕੜ ਵਾਲੇ ਵੇਰਵੇ ਹਰਜੀਤ ਸਿੰਘ ਦੇ ਸਫ਼ਰ ਦੀ ਦਾਸਤਾਨ ਨੂੰ ਅਸਾਧਾਰਨ ਬਣਾ ਦਿੰਦੇ ਹਨ।

ਓਹਲੇ ਵਾਲੇ ਦਰਦ ਦੀ ਇਕ ਪਰਤ 'ਸੇਖੋਂ, ਸਾਹਬੋ, ਕੰਗ' ਨਾਲ ਖੁੱਲ੍ਹਦੀ ਹੈ ਅਤੇ ਦਰਦ ਦਾ ਕੋਈ ਦਰਿਆ ਵਗਣ ਲੱਗ ਪੈਂਦਾ ਹੈ। 'ਤੂਤਕ ਤੂਤੀਆਂ' ਵਾਲਾ ਦਰਦ ਤਾਂ ਮਾਨੋ, ਭਰਾੜ ਹੀ ਪਾ ਜਾਂਦਾ ਹੈ।

ਕਲਾ ਅਤੇ ਜ਼ਿੰਦਗੀ ਦੇ ਇਸ ਸਫ਼ਰ ਦੌਰਾਨ ਅਜਿਹੇ ਕਈ ਮਰਹਲੇ ਆਉਂਦੇ ਹਨ ਜਦੋਂ ਲੇਖਕ ਹਾਲਾਤ ਨੂੰ ਸਿੱਧਾ ਸੰਬੋਧਤ ਹੁੰਦਾ ਹੈ। ਦੂਰਦਰਸ਼ਨ 'ਤੇ ਵੀ ਜਦੋਂ ਸੰਚਾਰ, ਵਪਾਰ ਵਿਚ ਵਟ ਗਿਆ ਅਤੇ ਸਾਹਿਤਕ, ਕਲਾਤਮਕ ਤੇ ਸੰਜੀਦਾ ਸੰਗੀਤਕ ਪ੍ਰੋਗਰਾਮ ਅਲੋਪ ਹੋਣ ਲੱਗੇ ਤਾਂ ਉਹਨੇ ਦੂਰਦਰਸ਼ਨ ਨੂੰ ਅਲਵਿਦਾ ਆਖ ਦਿੱਤੀ। ਮੁਖ਼ਾਲਿਫ਼ ਹਾਲਾਤ ਵਿਚ ਵੀ ਵਧੀਆ ਕੰਮ ਨੇਪਰੇ ਚਾੜ੍ਹੇ। ਇਸ ਦੀ ਉਮਦਾ ਮਿਸਾਲ 'ਰਸਾਲੂ' ਵਾਲਾ ਅਧਿਆਇ ਹੈ। ਕਿਤਾਬ ਦੇ ਬਹੁਤ ਸਾਰੇ ਅਧਿਆਇ ਹਨ ਜਿਹੜੇ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਾਂਗ, ਅਰਥ ਭਰਪੂਰ ਆਖ਼ਰੀ ਵਾਕ ਨਾਲ ਮੁੱਕਦੇ ਹਨ। 'ਸੁਪਨੇ ਤੇ ਪਰਛਾਵੇਂ' ਦਾ ਅਖ਼ੀਰਲਾ ਵਾਕ ਤਾਂ ਜਾਨ ਹੀ ਕੱਢ ਲੈਂਦਾ ਹੈ।

ਤਕਰੀਬਨ ਅੱਧੀ ਸਦੀ ਤੋਂ ਵੱਖ-ਵੱਖ ਸੰਚਾਰ ਮਾਧਿਅਮਾਂ ਨਾਲ ਜੁੜੇ ਅਤੇ 'ਵਿਸਾਖੀ', 'ਹੀਰ ਰਾਂਝਾ' ਤੇ 'ਇਹੁ ਜਨਮੁ ਤੁਮਾਰੇ ਲੇਖੇ' ਵਰਗੀਆਂ ਫਿਲਮਾਂ ਦੀ ਰਚਨਾ ਕਰਨ ਵਾਲੇ ਹਰਜੀਤ ਸਿੰਘ ਨੇ 'ਸੁਪਨੇ ਤੇ ਪਰਛਾਵੇਂ' ਵਿਚ ਵੀ ਸਾਹਿਤਕੀ ਅਤੇ ਕਲਾਤਮਕ ਰੰਗ ਜੋੜਿਆ ਹੈ। ਸੱਚਲ ਪ੍ਰਕਾਸ਼ਨ ਵਾਲਿਆਂ ਕਿਤਾਬ ਸੋਹਣੀ ਛਾਪੀ ਹੈ ਪਰ ਪੰਜਾਬੀ ਵਿਚ ਅਜੇ ਪ੍ਰਕਾਸ਼ਕੀ ਛੋਹਾਂ ਦੇਣ ਦਾ ਰਿਵਾਜ ਨਹੀਂ ਪਿਆ; ਨਹੀਂ ਤਾਂ ਇਹ ਕਿਤਾਬ ਕਿਸੇ ਕਲਾਸਿਕੀ ਦੇ ਬਰਾਬਰ ਤੁਲਦੀ ਹੈ। ਕਲਾ ਅਤੇ ਕਲਾਕਾਰਾਂ ਬਾਰੇ ਅਣਗਿਣਤ ਵੇਰਵਿਆਂ ਨਾਲ ਭਰਪੂਰ ਇਹ ਰਚਨਾ ਪੰਜਾਬੀ ਪਾਠਕਾਂ ਲਈ ਨਾਯਾਬ ਤੋਹਫ਼ਾ ਹੈ। 'ਸੁਪਨੇ ਤੇ ਪਰਛਾਵੇਂ' ਦਰਸ਼ਨੀ ਕਲਾ ਦਾ ਉਤਮ ਨਮੂਨਾ ਹੈ। **–ਜਸਬੀਰ**

## ਫਨੀਅਰ (ਕਹਾਣੀ ਸੰਗ੍ਰਹਿ) ਦਰਸ਼ਨ ਜੋਗਾ

ਦਰਸ਼ਨ ਜੋਗਾ ਪੰਜਾਬੀ ਗਲਪ ਸਾਹਿਤ ਵਿਚ ਨਾਮਵਰ ਹਸਤਾਖਰ ਹੈ। ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਨਮਸਕਾਰ' 2011 ਵਿਚ ਪ੍ਰਕਾਸ਼ਤ ਹੋਇਆ ਜੋ ਪਾਠਕਾਂ ਤੇ ਆਲੋਚਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿਚ ਕਾਮਯਾਬ ਰਿਹਾ। ਕਿਸੇ ਕਹਾਣੀਕਾਰ ਦੀ ਪਲੇਠੀ ਪੁਸਤਕ ਦਾ ਦੂਜਾ ਸੰਸਕਰਣ ਛਪਣਾ ਆਪਣੇ ਆਪ ਵਿਚ ਮਾਣ ਵਾਲੀ ਗੱਲ ਹੈ, ਜੋ ਦਰਸ਼ਨ ਦੇ ਹਿੱਸੇ ਆਉਂਦਾ ਹੈ। ਦਰਸ਼ਨ ਮਾਨਸਾ ਦੇ ਇਲਾਕੇ ਨਾਲ ਸੰਬੰਧ ਰੱਖਦਾ ਹੈ। ਮਾਨਸਾ ਦੇ ਇਲਾਕੇ ਬਾਰੇ ਕਿਹਾ ਜਾ ਸਕਦਾ ਹੈ ਕਿ ਅਜੇ ਵੀ ਵਿਸ਼ਵੀਕਰਣ ਦੇ ਪ੍ਰਭਾਵ ਹੇਠ ਮੁਕੰਮਲ ਰੂਪ ਵਿਚ ਨਹੀਂ ਆਇਆ ਅਤੇ ਇਸ ਖਿੱਤੇ ਦੇ ਪਿੰਡ ਅੱਜ ਵੀ ਬਹੁਤ ਹੱਦ ਤਕ ਪੰਜਾਬ ਦੀ ਵਿਰਾਸਤ ਨੂੰ ਸਾਂਭੀ ਬੈਠੇ ਹਨ। ਦਰਸ਼ਨ ਜੋਗਾ ਆਪਣੇ ਇਲਾਕੇ ਦੀ ਵਿਰਾਸਤ ਦਾ ਕਹਾਣੀ ਵਿਚ ਪ੍ਰਤੀਰੂਪਣ ਕਰਦਾ ਹੋਇਆ ਸਾਹਿਤ ਦਾ ਹਿੱਸਾ ਬਣਾਉਣ ਵੱਲ ਅਗਰਸਰ ਹੈ। 2021 ਵਿਚ ਦਰਸ਼ਨ ਆਪਣਾ ਦੂਜਾ ਕਹਾਣੀ ਸੰਗ੍ਰਹਿ 'ਮੁਕਦੀ ਗੱਲ' ਲੈ ਕੇ ਹਾਜ਼ਰ ਹੋਇਆ ਜਿਸਦੀ ਪਹਿਲੀ ਪੁਸਤਕ ਦੀ ਤਰ੍ਹਾਂ ਹੀ ਸਾਹਿਤਕ ਗਲਿਆਰਿਆਂ ਵਿਚ ਚੰਗੀ ਚਰਚਾ ਹੋਈ। ਹੁਣ ਦਰਸ਼ਨ ਜੋਗਾ ਆਪਣਾ ਤੀਜਾ ਕਹਾਣੀ ਸੰਗ੍ਰਹਿ 'ਫਨੀਅਰ' (ਪੰਨੇ 100, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਲੈ ਕੇ ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਹੋਇਆ ਹੈ। ਵਿਦਵਾਨਾਂ ਦਾ ਮੱਤ ਹੈ ਕਿ ਲੇਖਕ ਦੀ ਤੀਸਰੀ ਪੁਸਤਕ ਹੀ ਲੇਖਕ ਦੀ ਸਮਰੱਥਾ ਤੇ ਉਸ ਦੇ ਨਿਭਾਅ ਬਾਰੇ ਦੱਸਦੀ ਹੈ। ਦਰਸ਼ਨ ਆਪਣੇ ਇਸ ਕਹਾਣੀ ਸੰਗ੍ਰਹਿ ਰਾਹੀਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਅੱਗੇ ਨੂੰ ਤੁਰਦਾ ਹੈ। ਇਸ ਗੱਲ ਦੀ ਪ੍ਰੋੜਤਾ ਪੁਸਤਕ ਦੀ ਜੈਕਟ ਉਪਰ ਲਿਖੀ ਗੁਰਬਚਨ ਸਿੰਘ ਭੁੱਲਰ ਦੀ ਟਿੱਪਣੀ ਕਰਦੀ ਹੈ, "ਦਰਸ਼ਨ ਦੀਆਂ ਇਹ ਕਹਾਣੀਆਂ ਪੜ੍ਹ ਕੇ ਉਸਦਾ ਕਲਮੀ ਵਿਕਾਸ ਤਸੱਲੀ ਦਿੰਦਾ ਹੈ।"

'ਫਨੀਅਰ' ਕਹਾਣੀ ਸੰਗ੍ਰਹਿ ਵਿਚ ਕੁੱਲ ਸੱਤ ਕਹਾਣੀਆਂ ਹਨ। ਦਰਸ਼ਨ ਆਪਣੀਆਂ ਕਹਾਣੀਆਂ ਅਕਸਰ ਉੱਤਮ ਪੁਰਖੀ ਭਾਵ ਮੈਂ ਪਾਤਰ ਦੀ ਬਿਰਤਾਂਤਕ ਜੁਗਤ ਰਾਹੀਂ ਉਸਾਰਦਾ ਹੈ।

ਇਸ ਬਿਰਤਾਂਤਕ ਜੁਗਤ ਕਾਰਨ ਉਹ ਪਾਤਰਾਂ ਦੀ ਮਾਨਸਿਕਤਾ ਦੀਆਂ ਬਾਰੀਕ ਤੰਦਾਂ ਨੂੰ ਪੇਸ਼ ਕਰਨ ਵਿਚ ਸਫ਼ਲ ਰਹਿੰਦਾ ਹੈ। ਦਰਅਸਲ ਉੱਤਮ ਪੁਰਖੀ ਜੁਗਤ ਕਾਰਨ ਲੇਖਕ ਤੇ ਮੁੱਖ ਪਾਤਰ ਅਭੇਦ ਹੋ ਜਾਂਦੇ ਹਨ ਜਿਸ ਕਾਰਨ ਕਥਾ ਵਿਚ ਰੌਚਿਕਤਾ ਤੇ ਗਹਿਰਾਈ ਦੇ ਨਾਲ-ਨਾਲ ਲੇਖਕ ਨੂੰ ਪਾਤਰ ਦੀ ਮਨੋਵਿਗਿਆਨਕ ਸਥਿਤੀ ਨੂੰ ਉਭਾਰਨ ਦੀ ਖੁੱਲ੍ਹ ਮਿਲ ਜਾਂਦੀ ਹੈ। ਮਨੋਵਿਗਿਆਨਕ ਸਥਿਤੀ ਦੀ ਪੇਸ਼ਕਾਰੀ ਲਈ ਲੇਖਕ ਮਨੋ ਬਚਨੀ ਤੇ ਪਿਛਲਝਾਤ ਦੀ ਬਿਰਤਾਂਤਕ ਜੁਗਤ ਵਰਤਦਾ ਹੈ। ਇਨ੍ਹਾਂ ਜੁਗਤਾਂ ਦੀ ਵਰਤੋਂ ਨਾਲ ਕਹਾਣੀ ਦੀ ਗਤੀ ਧੀਮੀ ਹੁੰਦੀ ਹੈ ਪਰ ਕਥਾ ਦੇ ਬਿਰਤਾਂਤ ਨੂੰ ਵਿਸ਼ਾਲਤਾ ਅਤੇ ਰਹੱਸਤਾਮਕਤਾ ਮਿਲਦੀ ਹੈ। ਭਾਵੇਂ ਆਪਣੀ ਹੱਥਲੀ ਪੁਸਤਕ ਵਿਚ ਉਸ ਨੇ ਸਾਰੀਆਂ ਕਹਾਣੀਆਂ ਇਸੇ ਵਿਧੀ ਰਾਹੀਂ ਉਸਾਰੀਆਂ ਹਨ, ਫਿਰ ਵੀ ਕਿਤੇ ਵੀ ਪਾਠਕ ਲਈ ਰਹੱਸ ਦਾ ਭੇਦ ਤੇ ਬਿਰਤਾਂਤ ਪੇਤਲਾ ਪੈਂਦਾ ਵਿਖਾਈ ਨਹੀਂ ਦਿੰਦਾ। ਇਹੀ ਦਰਸ਼ਨ ਦੀ ਕਲਾਤਮਕਤਾ ਹੈ ਕਿ ਉਸ ਕੋਲ਼ ਕਹਾਣੀ ਵੀ ਹੈ ਅਤੇ ਉਸ ਨੂੰ ਕਹਿਣ ਦੀ ਜੁਗਤ ਵੀ।

ਪੁਸਤਕ ਵਿਚਲੀਆਂ ਕਹਾਣੀਆਂ ਅੱਜੋਕੇ ਸੰਸਾਰ ਦੇ ਵਰਤਾਰੇ ਵਿਚ ਤੇਜ਼ੀ ਨਾਲ ਬਦਲ ਰਹੀਆਂ ਪਰਿਸਥਿਤੀਆਂ ਦੇ ਅਨੁਸਾਰ ਬਦਲ ਰਹੇ ਮਨੁੱਖੀ ਸੁਭਾਅ ਤੇ ਮਾਨਵੀ ਰਿਸ਼ਤਿਆਂ ਦੇ ਰੂਪਾਂਤਰਨ ਅਤੇ ਉਹਨਾਂ ਦੇ ਸਮਾਜ-ਸਭਿਆਚਾਰਕ, ਆਰਥਿਕ ਤੇ ਪਰਿਵਾਰਕ ਪ੍ਰਭਾਵਾਂ ਨਾਲ ਸੰਬੰਧਤ ਹਨ। ਪਿੰਡ ਨਾਲ ਜੁੜਿਆ ਬੰਦਾ ਕਿਵੇਂ ਵਿਸ਼ਵੀਕਰਨ ਵਰਗੇ ਵਰਤਾਰਿਆਂ ਦੇ ਪ੍ਰਭਾਵ ਹੇਠ ਅਛੋਪਲੇ ਹੀ ਆ ਰਿਹਾ ਹੈ ਅਤੇ ਆਪਣੀ ਮਾਨਸਿਕ ਸਥਿਤੀ ਦੇ ਸਥੂਲ ਸੰਸਾਰੀ ਸਥਿਤੀਆਂ ਦੇ ਰੂਪਾਂਤਰਨ ਪ੍ਰਤੀ ਪ੍ਰਤੀਕੂਲਣ ਕਾਰਨ ਪੈਦਾ ਹੋ ਰਹੀ ਅਸਹਿਜਤਾ ਨੂੰ ਆਪਣੇ ਪਿੰਡੇ ’ਤੇ ਕਿਵੇਂ ਹੰਢਾ ਰਿਹਾ ਹੈ, ਨੂੰ ਕਹਾਣੀਆਂ ਵਿਚ ਮਾਰਮਿਕਤਾ ਸਹਿਤ ਰੂਪਮਾਨ ਕੀਤਾ ਗਿਆ ਹੈ। ਜਦੋਂ ਬਾਹਰੀ ਸੰਸਾਰ ਤੇਜ਼ੀ ਨਾਲ ਬਦਲ ਰਿਹਾ ਹੈ ਤੇ ਪੱਛਮੀ ਸਭਿਆਚਾਰ ਦਾ ਪ੍ਰਛਾਵਾਂ ਪੰਜਾਬੀ ਸਭਿਆਚਾਰ ਨੂੰ ਆਪਣੇ ਗਲਬੇ ਵਿਚ ਲੈ ਰਿਹਾ ਹੈ ਤਾਂ ਪੰਜਾਬੀ ਬੰਦਾ ਜੋ ਜਾਗੀਰੂ ਕਦਰਾਂ-ਕੀਮਤਾਂ ਨੂੰ ਆਪਣੇ ਆਪੇ ਨਾਲ ਪਰੁੰਨੀ ਬੈਠਾ ਹੈ ਜਾਂ ਕਮਜ਼ੋਰ ਆਰਥਿਕਤਾ ਕਾਰਨ ਜਾਗੀਰੂ ਮੁੱਲ ਵਿਧਾਨ ’ਤੇ ਟੇਕ ਰੱਖਦਾ ਹੈ, ਉਸ ਦਾ ਦਵੰਦਾਤਮਕਤਾ ਦਾ ਸ਼ਿਕਾਰ ਹੋਣਾ ਤੈਅ ਹੈ। ਦਰਸ਼ਨ ਦੀਆਂ ਕਹਾਣੀਆਂ ਅਜਿਹੇ ਪਾਤਰਾਂ ਦੀ ਮਨੋਸਥਿਤੀ ਤੇ ਸਮਾਜ-ਸਭਿਆਚਾਰਕ ਦਵੰਦਾਂ ਨੂੰ ਪੇਸ਼ ਕਰਦੀਆਂ ਹਨ ਅਤੇ ਬਦਲ ਰਹੇ ਵਰਤਾਰਿਆਂ ਦੇ ਪ੍ਰਭਾਵ ਤਹਿਤ ਆ ਰਹੇ ਸਮਾਜ-ਸਭਿਆਚਾਰਕ ਤੇ ਪਰਿਵਾਰਕ ਰੂਪਾਂਤਰਨਾਂ ਨੂੰ ਉਭਾਰਦੀਆਂ ਹਨ।

‘ਕੁਛ ਨੀਂ ਹੁੰਦਾ’ ਪੁਸਤਕ ਦੀ ਪਹਿਲੀ ਕਹਾਣੀ ਵਿਚ ਮੈਂ ਪਾਤਰ ਜੋ ਆਪਣੀ ਜੱਦ ਦੀ ਵਿਰਾਸਤ ਨੂੰ ਅੱਗੇ ਤੋਰਦਾ ਹੈ ਅਤੇ ਆਪਣੀ ਵਿਰਾਸਤ ਦੀ ਹਉਮੈ ਵੀ ਰੱਖਦਾ ਹੈ, ਆਪਣੇ ਪੁੱਤਰ ਦੇ ਸਮਾਜ-ਸਭਿਆਚਾਰਕ ਪਰਿਵਰਤਨਾਂ ਕਾਰਨ ਬਦਲੀਆਂ ਰੁਚੀਆਂ ਕਰ ਕੇ ਮਾਨਸਿਕ ਪੱਧਰ ’ਤੇ ਪਰੇਸ਼ਾਨ ਹੈ। ਉਹ ਜਾਗੀਰੂ ਕਦਰਾਂ ਨੂੰ ਪਰਨਾਇਆ ਹੋਇਆ ਪਾਤਰ ਹੈ ਅਤੇ ਆਪਣੇ ਪੁੱਤਰ ਰਾਹੀਂ ਆਪਣੀ ਜੱਦ ਨੂੰ ਜਾਗੀਰੂ ਮੁੱਲ ਵਿਧਾਨ ਅਨੁਸਾਰ ਹੀ ਜਿਉਂਦਾ ਰੱਖਣਾ ਲੋਚਦਾ ਹੈ। ਪਰ ਉਸ ਦਾ ਪੁੱਤਰ ਸੰਗੀਤਕਾਰ ਬਣਦਾ ਹੈ ਅਤੇ ਹਿਮਾਚਲੀ ਪਿਛੋਕੜ ਵਾਲੀ ਸ਼ਾਮੋ ਦੀ ਕੁੜੀ ਵਿਸ਼ਵ ਨਾਲ ਪਿਆਰ ਵਿਆਹ ਕਰਵਾ ਲੈਂਦਾ ਹੈ। ਕਹਾਣੀ ਵਿਚ ਕੁੜੀ ਦਾ ਨਾਮ ‘ਵਿਸ਼ਵ’ ਤੇ ਕਹਾਣੀ ਦਾ ਸਿਰਲੇਖ ‘ਕੁਛ ਨੀਂ ਹੁੰਦਾ’ ਸੰਕੇਤਮਈ ਹਨ ਜੋ ਸਮਾਜ ਦੇ ਬਦਲਾਅ ਵੱਲ ਇਸ਼ਾਰਾ ਕਰਦਾ ਹੈ ਅਤੇ ਉਸ ਦੀ ਵਿਆਪਕਤਾ ਨੂੰ ਦਰਸਾਉਂਦਾ ਹੈ।

ਦੂਜੀ ਕਹਾਣੀ ‘ਅੰਬਰੀ ਆਂਡਾ’ ਹੈ ਜਿਸ ਵਿਚ ਅੱਧਖੜ ਉਮਰ ਦੇ ਵਿਅਕਤੀਆਂ ਦੀਆਂ ਕਾਮੁਕ ਰੁਚੀਆਂ ਤੇ ਬੱਚਿਆਂ ਦੇ ਜਿਣਸੀ ਸ਼ੋਸ਼ਣ ਦੀ ਬਾਤ ਪਾਈ ਗਈ ਹੈ। ਕਥਾ ਵਿਚ ਮੈਂ ਪਾਤਰ ਦੇ ਭਰਾ ਤੇ ਭਾਬੀ ਦੀ ਬੇਵਕਤੀ ਮੌਤ ਕਾਰਨ, ਉਸ ਦੇ ਭਤੀਜੇ ਦਾ ਇਕਲੌਤਾ ਸਹਾਰਾ ਮੈਂ ਪਾਤਰ ਹੀ ਬੱਚਦੀ ਹੈ। ਉਹ ਸਨੇਹ ਨੂੰ ਆਪਣੇ ਵਿਆਹ ਬਾਅਦ ਆਪਣੇ ਨਾਲ ਰੱਖਦੀ ਹੈ। ਪਰ ਉਸ ਦਾ

ਸਹੁਰਾ ਸਨੇਹ ਦਾ ਜਿਣਸੀ ਸੋਸ਼ਣ ਕਰਦਾ ਹੈ। ਸਮਾਜ-ਸਭਿਆਚਾਰਕ ਇੱਜ਼ਤ ਤੇ ਜਾਗੀਰੂ ਕਦਰਾਂ ਕਾਰਨ ਪਤੀ ਕਮਲ ਵੀ ਚੁੱਪ ਵੱਟ ਕੇ ਆਪਣੇ ਬਾਪ ਦਾ ਸਾਥ ਦਿੰਦਾ ਹੈ। ਪਰ ਮੈਂ ਪਾਤਰ ਇਸ ਅਪਰਾਧ ਵਿਰੁੱਧ ਡੱਟਦੀ ਹੈ। ਅਗਲੀ ਕਹਾਣੀ 'ਫਨੀਅਰ' ਪੁਸਤਕ ਦੀ ਸਿਰਨਾਵੀਂ ਕਹਾਣੀ ਹੈ ਜਿਸ ਵਿਚ ਮੈਂ ਪਾਤਰ ਮਲਕੀਤ ਦੀ ਆਪਣੀ ਜਵਾਨੀ ਵੇਲੇ ਦੀ ਅਧੂਰੀ ਰਹਿ ਗਈ ਪਿਆਰ ਕਹਾਣੀ ਦੀ ਕਸਕ ਨੂੰ ਬਿਆਨ ਕੀਤਾ ਗਿਆ ਹੈ। ਕਹਾਣੀ ਪੇਂਡੂ ਮੇਲੇ ਦੀ ਕਵਰੇਜ ਕਰਨ ਆਈ ਜੀਨਾ ਦੇ ਮਾਧਿਅਮ ਰਾਹੀਂ ਪਿਛਲਝਾਤ ਦੀ ਜੁਗਤ ਰਾਹੀਂ ਅੱਗੇ ਤੁਰਦੀ ਹੈ ਅਤੇ ਨਾਲ ਹੀ ਅੱਜੋਕੇ ਪੇਂਡੂ ਮੇਲਿਆਂ ਦੇ ਇਤਿਹਾਸਕ/ਮਿਥਿਹਾਸਕ ਪਿਛੋਕੜ ਦੀ ਮਹਤੱਤਾ ਦਰਸਾਉਂਦੀ ਹੈ। ਅਸਲ ਵਿਚ ਕਹਾਣੀ ਮਲਕੀਤ ਤੇ ਨਿਮਰਤ ਦੇ ਅੰਤਰਜਾਤੀ ਪਿਆਰ ਦੀ ਹੈ ਜੋ ਜਾਗੀਰੂ ਕਦਰਾਂ-ਕੀਮਤਾਂ ਦੀ ਵਲਗਣ ਤੋਂ ਪਾਰ ਜਾਣ ਵਿਚ ਅਸਫਲ ਰਹਿੰਦਾ ਹੈ। ਨਾਲ ਆਰਥਿਕਤਾ ਦੀ ਮਹਤੱਤਾ ਨੂੰ ਨਿਮਰਤ ਦੇ ਪਤੀ ਦੀ ਕੈਨੇਡਾ ਦੇ ਪੀ.ਆਰ. ਰਾਹੀਂ ਦਰਸਾਇਆ ਗਿਆ ਹੈ। ਅਸਲ ਵਿਚ ਨਿਮਰਤ ਦੇ ਮਨ ਵਿਚ ਵੀ ਪ੍ਰਵਾਸ ਦੀ ਉਡਾਰੀ ਦੀ ਖਿੱਚ ਮਲਕੀਤ ਦੇ ਪਿਆਰ ਤੋਂ ਉੱਚੀ ਹੋ ਨਿਬੜਦੀ ਹੈ।

'ਸਿੱਧੀਆਂ ਧਾਰਾਂ' ਵੀ ਜਾਗੀਰੂ ਕਦਰਾਂ-ਕੀਮਤਾਂ ਤੇ ਮੁੱਲ ਵਿਧਾਨ ਨੂੰ ਰੂਪਮਾਨ ਕਰਦੀ ਕਹਾਣੀ ਹੈ। ਇਸ ਵਿਚ ਜਾਇਦਾਦ ਦੀ ਇਕ ਮੁੱਠ ਬਣਾਈ ਰੱਖਣ ਲਈ ਜਾਗੀਰੂ ਕਦਰਾਂ ਅਨੁਰੂਪ ਨੂੰਹ ਨੂੰ ਗੁੱਡੂ ਨਾਲ ਜਿਣਸੀ ਸਾਂਝ ਬਣਾਉਣੀ ਪੈਂਦੀ ਹੈ। ਜੇਠ ਭਰਜਾਈ ਦੇ ਸਰੀਰਕ ਸੰਬੰਧਾਂ ਨੂੰ ਸੱਸ (ਮੈਂ ਪਾਤਰ) ਰਾਹੀਂ ਸਿੱਧੀਆਂ ਧਾਰਾਂ ਕਹਿ ਕੇ ਪ੍ਰਤੀਕਮਈ ਰੂਪ ਵਿਚ ਪ੍ਰਵਾਨਗੀ ਦਿੱਤੀ ਜਾਂਦੀ ਹੈ। 'ਇਕ ਦਰਵਾਜ਼ਾ' ਅਤੇ 'ਲਕੀਰ' ਕਹਾਣੀ ਵੀ ਬਦਲਵੇਂ ਰੂਪ ਤੇ ਬਦਲੀਆਂ ਸਥਿਤੀਆਂ ਅਧੀਨ ਇਸੇ ਵਿਸ਼ੇ ਨੂੰ ਸੰਬੋਧਤ ਹਾਂ।

ਦਰਸ਼ਨ ਜੋਗਾ ਇਸ ਪੁਸਤਕ ਰਾਹੀਂ ਕਹਾਣੀ ਦੇ ਖੇਤਰ ਵਿਚ ਆਪਣੀ ਬਣੀ ਪਛਾਣ ਨੂੰ ਬਰਕਰਾਰ ਹੀ ਨਹੀਂ ਰੱਖਦਾ ਬਲਕਿ ਹੋਰ ਨਿਖਾਰਦਾ ਹੈ। ਉਮੀਦ ਹੈ ਪਾਠਕ ਦਰਸ਼ਨ ਦੀ ਕਹਾਣੀ ਦੀ ਪੜ੍ਹਤ ਰਾਹੀਂ ਪਿੰਡ ਅਤੇ ਬਦਲ ਰਹੇ ਸਮੀਕਰਨਾਂ ਦੇ ਪ੍ਰਭਾਵ ਹੇਠ ਆ ਰਹੇ ਪੇਂਡੂ ਬੰਦੇ ਦੇ ਮਾਨਸਿਕ ਦਵੰਦਾਂ ਤੇ ਚਣੌਤੀਆਂ ਨੂੰ ਸਮਝ ਸਕਣਗੇ। **-ਪਰਗਟ ਸਿੰਘ ਬਰਾੜ**

## ਨਿੱਕੀਆਂ ਵੱਡੀਆਂ ਗੱਲਾਂ (ਵਾਰਤਕ) ਪ੍ਰੇਮ ਮਾਨ

ਨਿਊਯਾਰਕ (ਅਮਰੀਕਾ) ਨਿਵਾਸੀ ਡਾ. ਪ੍ਰੇਮ ਮਾਨ ਕਿੱਤੇ ਵਜੋਂ ਯੂਨੀਵਰਸਿਟੀ ਤੋਂ ਸੇਵਾ ਮੁਕਤ ਪ੍ਰੋਫੈਸਰ ਅਤੇ ਸਾਹਿਤ ਦੇ ਖੇਤਰ ਵਿਚ ਸਰਗਰਮ ਸ਼ਖ਼ਸੀਅਤ ਹੈ ਜੋ ਕਹਾਣੀ ਅਤੇ ਗ਼ਜ਼ਲ ਸੰਗ੍ਰਹਿ ਦੀ ਰਚਨਾ ਦੇ ਨਾਲ 'ਅੰਦਰੇਟੇ ਦਾ ਜੋਗੀ' ਨਾਂ ਦਾ ਰੇਖਾ-ਚਿੱਤਰ ਸੰਗ੍ਰਹਿ ਵੀ ਪ੍ਰਕਾਸ਼ਤ ਕਰਵਾ ਚੁੱਕਾ ਹੈ। ਹੁਣ ਉਸਨੇ 'ਨਿੱਕੀਆਂ ਵੱਡੀਆਂ ਗੱਲਾਂ' (ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, ਪੰਨੇ 135, ਮੁੱਲ 220 ਰੁਪਏ) ਨਾਂ ਦੀ ਵਾਰਤਕ ਪੁਸਤਕ ਛਪਵਾਈ ਹੈ ਜਿਸ ਵਿਚ 27 ਲੇਖ ਸ਼ਾਮਲ ਹਨ। ਆਪਣੇ ਸਾਹਿਤਕ ਸਫਰ ਦੌਰਾਨ ਸਮੇਂ ਸਮੇਂ ਪ੍ਰੋਫੈਸਰ ਮਾਨ ਨੇ ਸਮਾਜਕ, ਸੱਭਿਆਚਾਰਕ, ਨੈਤਿਕ ਵਿਸ਼ਿਆਂ ਬਾਰੇ ਆਪਣੇ ਵਿਚਾਰਾਂ ਦਾ ਇਜ਼ਹਾਰ ਕਰਨ ਲਈ ਲੇਖ ਲਿਖੇ ਹਨ ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਪਰ ਪੁਸਤਕ ਵਿਚ ਉਸ ਨੇ ਆਪਣੇ ਲਿਖੇ ਅਜਿਹੇ ਸਾਰੇ ਲੇਖ ਸ਼ਾਮਲ ਨਹੀਂ ਕੀਤੇ। ਉਹ ਲੇਖ ਹੀ ਸ਼ਾਮਲ ਕੀਤੇ ਗਏ ਹਨ, ਲੇਖਕ ਦੀ ਆਪਣੀ ਕਸਵੱਟੀ ਅਨੁਸਾਰ 'ਜਿਹਨਾਂ ਦੀ ਮਹੱਤਤਾ ਅੱਜ ਵੀ ਹੈ ਤੇ ਭਵਿੱਖ ਵਿਚ ਵੀ ਰਹੇਗੀ'।

'ਸਾਡਾ ਵਿਵਹਾਰ' ਨਾਂ ਦੇ ਪੁਸਤਕ ਦੇ ਪਹਿਲੇ ਲੇਖ ਵਿਚ ਲੇਖਕ ਨੇ Politically correct ਤੇ Politically incorrect ਵਿਵਹਾਰ ਬਾਰੇ ਗੱਲਾਂ ਕੀਤੀਆਂ ਹਨ। ਅੱਜੋਕੇ ਯੁੱਗ ਵਿਚ ਬਹੁਤੀਆਂ ਸਮੱਸਿਆਵਾਂ ਦਾ ਕਾਰਨ ਸਾਡਾ ਵਿਵਹਾਰ ਹੀ ਹੁੰਦਾ ਹੈ। ਆਮ ਗੱਲਬਾਤ ਵਿਚ ਵਰਤੇ ਜਾਂਦੇ

ਮੁਹਾਵਰੇ ਤੇ ਸ਼ਬਦਾਂ 'ਤੇ ਗੱਲ ਕੀਤੀ ਗਈ ਹੈ ਜੋ ਭੱਦੇ ਮਜ਼ਾਕ ਹੁੰਦੇ ਹਨ। ਅਮਰੀਕਾ ਵਿਚ ਅਜਿਹਾ ਵਿਵਹਾਰ ਸਵੀਕਾਰ ਨਹੀਂ ਕੀਤਾ ਜਾਂਦਾ। ਪਰ ਪੰਜਾਬੀ ਅਜਿਹੇ ਵਿਵਹਾਰ ਨੂੰ ਅਕਸਰ ਮਜ਼ਾਕ ਵਿਚ ਲੈ ਲੈਂਦੇ ਹਨ। ਲੇਖਕ ਦੇ ਮੱਤ ਅਨੁਸਾਰ, ਸਾਹਿਤ ਅਤੇ ਸੋਸ਼ਲ ਮੀਡੀਆ 'ਤੇ ਅਜਿਹੇ ਵਿਵਹਾਰ ਵਾਲੀ ਗੱਲ ਸਾਨੂੰ ਸਵੀਕਾਰਨੀ ਨਹੀਂ ਚਾਹੀਦੀ ।

ਦੂਜੇ ਨੂੰ ਗੁਲਾਮ ਬਣਾ ਕੇ ਰੱਖਣ ਦੀ ਮਾਨਸਿਕਤਾ ਦੀ ਗੱਲ 'ਅਸੀਂ ਗ਼ੁਲਾਮ ਰੱਖਣ ਦੇ ਆਦੀ ਕਿਉਂ ਹਾਂ?' ਨਾਂ ਦੇ ਲੇਖ ਵਿਚ ਕੀਤੀ ਗਈ ਹੈ। ਇਤਿਹਾਸ ਦੇ ਇਕ ਕਾਲ ਵਿਚ ਗ਼ੁਲਾਮੀ ਦੀ ਪ੍ਰਥਾ ਜ਼ਬਰਦਸਤ ਰੂਪ ਵਿਚ ਪ੍ਰਚੱਲਤ ਰਹੀ ਹੈ। ਅਮਰੀਕਾ ਦੀ ਵਸੋਂ ਦਾ ਬਹੁਤ ਵੱਡਾ ਹਿੱਸਾ ਅਫਰੀਕਾ ਵਿਚ ਢੋਹ ਕੇ ਲਿਆਂਦੇ ਗ਼ੁਲਾਮ ਸਨ। ਪਰ ਅਮਰੀਕਾ ਨੇ ਸੰਵਿਧਾਨਕ ਸੋਧ ਨਾਲ 1865 ਡਿਚ ਗ਼ੁਲਾਮੀ ਖਤਮ ਕਰ ਦਿੱਤੀ ਸੀ। ਅਮਰੀਕਾ ਇਕ ਵਿਕਸਤ ਦੇਸ਼ ਹੈ ਤੇ ਇਸ ਲਈ ਉੱਥੇ ਅਜਿਹੀ ਕਿਸੇ ਘਟਨਾ ਦਾ ਸਖਤ ਨੋਟਿਸ ਲਿਆ ਜਾਂਦਾ ਹੈ ਤੇ ਸਜ਼ਾ ਹੁੰਦੀ ਹੈ। ਹਿੰਦੁਸਤਾਨ ਵਿਚ ਗ਼ੁਲਾਮੀ ਦੀ ਪ੍ਰਥਾ ਨਾਲੋਂ ਵੀ ਘਿਰਣਤ ਇਸ ਭਾਵ ਦੀ ਮਾਨਸਿਕਤਾ ਹੈ ਜਿੱਥੇ ਨੌਕਰਾਂ ਨੂੰ ਤਾਂ ਗ਼ੁਲਾਮ ਸਮਝਿਆ ਜਾਂਦਾ ਹੀ ਹੈ, ਔਰਤਾਂ ਵੀ ਪਤੀ ਤੇ ਸਹੁਰੇ ਘਰ ਦੇ ਹੋਰ ਮੈਂਬਰਾਂ ਦੀ ਗ਼ੁਲਾਮੀ ਭੋਗਦੀਆਂ ਹਨ। ਅਜਿਹੀ ਮਾਨਸਿਕਤਾ ਹਿੰਦੁਸਤਾਨੀਆਂ ਨੇ ਵਿਦੇਸ਼ਾਂ ਵਿਚ ਰਹਿੰਦਿਆਂ ਵੀ ਨਹੀਂ ਛੱਡੀ। ਲੇਖਕ ਅਨੁਸਾਰ ਆਪਣੇ ਕਾਮਿਆਂ ਨੂ ਗ਼ੁਲਾਮ ਬਣਾ ਕੇ ਰੱਖਣ ਦੀ ਰੁਚੀ ਦੇ ਨਾਲ ਬਹੁਤੀਆਂ ਸਥਿਤੀਆਂ ਵਿਚ ਆਮ ਵਿਹਾਰ ਵਿਚ 'ਅਸੀਂ ਆਪਣੇ ਦੋਸਤਾਂ ਨੂੰ ਵੀ ਆਪਣੇ ਗ਼ੁਲਾਮਾਂ ਦਾ ਦਰਜਾ ਹੀ ਦਿੰਦੇ ਹਾਂ... ਅਸੀਂ ਚਾਹੁੰਦੇ ਹਾਂ ਕਿ ਦੋਸਤ ਹਮੇਸ਼ਾ ਸਾਡੀ ਹਾਂ ਵਿਚ ਹਾਂ ਹੀ ਮਿਲਾਉਣ ਅਤੇ ਕਦੇ ਵੀ ਸਾਡਾ ਵਿਰੋਧ ਨਾ ਕਰਨ।'

'ਹਰ ਇਕ ਦਾ ਪਿਉ ਹੁੰਦੈ' ਵਿਚ ਗੱਲ ਜੈਵਿਕ ਪਿਤਾ ਦੀ ਨਹੀਂ, ਸਗੋਂ ਇਸ ਨੂੰ ਮੁਹਾਵਰੇ ਦੇ ਤੌਰ 'ਤੇ ਸਪਸ਼ਟ ਕਰਦਿਆਂ ਦੱਸਿਆ ਗਿਆ ਹੈ ਕਿ "ਅਸੀਂ ਜਿੰਨੇ ਮਰਜ਼ੀ ਸਿਆਣੇ ਜਾਂ ਵਧੀਆ ਹੋਈਏ...ਅਸਲ ਵਿਚ ਸਾਥੋਂ ਵਧੀਆ ਤੇ ਸਿਆਣੇ ਲੱਖਾਂ ਕਰੋੜਾਂ ਇਨਸਾਨ ਹਨ ਜਾਂ ਹੋਏ ਹਨ ਜਾਂ ਹੋ ਜਾਣਗੇ।" 'ਹਮ ਹੈਂ ਹਿੰਦੁਸਤਾਨੀ-ਕਿੰਨੇ ਕੁ?' ਵਿਚ ਲੇਖਕ ਹਿੰਦੁਸਤਾਨ ਵਿਚ ਫੈਲ ਰਹੀ ਧਾਰਮਿਕ ਕੱਟੜਤਾ ਬਾਰੇ ਗੱਲ ਕਰਦਾ ਹੈ ਜਿਸ ਅਨੁਸਾਰ ਏਥੋਂ ਦੇ ਲੋਕੀਂ ਹਿੰਦੁਸਤਾਨੀ ਹੋਣ ਨਾਲੋਂ ਸਿੱਖ, ਹਿੰਦੂ, ਮੁਸਲਮਾਨ ਆਦਿ ਹੋਣ ਅਤੇ ਕਿਸੇ ਖਾਸ ਰਾਜ ਜਾਂ ਖਿੱਤੇ ਦੇ ਵਸਨੀਕ ਹੋਣ ਦਾ ਵਧੇਰੇ ਮੋਹ ਪਾਲ ਰਹੇ ਹਨ। ਹਰ ਸੂਬੇ ਦੇ ਲੋਕ ਹਰ ਥਾਂ ਵਸ ਸਕਦੇ ਹਨ ਪਰ ਸਾਡੀ ਰੁਚੀ ਆਪਣੇ ਹੀ ਦੇਸ਼ ਦੇ ਹੋਰਾਂ ਸੂਬਿਆਂ ਦੇ ਨਾਗਰਿਕਾਂ ਨੂੰ ਪਰਵਾਸੀ ਸਮਝਣ ਦੀ ਹੈ। ਨਸਲੀ ਪੱਖਪਾਤ ਸਾਡੀ ਸੋਚ ਦਾ ਹਿੱਸਾ ਹੈ ਅਤੇ ਧਰਮ ਦੇ ਆਧਾਰ 'ਤੇ ਬਣੀਆਂ ਸਿੱਖਿਆ ਸੰਸਥਾਵਾਂ ਵੀ ਫਿਰਕੂ ਪੱਖਪਾਤ ਦਾ ਸੰਚਾਰ ਕਰਦੀਆਂ ਹਨ। ਜੇਕਰ ਦੇਸ਼ ਨੇ ਤਰੱਕੀ ਕਰਨੀ ਹੈ ਤਾਂ ਲੋੜ ਹੈ ਅਜਿਹੀ ਸੋਚ ਤੋਂ ਬਚਣ ਦੀ। 'ਅਸੀਂ ਕਦੋਂ ਸਿੱਖਦੇ ਹਾਂ?' ਵਿਚ ਲੇਖਕ ਨੇ ਦੱਸਿਆ ਹੈ ਕਿ ਅਸੀਂ ਬੋਲਣ ਨਾਲ ਨਹੀਂ, ਸੁਣਨ ਨਾਲ ਸਿੱਖਦੇ ਹਾਂ, ਸੁਣ ਕੇ ਮੰਨਣ ਨਾਲ ਗੱਲ ਪੱਕੀ ਹੁੰਦੀ ਹੈ। ਸਿੱਖਣ ਦੀ ਚਾਹਤ ਤੇ ਪੜ੍ਹਨ ਦੀ ਆਦਤ ਦਾ ਵੀ ਸਿੱਖ ਸਕਣ ਨਾਲ ਡੂੰਘਾ ਸੰਬੰਧ ਹੈ। ਪਰ ਜਦੋਂ ਪ੍ਰਸ਼ੰਸਾ ਸੁਣਨ ਦੀ ਆਦਤ ਪੈ ਜਾਵੇ ਅਤੇ ਆਲੋਚਨਾ ਨਾ ਸੁਣੀ ਜ ਸਕੀਏ ਤਾਂ ਅਸੀਂ ਕੁਝ ਨਹੀਂ ਸਿੱਖ ਸਕਦੇ।

ਪੁਸਤਕ ਵਿਚਲੇ ਸਾਰੇ ਲੇਖਾਂ ਦੇ ਸਿਰਲੇਖ ਹੀ ਇਹ ਦਰਸਾਉਂਦੇ ਹਨ ਕਿ ਇਹਨਾਂ ਵਿਚ ਜੀਵਨ ਦੇ ਆਮ ਹਾਲਾਤ ਦਾ ਵਿਉਰਾ ਦਿੰਦਿਆਂ ਹੋਇਆਂ ਟਿੱਪਣੀ ਕੀਤੀ ਗਈ ਹੈ। ਕਿਸੇ ਤਰ੍ਹਾਂ ਦੀ ਪੰਡਤਾਊ ਗੱਲ ਨਹੀਂ ਕੀਤੀ ਗਈ, ਹਾਲਾਂਕਿ ਕਿੱਤੇ ਵਜੋਂ ਯੂਨੀਵਰਸਿਟੀ ਪ੍ਰੋਫੈਸਰ ਹੋਣ ਦੇ ਨਾਤੇ ਲੇਖਕ ਤੋਂ ਇਸਦੀ ਆਸ ਕੀਤੀ ਜਾ ਸਕਦੀ ਸੀ। ਲੇਖਕ ਭਾਵੇਂ ਲੰਮੇਂ ਸਮੇਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ ਪਰ ਆਪਣੇ ਮੂਲ ਦੇਸ਼ ਹਿੰਦੁਸਤਾਨ ਅਤੇ ਪੰਜਾਬ ਦੀ ਧਰਤੀ ਨਾਲ ਉਸਨੇ ਰਿਸ਼ਤਾ ਬਣਾਈ ਰੱਖਿਆ ਹੈ। ਇਸ ਲਈ ਏਥੋਂ ਦੇ ਸਮਾਜ ਤੇ ਵਿਵਸਥਾ ਵਿਚ ਆਉਂਦੇ ਵਿਗਾੜਾਂ

ਉੱਤੇ ਫਿਕਰਮੰਦ ਹੋਇਆ ਉਹ ਕਈ ਹਾਲਤਾਂ ਵਿਚ ਬਹੁਤ ਤਿੱਖਾ ਪ੍ਰਤੀਕਰਮ ਦਿੰਦਾ ਤੇ ਸਖਤ ਆਲੋਚਨਾ ਕਰਦਾ ਹੈ। ਹਿੰਦੁਸਤਾਨੀਆਂ ਵਿਚ ਮੌਜੂਦ ਮਾੜੀਆਂ ਆਦਤਾਂ, ਬੇਈਮਾਨੀ, ਭ੍ਰਿਸ਼ਟਾਚਾਰ, ਹੇਰਾਫੇਰੀ ਆਦਿ ਦਾ ਵਰਨਣ ਕਰਦਿਆਂ ਉਹ ਉਹਨਾਂ ਵਿਚ ਇਖਲਾਕੀ ਸੁਧਾਰ ਦੀ ਲੋੜ ਉੱਤੇ ਬਲ ਦਿੰਦਾ ਹੈ। ਉਸ ਅਨੁਸਾਰ ਪ੍ਰੋ. ਪੂਰਨ ਸਿੰਘ ਦੀ ਕਵਿਤਾ ਤੇ ਗਿਆਨੀ ਦਿੱਤ ਸਿੰਘ ਦੀ ਪੁਸਤਕ ਵਾਲਾ ਸੱਭਿਆਚਾਰ ਅਲੋਪ ਹੋ ਚੁੱਕਾ ਹੈ ਕਿਉਂਕਿ ਇਸ ਸਦੀ ਵਿਚ ਸਾਡੇ ਤਿਉਹਾਰ, ਰਿਸ਼ਤੇ, ਸਾਂਝਾਂ, ਖਾਣ ਪੀਣ, ਰਸਮ ਰਿਵਾਜ, ਲੋਕ ਗੀਤ, ਸੰਗੀਤ ਸਭ ਬਦਲ ਗਿਆ ਹੈ।

ਅਮਰੀਕਾ ਵਿਚ ਵਸਦੇ ਹੋਣ ਕਾਰਨ ਅਕਸਰ ਬਹੁਤ ਸਾਰੀਆਂ ਗੱਲਾਂ ਦੇ ਸੰਬੰਧ ਵਿਚ ਉਸ ਨੇ ਤੁਲਨਾ ਵਜੋਂ ਅਮਰੀਕਾ ਦੀ ਉਦਹਰਣ ਦਿੱਤੀ ਹੈ। ਇਸੇ ਤਰ੍ਹਾਂ ਕੌਮ ਦੇਸ਼ ਦੀ ਅਗਵਾਈ ਕਰਨ ਲਈ ਲੀਡਰਾਂ ਬਾਰੇ ਚਰਚਾ ਕਰਦਿਆਂ ਅਮਰੀਕੀ ਪ੍ਰਧਾਨਾਂ ਰੋਨਾਲਡ ਰੀਗਨ, ਬਿੱਲ ਕਲਿੰਟਨ, ਜਾਰਜ ਬੁਸ਼, ਬਰਾਕ ਓਬਾਮਾ ਆਦਿ ਦੇ ਕਾਰਜ ਕਾਲ ਸਮੇਂ ਦੀ ਸਮੀਖਿਆ ਕਰਨ ਦੇ ਨਾਲ ਉਹਨਾਂ ਦੇ ਗੁਣਾਂ ਤੇ ਕਮਜ਼ੋਰੀਆਂ ਨੂੰ ਪਾਠਕਾਂ ਸਾਹਮਣੇ ਲਿਆਂਦਾ ਹੈ। ਪੰਜਾਬ ਦੇ ਲੀਡਰਾਂ ਦੇ ਸੰਦਰਭ ਵਿਚ ਲੇਖਕ ਦਾ ਕਹਿਣਾ ਹੈ ਕਿ ਬਹੁਤੇ ਲੀਡਰ ਪੈਸਾ ਇਕੱਠਾ ਕਰਨ ਤੇ ਕੁਰਸੀਆਂ ਨੂੰ ਬਚਾਉਣ ਵਿਚ ਹੀ ਲੱਗੇ ਰਹੇ।

ਜ਼ਿੰਦਗੀ ਦੀ ਬਦਲਦੀ ਤੋਰ ਦੇ ਸੰਬੰਧ ਵਿਚ ਵੀ ਲੇਖਕ ਨੇ ਜ਼ਿਕਰਯੋਗ ਗੱਲਾਂ ਕੀਤੀਆਂ ਹਨ। ਜਿਵੇਂ ਸੰਚਾਰ ਸਾਧਨਾਂ ਵਿਚ ਤਰੱਕੀ ਨੇ ਸਮਾਜ ਨੂੰ ਬਦਲ ਕੇ ਰੱਖ ਦਿੱਤਾ ਹੈ ਅਤੇ ਦੁਨੀਆ ਬਹੁਤ ਛੋਟੀ ਹੋ ਗਈ ਹੈ। ਫੋਨ ਨੇ ਮਨੁੱਖ ਨੂੰ ਜਕੜ ਲਿਆ ਹੈ, ਜ਼ਿਆਦਾ ਸਮਾਂ ਮਨੁੱਖ ਦਾ ਇਹਨਾਂ 'ਤੇ ਹੀ ਰੁੱਝਿਆ ਰਹਿੰਦਾ ਹੈ। ਰਿਸ਼ਤਿਆਂ ਨੂੰ ਨਿਭਾਉਣ ਲਈ ਆਪਸੀ ਸਮਝ ਜ਼ਰੂਰੀ ਹੈ। ਇੱਜ਼ਤ ਮਾਣ ਜ਼ਿੰਮੇਵਾਰੀਆ ਤੇ ਫ਼ਰਜ਼ਾਂ ਨੂੰ ਵਧੀਆ ਢੰਗ ਨਾਲ ਨਿਭਾਉਣ ਨਾਲ ਹੀ ਮਿਲਦਾ ਹੈ।

ਪ੍ਰੇਮ ਮਾਨ ਬਹੁਤ ਹੀ ਸੁਲਝੀ, ਸੰਜੀਦਾ ਤੇ ਬੌਧਿਕ ਸ਼ਖ਼ਸੀਅਤ ਦਾ ਮਾਲਕ ਹੈ। ਪੁਸਤਕ ਦੇ ਲੇਖ ਉਸ ਦੇ ਸੁਲਝੇ ਤੇ ਸੇਧਮਈ ਵਿਚਾਰਾਂ ਨੂੰ ਪੇਸ਼ ਕਰਦੇ ਹਨ। ਉਹ ਸਾਡੇ ਸੁਭਾਅ, ਆਦਤਾਂ, ਬਿਰਤੀਆਂ ਦੀ ਪੜਚੋਲ ਕਰ ਕੇ ਚੰਗੇ ਵਤੀਰੇ ਵੱਲ ਸੇਧਿਤ ਕਰਨਾ ਚਾਹੁੰਦਾ ਹੈ। ਇੰਝ ਹਰ ਲੇਖ ਸੁਧਾਰ ਦੇ ਆਸ਼ੇ ਨੂੰ ਲੈ ਕੇ ਲਿਖਿਆ ਹੈ। ਚੰਗਾ ਦੇਸ਼ ਸਮਾਜ ਜਾਂ ਕੌਮ ਚੰਗੇ ਇਨਸਾਨਾਂ 'ਤੇ ਹੀ ਨਿਰਭਰ ਕਰਦਾ ਹੈ। ਸੋਹਣਾ ਸਮਾਜ ਸਿਰਜਣ ਲਈ ਲੀਡਰਾਂ ਅਤੇ ਲੇਖਕਾਂ ਆਦਿ ਨੂੰ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਉਣੀ ਚਾਹੀਦੀ ਹੈ। ਚੰਗੇ ਮਨੁੱਖੀ ਗੁਣਾਂ ਤੇ ਨੈਤਿਕ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਵਾਲਾ ਕਿਰਦਾਰ ਰੱਖਣਾ ਜ਼ਰੂਰੀ ਹੈ। ਆਮ ਤੌਰ 'ਤੇ ਵਾਰਤਕ ਲਿਖਤ ਖੁਸ਼ਕ ਸਮਝੀ ਜਾਂਦੀ ਹੈ ਪਰ ਡਾ. ਮਾਨ ਦੀ ਲਿਖਣ ਸ਼ੈਲੀ ਰੌਚਿਕ ਹੈ। ਪੁਸਤਕ ਪੜ੍ਹਦਿਆਂ ਪਾਠਕ ਅੱਕਦਾ ਨਹੀਂ ਕਿਉਂਕਿ ਕੋਈ ਵਾਧੂ ਵਿਸਥਾਰ ਨਹੀਂ। ਸਹਿਜਤਾ ਤੇ ਸੰਜਮਤਾ ਵਿਚ ਲੇਖਕ ਸਿੱਧਾ ਵਿਸ਼ੇ ਉੱਤੇ ਕੇਂਦਰਤ ਰਹਿੰਦਾ ਹੈ। ਹਾਸਰਸ, ਮੁਹਾਵਰੇ ਤੇ ਅਖੌਤਾਂ, ਹੱਡਬੀਤੀਆਂ, ਜੱਗਬੀਤੀਆਂ ਤੇ ਵਿਅੰਗ ਦੀ ਵੀ ਵਰਤੋਂ ਕੀਤੀ ਗਈ ਹੈ ਜਿਸ ਸਦਕਾ ਪਾਠਕਾਂ ਦੀ ਦਿਸਚਸਪੀ ਬਣਾਈ ਰੱਖਦੀ ਹੈ। ਪੁਸਤਕ ਪੜ੍ਹਨਯੋਗ ਹੈ। ਅਮਲ ਸਮੇਂ ਦੀ ਮੰਗ ਹੈ।

**-ਪੁਸ਼ਵਿੰਦਰ ਕੌਰ**

## ਅੜੇ ਥੁੜੇ (ਨਾਵਲ) ਰਘਬੀਰ ਸਿੰਘ ਮਾਨ

ਰਘਬੀਰ ਸਿੰਘ ਮਾਨ ਨੇ ਵੈਸੇ ਤਾਂ 'ਉਲਝ ਗਈ ਸਿੱਖ ਕੌਮ' ਸਿਰਲੇਖ ਵਾਲੀ ਪੁਸਤਕ ਛਪਵਾਉਣ ਨਾਲ ਕਲਮਕਾਰਾਂ ਵਿਚ ਆਪਣਾ ਨਾਂ ਸ਼ਾਮਲ ਕਰ ਲਿਆ ਸੀ ਪਰ ਸਿਰਜਣਾਤਮਕ ਰਚਨਾ ਰਾਹੀਂ ਆਪਣਾ ਸਾਹਿਤਕ ਸਫ਼ਰ ਉਸ ਨੇ ਕਹਾਣੀ ਲਿਖਣ ਤੋਂ ਸ਼ੁਰੂ ਕੀਤਾ। 'ਅਚਿੰਤੇ ਬਾਜ਼ ਪਏ' ਅਤੇ 'ਕੋਈ ਤਾਂ ਹੈ...' ਨਾਂ ਦੇ ਉਸਦੇ ਦੋ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ ਜਿਨ੍ਹਾਂ ਦਾ ਪੰਜਾਬੀ ਸਾਹਿਤ ਜਗਤ ਵਿਚ ਯਥਾਯੋਗ ਸਵਾਗਤ ਵੀ ਹੋਇਆ ਹੈ ਅਤੇ ਚਰਚਾ ਵੀ ਹੋਈ ਹੈ।

ਕਹਾਣੀ ਰਚਨਾ ਤੋਂ ਮਗਰੋਂ ਹਾਲ ਹੀ ਦੇ ਸਮੇਂ ਵਿਚ ਉਸ ਨੇ ਨਾਵਲ ਲਿਖਣ ਵੱਲ ਵਧੇਰੇ ਰੁਚੀ ਵਿਖਾਈ ਹੈ। ਸਿੱਟੇ ਵਜੋਂ ਥੋੜ੍ਹੇ ਥੋੜ੍ਹੇ ਵਕਫੇ ਨਾਲ ਉਸਦੇ ਤਿੰਨ ਨਾਵਲ ਪ੍ਰਕਾਸ਼ਤ ਹੋ ਗਏ ਹਨ। 'ਰੋਹ ਵਿਦਰੋਹ' ਅਤੇ 'ਤਪਦੇ ਪੈਰਾਂ ਦਾ ਸਫ਼ਰ' ਉਸਦੇ ਪਹਿਲੇ ਦੋ ਨਾਵਲਾਂ ਦੇ ਨਾਂ ਹਨ। ਹੱਥਲਾ ਨਾਵਲ 'ਅੜੇ ਥੁੜੇ' (ਪੰਨੇ 200, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਉਸਦੀ ਤੀਜੀ ਨਾਵਲ ਰਚਨਾ ਹੈ।

ਹੱਥਲੇ ਨਾਵਲ ਵਿਚ ਪੇਂਡੂ ਕਿਸਾਨੀ ਪਰਿਵਾਰ ਦੀਆਂ ਲਗਪਗ ਦੋ ਪੀੜ੍ਹੀਆਂ ਦੇ ਜੀਵਨ ਬਿਰਤਾਂਤ ਰਾਹੀਂ ਪੰਜਾਬੀਆਂ ਦੀਆਂ ਚੰਗੀਆਂ-ਮਾੜੀਆਂ ਆਦਤਾਂ ਸਮੇਤ ਉਹਨਾਂ ਦਾ ਜੀਵਨ, ਸੁਭਾਅ, ਸਭਿਆਚਾਰਕ ਉਚਾਰ, ਆਰਥਿਕ ਤੇ ਸਮਾਜਕ ਸੱਚ ਰੂਪਮਾਨ ਹੋਇਆ ਹੈ। ਸਮੇਂ ਦੇ ਨਾਲ ਪੇਂਡੂ ਜੀਵਨ ਵਿਚ ਜੋ ਤਬਦੀਲ਼ੀ ਆਉਂਦੀ ਗਈ ਹੈ, ਉਸ ਦਾ ਆਭਾਸ ਵੀ ਇਹ ਨਾਵਲ ਕਰਾਉਂਦਾ ਹੈ। ਲੇਖਕ ਨੇ ਪੰਜਾਬੀ ਮਨੁੱਖ ਦੇ ਸਮਾਜ-ਸਭਿਆਚਾਰਕ ਉਚਾਰ ਨੂੰ ਬਿਆਨ ਕਰਨ ਲਈ ਮੇਲਾ ਸਿੰਘ ਦੇ ਪਰਿਵਾਰ ਨੂੰ ਕਥਾ ਦੇ ਕੇਂਦਰ ਵਿਚ ਰੱਖਿਆ ਹੈ।

ਮੇਲਾ ਸਿੰਘ ਦੀਆਂ ਦੋ ਕੁੜੀਆਂ ਸੀਬੋ ਤੇ ਸਿਵ ਕੌਰ ਅਤੇ ਇਕ ਮੁੰਡਾ ਦੇਬੂ ਹੈ। ਉਹ ਆਪਣੀ ਕਮਜ਼ੋਰ ਆਰਥਿਕਤਾ ਦੇ ਬਾਜਵੂਦ ਮਿਹਨਤ ਨਾਲ ਗੁਜ਼ਰ ਬਸਰ ਕਰਦਾ ਹੈ। ਸਿਵ ਕੌਰ ਜੋ ਵੇਖਣ ਪਾਖਣ ਵਿਚ ਖੂਬਸੂਰਤ ਹੈ, ਦਾ ਵਿਆਹ ਜਲਦੀ ਤੇ ਸਰਦੇ-ਪੁਜਦੇ ਘਰ ਹੋ ਜਾਂਦਾ ਹੈ। ਪਰ ਸੀਬੋ ਦੀ ਲੱਤ ਵਿਚ ਪੋਲਿਓ ਹੋਣ ਕਾਰਨ ਬੱਜ ਪੈ ਜਾਂਦੀ ਹੈ। ਮੇਲਾ ਸਿੰਘ ਨੂੰ ਆਪਣੀ ਸੀਬੋ ਦੀ ਜ਼ਿਆਦਾ ਚਿੰਤਾ ਹੈ ਕਿਉਂਕਿ ਦੇਬੂ ਥੋੜ੍ਹਾ ਸਿੱਧਾ ਹੋਣ ਕਾਰਨ ਉਸ ਦੀ ਘਰਵਾਲੀ ਨੇ ਮੇਲੇ ਤੋਂ ਬਾਅਦ ਸੀਬੋ ਦੀ ਜ਼ਿੰਦਗੀ ਨਰਕ ਬਣਾ ਦੇਣੀ ਹੈ। ਆਪਣੀ ਇਸ ਕਲਪਨਾਮਈ ਚਿੰਤਾ ਦੇ ਕਾਰਨ ਮੇਲਾ ਸਿੰਘ ਜਲਦੀ ਵਿਚ ਸੀਬੋ ਦਾ ਵਿਆਹ ਜੈਲੇ ਨਾਲ ਕਰ ਦਿੰਦਾ ਹੈ। ਜੈਲਾ ਜਿਸਮਾਨੀ ਦਿੱਖ ਵਿਚ ਸੀਬੋ ਤੋਂ ਕਿਤੇ ਸੋਹਣਾ-ਸੁਨੱਖਾ ਹੈ। ਜੈਲਾ ਆਪਣੀ ਮਾਂ ਦੀ ਜ਼ਿੱਦ ਕਾਰਨ ਹੀ ਵਿਆਹ ਕਰਾਉਣ ਲਈ ਰਾਜ਼ੀ ਹੋਇਆ ਹੁੰਦਾ ਹੈ। ਇਸ ਲਈ ਉਹ ਸੀਬੋ ਵਿਚ ਕੋਈ ਰੁਚੀ ਨਹੀਂ ਲੈਂਦਾ ਤੇ ਨਾ ਹੀ ਉਸ ਨੂੰ ਸੀਬੋ ਦਾ ਸੁਚਿਆਰਾਪਣ ਆਪਣੇ ਵੱਲ ਖਿੱਚਣ ਵਿਚ ਕਾਮਯਾਬ ਹੁੰਦਾ ਹੈ। ਉਹਨਾਂ ਦੀ ਆਪਣੀ ਤਣਾਅ ਭਰਪੂਰ ਜ਼ਿੰਦਗੀ ਦੀ ਕਸ਼ਮਕਸ਼ ਦੌਰਾਨ ਸੀਬੋ ਸ਼ੇਰੇ ਨੂੰ ਜਨਮ ਦਿੰਦੀ ਹੈ। ਵਕਤ ਲੰਘਣ ਨਾਲ ਜੈਲੇ ਦੇ ਵਿਆਹ-ਬਾਹਰੇ ਸੰਬੰਧਾਂ ਬਾਰੇ ਪਿੰਡ ਵਿਚ ਪਤਾ ਲੱਗ ਜਾਂਦਾ ਹੈ ਅਤੇ ਇਹ ਖ਼ਬਰ ਸੀਬੋ ਦੇ ਕੰਨਾਂ ਤਕ ਵੀ ਪਹੁੰਚ ਜਾਂਦੀ ਹੈ। ਸੀਬੋ ਜੈਲੇ ਲਈ ਵਿਹੜਾ ਮੋਕਲਾ ਕਰਦੀ ਹੋਈ ਘਰ ਛੱਡ ਕੇ ਆਪਣੀ ਭੈਣ ਸਿਵ ਕੋਲ ਰਹਿਣਾ ਸ਼ੁਰੂ ਕਰ ਦਿੰਦੀ ਹੈ ਪਰ ਪੁੱਤਰ ਸ਼ੇਰੇ ਨੂੰ ਜੈਲੇ ਦੀ ਭੈਣ ਬੰਸੋ ਕੋਲ਼ ਛੱਡ ਆਉਂਦੀ ਹੈ ਤਾਂ ਕਿ ਉਸ ਦੀ ਬਣਦੀ ਜਾਇਦਾਦ ਉਸਨੂੰ ਮਿਲ ਸਕੇ। ਸੀਬੋ ਦੇ ਘਰ ਛੱਡਣ ਦੀ ਦੇਰ ਸੀ ਕਿ ਜੈਲੇ ਨੇ ਧੀਰੋ ਨਾਲ ਵਿਆਹ ਕਰਵਾ ਲਿਆ। ਹਾਲਾਂਕਿ ਸੀਬੋ ਨੇ ਤਲਾਕ ਨਹੀਂ ਦਿੱਤਾ ਪਰ ਉਸ ਨੇ ਵਿਆਹ 'ਤੇ ਕੋਈ ਉਜਰ ਵੀ ਨਹੀਂ ਕੀਤਾ। ਧੀਰੋ (ਰਣਧੀਰ ਕੌਰ) ਦੀ ਕੁੱਖੋਂ ਦੋ ਮੁੰਡੇ ਸਿਕੰਦਰ ਤੇ ਅੰਗਦ ਅਤੇ ਇਕ ਕੁੜੀ ਸ਼ਿੰਦੀ ਹੋਈ। ਆਪਣੀ ਮਤਰੇਈ ਮਾਂ ਦੀ ਕੁੱਟਮਾਰ ਝੱਲਦਾ, ਪੜ੍ਹਾਈ ਛੱਡ, ਰੁਲ਼ਦਾ ਖੁਲ਼ਦਾ ਸ਼ੇਰਾ ਜਵਾਨ ਹੋ ਗਿਆ ਅਤੇ ਖੇਤੀ ਕਰਨ ਲੱਗ ਪਿਆ। ਉਸਨੇ ਤਨਦੇਹੀ ਨਾਲ ਖੇਤੀ ਕਰਨੀ ਸ਼ੁਰੂ ਕੀਤੀ ਅਤੇ ਖੇਤੀ ਨੂੰ ਮੂਹਰੇ ਲਾ ਲਿਆ। ਅਸਲ ਵਿਚ ਸ਼ੇਰਾ ਕੰਮ ਲਈ ਜਰਵਾਣਾ ਸੀ ਤੇ ਲਗਨ ਨਾਲ ਖੇਤੀ ਕਰਦਾ ਸੀ। ਘਰ ਵਿਚ ਹੁੰਦਾ ਰਿਹਾ ਵਿਤਕਰਾ ਉਸਨੂੰ ਨਿਰਾਸ ਤੇ ਉਦਾਸੀਨ ਕਰਨ ਦੀ ਥਾਂ ਸਗੋਂ ਖੇਤੀ ਤੇ ਖੇਤਾਂ ਨਾਲ ਵਧੇਰੇ ਜੋੜਦਾ ਗਿਆ ਸੀ। ਅਖੀਰ ਸ਼ੇਰੇ ਦੀ ਖੇਤੀ ਦੀ ਵਾਹ-ਵਾਹ ਸਦਕਾ ਉਸ ਦਾ ਰਿਸ਼ਤਾ ਕਰਮਜੀਤ (ਕੰਮੋਂ) ਨਾਲ ਹੋ ਗਿਆ। ਉਹਨਾਂ ਦੇ ਘਰ ਇਕ ਕੁੜੀ ਜੰਮੀ। ਪਰਿਵਾਰ ਵਿਚ ਸ਼ੇਰੇ ਨਾਲ ਵਿਤਕਰਾ ਤਾਂ ਧੀਰੋ ਪਹਿਲਾਂ ਤੋਂ ਹੀ ਕਰਦੀ ਆ ਰਹੀ ਸੀ ਪਰ ਸ਼ੇਰੇ ਦੀ ਕਬੀਲਦਾਰੀ ਅਤੇ ਫਲ ਸਰੂਪ ਪਰਿਵਾਰ ਦੇ ਖਰਚੇ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਅੰਤ ਨੂੰ ਸ਼ੇਰੇ ਨੇ ਕੰਮੋਂ ਦੇ ਨਾਲ ਉਸਦੇ ਪੇਕੇ ਘਰ ਰਹਿਣਾ ਸ਼ੁਰੂ

ਕਰ ਦਿੱਤਾ ਅਤੇ ਆਪਣੇ ਹਿੱਸੇ ਦੀ ਜਾਇਦਾਦ ਦੀ ਮੰਗ ਕੀਤੀ। ਧੀਰੋ ਆਪਣੇ ਪੁੱਤਰਾਂ ਦੀ ਜਾਇਦਾਦ ਘੱਟਦੀ ਵੇਖ ਜੋੜ-ਤੋੜ ਕਰਦੀ ਨੀਤੀਆਂ ਘੜਦੀ ਆ ਰਹੀ ਸੀ। ਆਪਣੇ ਮਕਸਦ ਵਿਚ ਉਹ ਕਾਮਯਾਬ ਵੀ ਹੋ ਗਈ ਜਦੋਂ ਉਸ ਨੇ ਚਲਾਕੀ ਨਾਲ ਸ਼ੇਰੇ ਨੂੰ ਜਾਇਦਾਦ ਵਿਚੋਂ ਬੇਦਖ਼ਲ ਕਰਵਾ ਦਿੱਤਾ। ਜ਼ਮੀਨ ਜਾਇਦਾਦ ਨੂੰ ਲੈ ਕੇ ਹੁੰਦੀ ਖਿੱਚੋਤਾਣ ਦਾ ਨਤੀਜਾ ਪੰਜਾਬੀ ਸਭਿਆਚਾਰ ਅਨੁਸਾਰ ਅਕਸਰ ਕਤਲ ਹੋ ਨਿਬੜਦਾ ਹੈ। ਸ਼ੇਰੇ ਨੇ ਵੀ ਆਪਣੇ ਸਹੁਰੇ ਨਾਲ ਮਿਲ ਕੇ ਜੈਲੇ ਤੇ ਧੀਰੋ ਦੇ ਪੂਰੇ ਪਰਿਵਾਰ ਦਾ ਕਤਲ ਕਰ ਦਿੱਤਾ। ਬੰਸੋ ਤੇ ਗੱਜਣ ਦੀ ਪੈਰਵਾਈ ਕਾਰਨ ਅਖੀਰ ਅਦਾਲਤ ਉਹਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਉਂਦੀ ਹੈ।

ਵਾਸਤਵ ਵਿਚ ਜੈਲੇ ਰਾਹੀਂ ਨਾਵਲਕਾਰ ਪੰਜਾਬੀ ਬੰਦੇ ਦੇ ਵਿਵਹਾਰ ਵਿਚ ਆ ਰਹੀ ਗਿਰਾਵਟ ਬਾਰੇ ਸੰਕੇਤ ਕਰਦਾ ਹੈ। ਜੈਲਾ ਆਪਣੇ ਸੁਭਾਅ ਤੇ ਗਲਤ ਆਦਤਾਂ ਕਾਰਨ ਪੂਰੇ ਘਰ ਨੂੰ ਉਜਾੜਨ ਦਾ ਮੁੱਢ ਬੰਨ੍ਹ ਦਿੰਦਾ ਹੈ। ਦੂਜੇ ਪਾਸੇ ਸ਼ੇਰੇ ਦੀ ਪਰਵਰਿਸ਼ ਤੇ ਉਸ ਦੇ ਬਾਲ ਮਨ ਵਿਚ ਪਈਆਂ ਗੰਢਾਂ ਕਾਰਨ ਮੁੱਢ ਤੋਂ ਉਜਾੜੇ ਤਕ ਕਦੇ ਵੀ ਉਹ ਇਕ ਸਾਂਝੇ ਪਰਿਵਾਰ ਵਾਂਗ ਵਿਚਰ ਹੀ ਨਹੀਂ ਪਾਉਂਦੇ। ਇਸ ਵਿਚ ਧੀਰੋ ਦੇ ਮਨ ਵਿਚਲਾ ਲਾਲਚ ਤੇ ਥੁੜੇ-ਟੁੱਟੇ ਪਰਿਵਾਰ ਵਿਚੋਂ ਆਈ ਹੋਣ ਕਾਰਨ ਕਬਜਾ ਕਰਨ ਦੀ ਪ੍ਰਵਿਰਤੀ ਪੂਰੇ ਪਰਿਵਾਰ ਦੀ ਬਰਬਾਦੀ ਦਾ ਕਾਰਨ ਬਣਦੀ ਹੈ। ਅਸਲ ਵਿਚ ਮਾਂ ਦਾ ਕਾਣ ਭਰਿਆ ਵਤੀਰਾ ਜਿੱਥੇ ਸ਼ੇਰੇ ਤੇ ਉਸ ਦੇ ਪਰਿਵਾਰ ਲਈ ਨਰਕ ਹੋ ਨਿਬੜਦਾ ਹੈ, ਉੱਥੇ ਹੀ ਲੋੜੋਂ ਵੱਧ ਹੱਲਾਸ਼ੇਰੀ ਸਿਕੰਦਰ ਤੇ ਅੰਗਦ ਲਈ ਵੀ ਮਿੱਠੇ ਜ਼ਹਿਰ ਦਾ ਕੰਮ ਕਰਦੀ ਹੈ। ਜ਼ੈਲੇ ਦਾ ਪਰਿਵਾਰ ਵਿਚ ਕਮਜ਼ੋਰ ਪੈਣਾ ਤੇ ਧੀਰੋ ਦਾ ਹਾਵੀ ਹੋ ਜਾਣਾ ਪਰਿਵਾਰ ਦੇ ਉਜਾੜੇ ਵੱਲ ਇਸ਼ਾਰਾ ਕਰਦਾ ਹੈ।

ਲੇਖਕ ਕੋਲ਼ ਬਿਰਤਾਂਤ ਸਿਰਜਣ ਤੇ ਉਸ ਨੂੰ ਤਣਾਅ ਸਹਾਰੇ ਦਿਲਚਸਪ ਬਣਾਉਣ ਦੀ ਮੁਹਾਰਤ ਹੈ। ਉਹ ਨਾਵਲੀ ਕਥਾ ਵਿਚ ਘਟਨਾਵਾਂ ਦੀ ਨਿਰੰਤਰਤਾ ਸਹਾਰੇ ਪਾਠਕ ਅੰਦਰ ਜਗਿਆਸਾ ਪੈਦਾ ਕਰਨ ਵਿਚ ਸਫ਼ਲ ਹੁੰਦਾ ਹੈ। ਪਾਠਕ ਕਹਾਣੀ ਦੇ ਨਾਲ-ਨਾਲ ਤੁਰਦਾ ਪਾਤਰਾਂ ਪ੍ਰਤੀ ਹਮਦਰਦੀ, ਪਿਆਰ, ਈਰਖਾ ਤੇ ਸਾੜਾ ਮਹਿਸੂਸ ਕਰਦਾ ਹੈ। ਨਾਵਲ ਕਥਾ ਰਸ ਤੇ ਰੌਚਿਕਤਾ ਭਰਪੂਰ ਹੈ। ਪਰ ਪਾਤਰਾਂ ਦੇ ਵਾਰਤਾਲਾਪ ਦੀ ਭਾਸ਼ਾ ਦੀ ਵਰਤੋਂ ਸਮੇਂ ਕਈ ਥਾਂ ਨਾਵਲਕਾਰ ਟਪਲਾ ਖਾ ਜਾਂਦਾ ਹੈ। ਨਾਵਲੀ ਵਿਧਾ ਦੀ ਵਿਸ਼ਾਲਤਾ ਦੀ ਮੰਗ ਮੁਤਾਬਕ ਨਾਵਲਕਾਰ ਨਾਵਲੀ ਥੀਮ ਨੂੰ ਵਿਸਥਾਰ ਦੇਣ ਵਾਲੀਆਂ ਉਪ-ਬਿਰਤਾਂਤਕ ਕਹਾਣੀਆਂ ਨੂੰ ਵਿਸਤਾਰਨ ਤੋਂ ਖੁੰਝ ਜਾਂਦਾ ਹੈ। ਨਾਵਲ ਵਿਸ਼ਾ ਪੱਖ ਤੋਂ ਕੁਝ ਨਵਾਂ ਦੱਸਣ ਤੋਂ ਤਾਂ ਭਾਵੇਂ ਅਸਮਰੱਥ ਜਾਪਦਾ ਹੈ ਪਰ ਛੋਹੇ ਗਏ ਵਿਸ਼ੇ ਨੂੰ ਨਿਭਾਉਣ ਵਿਚ ਸਫ਼ਲ ਰਹਿੰਦਾ ਹੈ। **–ਪਰਗਟ ਸਿੰਘ ਬਰਾੜ**

## ਮਨ–ਕਸੁੰਭਾ (ਕਾਵਿ ਸੰਗ੍ਰਹਿ) ਦਲਵੀਰ ਕੌਰ

ਇੰਗਲੈਂਡ ਵਾਸੀ ਕਵਿੱਤਰੀ ਦਲਵੀਰ ਕੌਰ ਨੇ ਪੰਜਾਬੀ ਕਾਵਿ ਨੂੰ ਹੁਣ ਤਕ 'ਸੋਚ ਦੀ ਦਹਿਲੀਜ਼ 'ਤੇ' (2003), 'ਅਹਿਦ' (2009), 'ਹਾਸਿਲ' (2013), ਅਤੇ 'ਚਿਤਵਣੀ' (2021) ਚਾਰ ਕਾਵਿ ਸੰਗ੍ਰਹਿ ਦਿੱਤੇ ਹਨ। ਉਪਰੰਤ 'ਕਿਸਾਨੀ ਸੰਘਰਸ਼ ਸਦੀ ਦਾ ਕਾਵਿ ਸ਼ਬਦ' ਨਾਂ ਦਾ ਇਕ ਕਾਵਿ ਸੰਗ੍ਰਹਿ ਸੰਪਾਦਤ ਵੀ ਕੀਤਾ ਹੈ। ਵਿਚਾਰ ਅਧੀਨ ਕਾਵਿ ਸੰਗ੍ਰਹਿ 'ਮਨ-ਕਸੁੰਭਾ' (ਪੰਨੇ 65, ਮੁੱਲ 275 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਅੰਮ੍ਰਿਤਸਰ) ਉਸਦੀ ਪੰਜਵੀਂ ਮੌਲਿਕ ਕਾਵਿ ਪੁਸਤਕ ਹੈ। ਇਸ ਪੁਸਤਕ ਵਿਚ ਸ਼ਾਮਲ 35 ਕਵਿਤਾਵਾਂ ਰਾਹੀਂ ਦਲਵੀਰ ਕੌਰ ਨੇ ਕਾਵਿ ਨਿਬੰਧ ਵਿਧਾ ਵਰਤਦਿਆਂ ਆਪਣੇ ਕਾਵਿਕ ਮਨ ਦੀਆਂ ਗਹਿਰਾਈਆਂ ਨੂੰ ਵਿਵੇਕ ਨਾਲ ਵਾਚਦਿਆਂ ਪਾਠਕਾਂ ਦੇ ਰੂਬਰੂ ਕੀਤਾ ਹੈ। 'ਮੈਂ ਕਿੱਥੇ ਹਾਂ' ਕਵਿਤਾ ਵਿਚ ਕਵਿੱਤਰੀ ਆਪਣੇ ਮਨ ਵਿਚ ਸਮੋਏ ਯੁੱਗਾਂ ਦੇ ਸਮੇਂ ਨੂੰ ਫਰੋਲਣ ਦੀ ਕੋਸ਼ਿਸ਼ ਕਰਦੀ ਹੈ:

*ਉਹ ਔਰਤ ਸਰਦਲ ਹੇਠਲੀ ਮਿੱਟੀ ਫਰੋਲਦੀ*
*ਵਿਹੜੇ ਚ ਪਿਆ ਪਾਣੀ ਦਾ ਘੜਾ, ਨਿੱਕਾ ਗਲਾਸ*
*ਕੰਧ ਤੋਂ ਉੱਖੜੀ ਲਾਲ ਇੱਟ ਦਾ ਗੀਟਾ...*
*ਕੋਈ ਖੈਰਾਤ ਚ ਮਿਲੀ ਕਾਇਆ ਹੰਢਾਉਂਦੇ*

ਜਿਵੇਂ ਕਸੁੰਭੇ ਦਾ ਫੁੱਲ ਰੰਗ ਬਦਲਦਾ ਹੈ ਉਸ ਤਰ੍ਹਾਂ ਬਦਲਦੇ ਰੰਗਾਂ ਨੂੰ ਬਾਲ ਮਨੋਸਥਿਤੀ ਨਾਲ ਜੋੜਦਿਆਂ ਕਵਿੱਤਰੀ ਨੇ ਜੋ ਮਨੋਭਾਵ ਪੇਸ਼ ਕੀਤੇ ਹਨ ਉਹ ਰਹੱਸਮਈ ਅਨੁਭੂਤੀ ਪ੍ਰਦਾਨ ਕਰਦੇ ਹਨ।

*ਬਾਲ ਮਨ ਤਾਜ਼ਾ ਖਿੜਿਆ ਕਸੁੰਭੇ ਦਾ ਫੁੱਲ ਹੈ:*
*ਬਾਲ ਮਨ... ਨਰਮ ਕਸੁੰਭ ਬੂਟਾ*
*ਪੱਤੀ ਪੱਤੀ ਹੋ ਬਿੱਖਰਦਾ... ਗੁਲਾਲ ਰੰਗ*

ਮਨ ਦੇ ਗੋਹਟੇ ਨੂੰ ਮਘਾਉਂਦੀ ਕਵਿੱਤਰੀ ਆਪਣੇ ਰੂਬਰੂ ਹੁੰਦੀ ਹੈ, ਆਪਣੇ ਘਰ ਤੇ ਆਪਣੀ ਅਲਮਾਰੀ ਵਿਚੋਂ ਉਸਦੇ ਬਚਪਨ ਦੀਆਂ ਯਾਦਾਂ ਦੀ ਧੂਣੀ ਭਖਦੀ ਹੈ। ਅਣਜਾਣੇ ਚਿਹਰਿਆਂ ਨਾਲ ਵਾਸਤਾ ਪੈਂਦਾ ਹੈ ਤੇ ਉਸ ਨੂੰ ਮਹਿਸੂਸ ਹੁੰਦਾ ਹੈ:

*ਮੈਂ ਊਰਜਾ ਤਰੰਗਾਂ ਧੁੰਨੀ 'ਚ ਲਪੇਟ*
*ਆਪਣੀ ਉਮਰ ਤੋਂ ਵਡੇਰਾ ਆਪਾ ਪਹਿਨ*
*ਕਿਸੇ ਦੇਹੀ ਸ਼ਿਲਾਲੇਖ ਤੇ ਉੱਕਰੇ ਸ਼ਬਦਾਂ 'ਚ*
*ਰੁਪੋਸ਼ ਹੋ ਗਈ ਹਾਂ... ਅਗਲੇ ਹਾਦਸੇ ਤਕ*

ਅਗਲੇ ਹਾਦਸੇ ਤਕ ਜ਼ਿੰਦਗੀ ਦੇ ਸੱਚ ਨੂੰ ਹੰਢਾਉਂਦੀ ਉਸਦੀ ਸੋਚ ਥੰਮ ਜਾਂਦੀ ਹੈ ਤੇ ਮਨੋਸਥਿਤੀ ਇਸ ਤਰ੍ਹਾਂ ਹੋ ਜਾਂਦੀ ਹੈ:

*ਕੋਈ ਪੁਰਾਣਾ ਸਾਂਭਿਆ ਕਲਬੂਤ ਬਸਤਰ*
*ਤਰਕ ਦੀ ਤੰਦੀ 'ਤੇ ਕੱਸਿਆ ਜਾਂਦਾ*
*ਮਨ ਦਾ ਕਸੁੰਭੜਾ, ਤੁੰਬਾ ਤੁੰਬਾ ਹੋ ਜਿੰਨਾ ਵੱਧ ਖਿਲਰਦਾ ਉਡਦਾ*
*ਮਸਖਰਾ ਓਨੀ ਹੀ ਵੱਡੀ ਵਧਾਈ ਦਿੰਦਾ*

ਅਜਿਹੀ ਸਥਿਤੀ ਵਿਚ ਵਿਚਰਦਿਆਂ ਮੰਨ ਤੇ ਜਿਸਮ ਇਕ ਦੂਜੇ ਦਾ ਸਾਥ ਦੇਣ ਦੀ ਸਥਿਤੀ ਵਿਚ ਸਭ ਭੁੱਲ ਜਾਂਦੇ ਹਨ ਤੇ ਕਸੁੰਭ ਰੰਗ ਸੂਰਜ ਦੀ ਟਿੱਕੀ ਨਾਲ ਤਪਦਾ ਹੈ ਤੇ ਜ਼ਿੰਦਗੀ ਦੇ ਭੇਦ ਸਮਝ ਵਿਚ ਆਉਂਦੇ ਹਨ, ਜਿੰਦ ਹਾਦਸਿਆਂ ਵਿਚੋਂ ਲੰਘਦੀ ਹੈ ਤੇ ਮਨ ਕਸੁੰਭੇ ਦੀ ਸਥਿਤੀ:

*ਜੋ ਪੇਂਜਾ ਸ਼ੁਰੂ ਕਰਦਾ ਹੈ ਪਿੰਜਣਾ*
*ਜਲ਼ ਜਾਣ ਤੋਂ ਬਾਅਦ*

ਸਾਹਾਂ ਦੇ ਚਲਦੇ ਰਹਿਣ ਲਈ ਊਰਜਾ ਰੂਪੀ ਹਵਾ ਚਾਹੀਦੀ ਹੈ ਤਾਂ ਹੀ ਮਨ ਮਸਤਕ ਦੀ ਚੋਟੀ ਵਿਚ ਅਰਥ ਸੰਚਾਰ ਹੁੰਦਾ ਹੈ, ਜੋ ਜ਼ਿੰਦਗੀ ਦੇ ਸਫ਼ਰ ਨੂੰ ਸਾਰਥਕ ਬਣਾਉਂਦੇ ਹਨ। ਸੁਹਜ ਸੁਆਦ ਜ਼ਿੰਦਗੀ ਵਿਚ ਰੰਗ ਭਰਦੇ ਹਨ। ਜ਼ਿੰਦਗੀ ਦੀਆਂ ਬੇਤਰਤੀਬੀਆਂ ਨੂੰ ਹਰਫ਼ਾਂ ਵਿਚ ਪਰੋਣਾ ਇਸ ਤਰ੍ਹਾਂ ਲੱਗਦਾ ਹੈ:

*ਕਾਗਜ਼ 'ਤੇ ਲਿਖੀ ਇਬਾਰਤ ਦਾ ਸੁਨੇਹਾ*
*ਮੈਂ ਆਪਣੇ ਨਾਮ ਕਰਦੀ ਹਾਂ*
*ਮੈਨੂੰ ਜਿਓਣ ਦਾ ਹੋਰ ਮੌਕਾ ਮਿਲ ਗਿਆ ਹੈ*
*ਮੈਂ ਰਾਤੋ-ਰਾਤ ਨਵੀਂ ਕੁੱਖ ਲੱਭ*
*ਮਨ ਚਾਹਿਆ ਜਨਮ ਦਿੰਦੀ ਹਾਂ*

ਦਲਵੀਰ ਲਈ ਸਿਰਜਣਾ ਦੇ ਪਲ ਦੇਖੋ: "ਮੁੱਠੀਆਂ ਵਿਚ ਸੌਣ ਦਾ ਫ਼ਿਕਰ ਹੈ... ਅੱਖਾਂ ਵਿਚ

ਜਾਗਣ ਦੀ ਚਿੰਤਾ ਹੈ... ਅਣਮੁੱਲੀ ਸਾਹਾਂ ਦੀ ਡੋਰ ਭਾਵੇਂ ਅਸਥਿਰ ਹੈ ਪਰ ਜਿਊਣ ਦਾ ਝੱਲ ਓਵੇਂ ਹੀ ਬਰਕਰਾਰ ਹੈ ਜਿਵੇਂ ਮਨ ਕਸੁੰਭੜੇ ਨੂੰ ਖਿੜਨ ਮੌਲਣ ਦਾ ਨਿੱਤ ਰਹਿੰਦਾ ਹੈ, ਕੋਈ ਉਮਾਹ, ਅਕਹਿ ਚਾਅ... ਮਾਨਣ ਲਈ ਕਣ ਆਪਣੇ...।" ਮਨ ਦੇ ਤਲ 'ਤੇ ਵਾਪਰ ਰਹੇ ਨੂੰ ਸ਼ਬਦਾਂ ਵਿਚ ਚਿਤਰਦੀ, ਗ਼ੈਰ ਹਾਜ਼ਰ ਦੀ ਹਾਜ਼ਰੀ ਮਹਿਸੂਸਦੀ ਉਹ ਬਿਰਹਣ ਵਾਂਗ ਸਾਹਾਂ, ਨਬਜ਼, ਨਾੜੀਆਂ ਵਿਚ ਹੁੰਦੀ ਹਰਕਤ ਤੇ ਅੰਦਰ ਕੁਝ ਚਿੰਬੜੇ ਪਏ ਨੂੰ ਖੁਰਚਦੀ ਹੈ।

ਚੇਤਿਆਂ ਵਿਚ ਸਮੋਏ ਚਿਹਰੇ ਉਸ ਦੀ ਰੂਹ ਨੂੰ ਸਕੂਨ ਦਿੰਦੇ ਨੇ ਤੇ ਰਸ ਭਿੰਨੇ ਬੋਲ ਸਿਰਜਦੇ ਹਨ। ਲਗਜ਼ਰੀ ਰੀਡਿੰਗ ਦੌਰਾਨ ਸ਼ਬਦਾਂ ਵਿਚੋਂ ਸਾਂਝ ਦੇ ਕੇਸੂ ਉਜਾਗਰ ਕਰਦੀ ਹੈ ਪਰ ਇਹ ਸੌਖਾ ਨਹੀਂ, ਤੱਕਲੇ 'ਤੇ ਪੂਣੀ ਵਾਂਗ ਆਪਾ ਗੰਵਾ ਕੇ ਕੁਝ ਪ੍ਰਾਪਤ ਕਰਨ ਦੀ ਸਥਿਤੀ ਹੈ। ਕਵਿੱਤਰੀ ਅਨੁਸਾਰ ਜ਼ਿੰਦਗੀ ਪੂਰੇ ਮਨ ਨਾਲ ਹਾਜ਼ਰ ਹੋ ਕੇ ਮਾਨਣ ਦਾ ਨਾਮ ਹੈ, ਨਹੀਂ ਤਾਂ ਮਨੁੱਖ ਜਿਸਮਾਨੀ ਤੌਰ 'ਤੇ ਮੁਰਦੇ ਸਮਾਨ ਹੈ। ਮਨ ਬੁੱਧੀ ਅਤੇ ਚਿੱਤ ਨੂੰ ਚੇਤਨ ਅਵਸਥਾ ਨਾਲ ਇਕ ਸੁਰ ਕਰਦੀ ਹੈ:

*ਸਵੈ ਪੀੜੇ ਬੈਠ ਗਈ ਹਾਂ ਮੈਂ*
*ਮੇਰੀ ਅਗਨ ਲਾਟ... ਮੈਨੂੰ ਪਰਿਭਾਸ਼ਤ ਕਰ ਰਹੀ ਹੈ*

ਜੀਵਨ ਕਾਲ ਦੀਆਂ ਗੰਢਾਂ ਚੇਤਨਤਾ ਨਾਲ ਖੁੱਲ੍ਹਦੀਆਂ ਹਨ, ਕਸੁੰਭੇ ਦੇ ਰੰਗਾਂ ਨੂੰ ਹੱਥਾਂ ਵਿਚ ਫੜਨ ਦੀ ਲਾਲਸਾ ਹੈ, ਆਪਣੇ ਆਪ ਵਿਚੋਂ ਨਵਾਂ ਜਨਮ ਲੈਣ ਦੀ ਇੱਛਾ ਹੈ। ਉਸ ਨੂੰ ਲੱਭ ਲੈਣ ਦੀ ਚਾਹ ਹੈ ਜੋ ਅੰਦਰ ਹੀ ਪਿਆ ਹੈ।

ਦਲਵੀਰ ਦਾ ਇਹ ਕਾਵਿ ਸੰਗ੍ਰਹਿ ਮਨ ਦੀ ਚੇਤਨਾ ਦੀਆਂ ਪਰਤਾਂ ਪੇਸ਼ ਕਰਦਾ ਹੈ। ਇਸ ਬਾਰੇ ਉਸ ਦੇ ਸਵੈ-ਕਥਨ ਹਨ: "ਇਸ ਕਾਵਿ ਸੰਗ੍ਰਹਿ ਦੇ ਆਰ ਪਾਰ ਫੈਲਿਆ ਤੇ ਬਿਖਰਿਆ ਕਸੁੰਭ-ਰੰਗ-ਫੁੱਲ-ਬੂਟਾ ਕਿਸੇ ਖੇਤ ਦੀ ਮਿੱਟੀ 'ਚ ਨਹੀਂ ਉੱਗਿਆ... ਸਗੋਂ ਓਸ ਬੱਚੇ ਦੇ ਨਰਮ ਜਿਹੇ ਕੰਨਾਂ ਨਾਲ ਸਮੇਂ ਸਮੇਂ ਸਿਰ ਟਕਰਾਉਂਦੇ ਉਹ ਸ਼ਬਦ ਨੇ... ਇਹ ਅੰਦਰੇ ਰਿੱਝਦੀ ਮਾਨਸਿਕ ਪੀੜਾ ਵਧਦੀ ਉਮਰ ਨਾਲ ਵਿਵੇਕ 'ਚ ਰੁਪਾਂਤਰਤ ਹੁੰਦੀ ਹੈ... ਸੋਚਾਂ ਦੇ ਮੰਜਰਾਂ ਦੇ ਵਾਸਤਵਿਕ ਪਹਿਲੂ ਕਾਵਿ ਨਿਬੰਧਾਂ ਦੇ ਰੂਪ ਵਿੱਚ ਤੁਹਾਡੇ ਸਨਮੁੱਖ ਹਨ।"

ਸਮੁੱਚੇ ਕਾਵਿ ਸੰਗ੍ਰਹਿ ਨੂੰ ਪੜ੍ਹਦਿਆਂ ਪਾਠਕ ਨੂੰ ਰਹੱਸਵਾਦੀ ਅਨੁਭਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਅੱਜ ਦੇ ਪਦਾਰਥਕ ਦੌਰ ਵਿਚ, ਦਲਵੀਰ ਕੌਰ ਨੇ ਇਕ ਸਾਧਕ ਵਾਂਗ ਸਾਧਨਾ ਕਰਦੇ ਹੋਏ, ਸਾਨੂੰ ਇਸ ਕਾਵਿ ਸੰਗ੍ਰਹਿ ਦੇ ਰੂਬਰੂ ਕੀਤਾ ਹੈ। ਸੂਫ਼ੀ ਸਾਧਕਾਂ ਦੀ ਤਰ੍ਹਾਂ ਉਸ ਵੱਲੋਂ ਵਰਤੇ ਬਿੰਬ , ਪ੍ਰਤੀਕ ਤੇ ਸਮੁੱਚੀ ਕਾਵਿ ਭਾਸ਼ਾ, ਭਾਵਾਂ ਦੇ ਸੰਚਾਰ ਨੂੰ ਡੂੰਘਾਈ ਦਿੰਦੀ ਤੇ ਰਹੱਸਮਈ ਬਣਾਉਂਦੀ ਹੈ। ਇਸ ਕਾਵਿ ਸੰਗ੍ਰਹਿ ਦੀ ਇਕ ਵਾਰ ਪੜ੍ਹ ਕੇ ਪੂਰੀ ਥਾਹ ਨਹੀਂ ਪਾਈ ਜਾ ਸਕਦੀ। ਹਰ ਵਾਰ ਪੜ੍ਹਦਿਆਂ ਹੋਰ ਵਧੇਰੇ ਡੂੰਘਾਈ 'ਚ ਜਾਣ ਦੀ ਸੰਭਾਵਨਾ ਹੈ। ਪੁਸਤਕ ਵਿਚ ਸਮੋਏ ਭਾਵ ਵਿਸ਼ਾਲ ਤੇ ਡੂੰਘੇ ਹਨ ਜਿਨ੍ਹਾਂ ਨੂੰ ਪਾਠਕ ਵਜੋਂ ਆਪਣੀ ਸਮਰੱਥਾ ਦੀ ਸੀਮਾ ਅਨੁਸਾਰ ਪਕੜਨ ਦੀ ਕੋਸ਼ਿਸ਼ ਹੀ ਕੀਤੀ ਜਾ ਸਕਦੀ ਹੈ, ਪਕੜਨ ਦਾ ਦਾਅਵਾ ਨਹੀਂ।ਹਾਂ ਦਲਵੀਰ ਕੌਰ ਨੂੰ ਉਸਦੇ ਇਸ ਰਹੱਸਮਈ ਕਾਵਿ ਸੰਗ੍ਰਹਿ ਲਈ ਮੁਬਾਰਕ ਜ਼ਰੂਰ ਦੇ ਸਕਦੀ ਹਾਂ। **-ਪੁਸ਼ਵਿੰਦਰ ਕੌਰ**

## ਜ਼ਰਦ ਰੰਗਾਂ ਦਾ ਮੌਸਮ (ਕਾਵਿ ਸੰਗ੍ਰਹਿ) ਪਰਮਿੰਦਰ ਕੌਰ ਸਵੈਚ

ਪਰਮਿੰਦਰ ਕੌਰ ਸਵੈਚ ਦੀ ਵੱਡੀ ਪਛਾਣ ਇਕ ਐਕਟਿਵਿਸਟ ਦੀ ਹੈ, ਜੋ ਪਿਛਲੇ ਤਿੰਨ ਦਹਾਕਿਆ ਤੋਂ ਪਰਿਵਾਰ ਸਮੇਤ ਕਨੇਡਾ ਵਿਚ ਰਹਿੰਦੀ ਹੋਈ ਵਿਗਿਆਨਕ ਮਾਨਵਵਾਦੀ ਸੋਚ ਦੇ ਪਰਚਾਰ ਪਾਸਾਰ ਅਤੇ ਲੋਕ ਹਿਤਾਂ ਦੇ ਮੁੱਦਿਆਂ ਉੱਤੇ ਸੰਘਰਸ਼ ਵਿਚ ਲਗਾਤਰ ਸਰਗਰਮ ਰਹੀ ਹੈ। ਐਕਟਵਿਸਟ ਹੋਣ ਦਾ ਇਕ ਪਾਸਾਰ ਹੀ ਉਸਦੀ ਸਭਿਆਚਾਰਕ ਖੇਤਰ ਵਿਚਲੀ ਸਰਗਰਮੀ ਵੀ ਹੈ, ਜਿਸਦੇ ਅੰਤਰਗਤ ਉਹ ਸਮੇਂ ਸਮੇਂ ਨਾਟਕ ਮੰਚਨ ਅਤੇ ਸਾਹਿਤਕ ਸਮਾਗਮ ਤੇ ਗੋਸ਼ਟੀਆਂ ਰਚਾਉਂਦੀ ਹੈ।ਉਹ ਖੁਦ ਨਾਟਕ, ਕਵਿਤਾ ਕਹਾਣੀ ਅਤੇ ਲੇਖ ਲਿਖਦੀ ਆਈ ਹੈ ਅਤੇ ਪਹਿਲੀਆਂ

ਦੋ ਵਿਧਾਵਾ ਵਿਚ ਉਸਦੀਆਂ ਪੁਸਤਕਾਂ ਵੀ ਛਪ ਚੁੱਕੀਆਂ ਹਨ – ਤਿੰਨ ਨਾਟਕ ਸੰਗ੍ਰਹਿ ਅਤੇ ਦੋ ਕਾਵਿ ਸੰਗ੍ਰਹਿ। ਪਰਮਿੰਦਰ ਸਵੈਚ ਵਰਗੇ ਐਕਟਿਵਿਸਟ ਆਪਣੀ ਸਿਰਜਣਾਤਮਕ ਸਰਗਰਮੀ ਨੂੰ ਖੁਦ ਜੇ ਦੂਜੈਲੇ ਥਾਂ ਉੱਤੇ ਨਾ ਵੀ ਰੱਖਣ, ਤਦ ਦੀ ਸਾਹਿਤਕ ਤੇ ਕਲਾਤਮਕ ਖੇਤਰਾਂ ਵਿਚ ਅਕਸਰ ਉਹਨਾਂ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ। ਪਰਮਿੰਦਰ ਸਵੈਚ ਦੇ ਸੰਬੰਧ ਵਿਚ ਖੁਦ ਮੇਰਾ ਵੀ ਇਸੇ ਤਰ੍ਹਾਂ ਦਾ ਪ੍ਰਭਾਵ ਬਣਿਆ ਰਿਹਾ ਹੈ।

ਉਸਦੇ ਲਿਖੇ ਤੇ ਨਿਰਦੇਸ਼ਤ ਕੀਤੇ ਨਾਟਕ ਤਾਂ ਵੇਖਣ ਦਾ ਮੌਕਾ ਮਿਲਦਾ ਰਿਹਾ, ਪਰ ਉਸਦੀ ਪੁਸਤਕ ਕੋਈ ਨਹੀਂ ਸੀ ਪੜ੍ਹੀ। 'ਜ਼ਰਦ ਰੰਗਾਂ ਦਾ ਮੌਸਮ' (ਪੰਨੇ 131, ਮੁੱਲ 220 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ) ਦੇ ਰੂਪ ਵਿਚ ਉਸਦੀ ਪਹਿਲੀ ਪੁਸਤਕ ਜਦੋਂ ਹੱਥ ਆਈ ਤਾਂ ਜਾਣਿਆ ਕਿ ਇਹ ਪਰਮਿੰਦਰ ਕੌਰ ਸਵੈਚ ਦੀ ਪਹਿਲੀ ਕਾਵਿ ਪੁਸਤਕ ਨਹੀਂ ਸਗੋਂ ਤੀਸਰੀ ਹੈ। ਇਸ ਤੋਂ ਪਹਿਲਾਂ ਉਸਦੇ ਦੋ ਕਾਵਿ ਸੰਗ੍ਰਹਿ ਛਪ ਚੁੱਕੇ ਹਨ, 'ਮੁਖੌਟਿਆਂ ਦੇ ਆਰ ਪਾਰ' 2010 ਅਤੇ 'ਲਹਿਰਾਂ ਦੀ ਵੇਦਨਾ' 2016 ਵਿਚ। ਪਹਿਲੀਆਂ ਪੁਸਤਕਾਂ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ ਪਰ ਹੱਥਲੀ ਪੁਸਤਕ ਪੜ੍ਹਨ ਉਪਰੰਤ ਇਹ ਅਵੱਸ਼ ਕਿਹਾ ਜਾ ਸਕਦਾ ਹੈ ਕਿ ਸਵੈਚ ਦੀ ਐਕਟਿਵਿਸਟ ਹੋਣ ਦੀ ਹੈਸੀਅਤ ਆਪਣੀ ਥਾਂ, ਉਸ ਵਿਚ ਕਾਵਿ ਪ੍ਰਤਿਭਾ ਮੌਜੂਦ ਹੋਣ ਬਾਰੇ ਕੋਈ ਸੰਦੇਹ ਨਹੀਂ ਹੋ ਸਕਦਾ। ਆਮ ਜਾਣੇ ਜਾਂਦੇ ਅਰਥਾਂ ਵਿਚ ਉਹ ਰੁਮਾਂਟਿਕ ਭਾਂਤ ਦੀ ਰਚਨਾ ਭਾਵੇਂ ਨਾ ਵੀ ਕਰਦੀ ਹੋਵੇ ਪਰ ਉਹ ਯਕੀਨਨ ਇਕ ਸੰਵੇਦਨਸ਼ੀਲ ਕਵਿੱਤਰੀ ਹੈ, ਜੋ ਜਨਤਕ ਹਿਤਾਂ ਵਾਲੇ ਸਰੋਕਾਰਾਂ ਨਾਲ ਜੁੜੇ ਸੰਘਰਸ਼ਾਂ ਵਿਚ ਵਿਸ਼ਵਾਸ ਰਖਦੀ ਹੋਈ ਸੁਹਜ, ਸੁੱਚਤਾ ਤੇ ਪਿਆਰ ਦੇ ਭਾਵਾਂ ਨੂੰ ਵੀ ਖੂਬ ਪਛਾਣਦੀ ਹੈ।

'ਸਵੈ ਦੀ ਸ਼ਨਾਖਤ' ਨਾਂ ਦੀ ਕਵਿਤਾ ਪੁਸਤਕ ਦੀ ਪਹਿਲੀ ਕਵਿਤਾ ਹੋਣ ਕਰਕੇ ਹੀ ਮਹੱਤਵਪੂਰਨ ਨਹੀਂ, ਇਹ ਵੈਸੇ ਵੀ ਲੋਕ ਹਿਤੈਸ਼ੀ ਅਗਾਂਹਵਧੂ ਵਿਸ਼ਵ ਦ੍ਰਿਸਟੀਕੋਣ ਨੂੰ ਪਰਨਾਈ ਸਵੈਚ ਦੀ ਸ਼ਖਸੀਅਤ ਦਾ ਪਰਿਚਯ ਕਰਵਾਉਂਦੀ ਹੋਈ ਸਵੈ ਆਲੋਚਨਾ ਦੀ ਭਾਵਨਾ ਨਾਲ ਆਪਣੀਆਂ ਅਜਿਹੀਆਂ ਦ੍ਰਿਸ਼ਟੀਗਤ ਕਮਜ਼ੋਰੀਆਂ ਉੱਤੇ ਉਂਗਲ਼ ਧਰਦੀ ਹੈ ਜੋ ਉਸਦੇ ਅਚੇਤ ਦੀ ਕਿਸੇ ਅੰਦਰਲੀ ਤੈਅ ਵਿਚ ਲੁਕੀਆਂ ਪਈਆਂ ਹਨ। ਇਕ ਨਿੱਕਾ ਜਿਹਾ ਉਤਮ ਪਰਖੀ ਬਿਰਤਾਂਤ ਸਿਰਜਦੀ ਇਸ ਕਵਿਤਾ ਵਿਚ ਲੇਖਿਕਾ ਹੱਦਾਂ, ਸਰਹੱਦਾਂ, ਭਾਸ਼ਾਵਾਂ, ਰੰਗਾਂ, ਨਸਲਾਂ, ਧਰਮਾਂ ਦੇ ਵਿਖੇਵਿਆਂ ਤੋਂ ਮੁਕਤ, ਕਿਊਬਾ ਦੇ ਇਨਕਲਾਬ ਦੇ ਹੀਰੋ ਤੇ ਬੋਲੀਵੀਆ ਦੇ ਇਨਕਲਾਬੀ ਸੰਘਰਸ਼ ਵਿਚ ਸ਼ਹੀਦ ਹੋਣ ਵਾਲੇ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਲੋਕ-ਨਾਇਕ ਚੀ ਗਵੇਰਾ ਦੀ ਜੀਵਨੀ ਪੜ੍ਹਦੀ ਸਰਸ਼ਾਰ ਹੋ ਰਹੀ ਅਤੇ ਮਨੋ ਮਨੀ ਆਪਣੇ ਆਪ ਨੂੰ ਉਸਦੀ ਪੈਰੋਕਾਰ ਵਜੋਂ ਕਿਆਸ ਰਹੀ ਹੁੰਦੀ ਹੈ, ਜਦੋਂ ਉਸਦੀ ਜਵਾਨ ਧੀ ਉਸਦਾ ਧਿਆਨ ਆਪਣੇ ਵੱਲ ਖਿੱਚਦੀ ਹੋਈ ਦੱਸਦੀ ਹੈ ਕਿ ਉਸਨੇ ਆਪਣਾ ਬੁਆਏ ਫਰੈਂਡ ਲੱਭ ਲਿਆ ਹੈ ਜੋ ਗੋਰਾ ਹੈ, ਅਤੇ ਉਹ ਆਪਣੇ ਗੋਰੇ ਮਿੱਤਰ ਨਾਲ ਸ਼ਾਦੀ ਕਰਨਾ ਚਾਹੁੰਦੀ ਹੈ। ਲੇਖਿਕਾ ਵਿਚ ਕਿਤੇ ਲੁਕੀ ਬੈਠੀ ਰਵਾਇਤੀ ਸੋਚ ਵਾਲੀ ਪੰਜਾਬੀ ਔਰਤ ਆਪਣੀ ਧੀ ਦੇ ਇਸ ਸੰਬੰਧ ਨੂੰ ਪ੍ਰਵਾਨਗੀ ਦੇਣ ਤੋਂ ਹਿਚਕਚਾਉਂਦੀ ਹੋਈ ਸ਼ਾਇਦ ਕਹਿਣਾ ਤਾਂ ਹੋਰ ਵੀ ਬਹੁਤ ਕੁਝ ਚਾਹੁੰਦੀ ਹੋਵੇ ਪਰ ਆਖਦੀ ਏਨਾ ਹੀ ਹੈ ਕਿ "ਮੈਨੂੰ ਦਿੱਕਤ ਹੈ ਉਸਦੀ ਬੋਲੀ ਦੀ।" ਅਮਲੀ ਰੂਪ ਵਿਚ ਮਾਂ ਤੋਂ ਕਿਤੇ ਅੱਗੇ ਵਧ ਚੁੱਕੀ ਧੀ ਆਪਣੇ ਜਵਾਬ ਨਾਲ ਜਿਵੇਂ ਮਾਂ ਦਾ ਕਾਇਆ ਕਲਪ ਹੀ ਕਰ ਦਿੰਦੀ ਹੈ। ਧੀ ਦੇ ਬੋਲ ਅਸਲੀ ਸੁੱਚੀ ਅਗਾਂਹਵਧੂ ਸੋਚ ਦਾ ਹੀ ਸੁੰਦਰ ਪ੍ਰਗਟਾਵਾ ਨਹੀਂ, ਕਵਿਤਾ ਦੀ ਖੂਬਸੂਰਤੀ ਦਾ ਵੀ ਕਮਾਲ ਦਾ ਨਮੂਨਾ ਹਨ:

*"ਮਾਂ ਮਨੁੱਖਤਾ ਦੇ ਪਿਆਰ ਲਈ*
*ਲੋੜ ਹੈ ਦਿਲਾਂ ਦੀ ਪ੍ਰਵਾਨਗੀ ਦੀ*
*ਪਿਆਰ ਦੀ ਪਾਕੀਜ਼ਗੀ ਦੀ*
*ਪ੍ਰਪੱਕ ਸਾਂਝੇ ਵਿਚਾਰਾਂ ਦੀ*

*ਜਜ਼ਬਾਤ ਦੀ, ਸੁੱਚੀਆਂ ਭਾਵਨਾਵਾਂ ਦੀ*
*ਬੋਲੀਆਂ ਦੀ ਨਹੀਂ*
*ਪਸ਼ੂ-ਪੰਛੀ ਕਿਹੜਾ ਬੋਲਦੇ ਹਨ ਭਾਸ਼ਾਵਾਂ"*

ਏਸੇ ਤਰ੍ਹਾਂ ਦੀ ਹੀ ਸੁੱਚੇ ਪਿਆਰ ਦੇ ਨਾਲ ਲਬਰੇਜ਼ ਰਚਨਾ ਦੀ ਇਕ ਹੋਰ ਉਦਾਹਰਨ ਹੈ 'ਤੇਰੀ ਦੋਸਤੀ ਦੇ ਨਾਂ' ਦੀ ਕਵਿਤਾ, ਜੋ ਉਸਨੇ ਆਪਣੀ ਦੋਸਤ ਜਸਵੀਰ ਮੰਗੂਵਾਲ ਦੇ ਹਵਾਲੇ ਨਾਲ ਲਿਖੀ ਹੈ। ਇਸ ਕਵਿਤਾ ਨੂੰ ਪੜ੍ਹਨਾ ਅਤਿਅੰਤ ਸੱਚੇ ਸੁੱਚੇ, ਸੁਹਜ ਭਰਪੂਰ ਸਾਂਝ ਤੇ ਪਿਆਰ ਦੇ ਅਹਿਸਾਸ ਵਿਚੋਂ ਗੁਜ਼ਰਰਨ ਦੀ ਨਿਆਈਂ ਹੈ। ਇਸ ਕਵਿਤਾ ਵਿਚ ਦੋਸਤੀ ਨੂੰ ਜਿਵੇਂ ਪਰਿਭਾਸ਼ਤ ਕੀਤਾ ਗਿਆ ਹੈ ਅਤੇ ਨਿਵੇਕਲੀਆਂ ਤਸ਼ਬੀਹਾਂ ਨਾਲ ਜਿਵੇਂ ਇਸਦੀ ਖ਼ੂਬਸੂਰਤੀ ਨੂੰ ਉਭਾਰਿਆ ਗਿਆ ਹੈ, ਉਹ ਬਾਕਮਾਲ ਹੈ। *ਬਦਾਮ ਦੀ ਛਿੱਲ ਵਰਗਾ ਰੱਖਿਆ ਕਵੱਚ* ਬਣਨ ਅਤੇ *ਸਰਦੀਆਂ ਦੀ ਰੁੱਤੇ ਸੂਰਜ ਦੀ ਮੱਠੀ ਮੱਠੀ ਧੁੱਪ ਵਰਗਾ ਨਿੱਘ* ਦੇਣ ਵਾਲੀ ਇਸ ਦੋਸਤੀ ਵਿਚ ਕੀ ਕੁਝ ਨਹੀਂ! ਤਾਜ਼ਗੀ, ਹੌਂਸਲਾ, ਪਿਆਰ, ਹਾਸਾ, ਢਾਰਸ, ਨਿਹੋਰਾ, ਘੁਰਕੀ, ਹਿੰਮਤ, ਯਕੀਨ, ਚੁੰਬਕ ਅਤੇ ਕਾਫੀ ਕੁਝ ਹੋਰ ਸਮੇਤ *ਨਿਰਾ ਸੋਨਾ* ਹੈ ਇਹ ਦੋਸਤੀ।

ਸਵੈਚ ਦਾ ਇਹ ਕਹਿਣਾ ਹੈ ਕਿ ਉਹ ਰਾਜਨੀਤਕ ਕਵਿਤਾ ਲਿਖਦੀ ਹੈ ਜੋ ਉਸਦੀ ਸਮਝ ਅਨੁਸਾਰ ਲਿਖੀ ਜਾਣੀ ਜ਼ਰੂਰੀ ਹੈ। ਹਾਕਮ ਵੀ 'ਸ਼ਬਦਾਂ ਦੀ ਰਾਜਨੀਤੀ' ਕਰਦਾ ਹੈ, ਲੋਕਾਂ ਨੂੰ ਲੁੱਟਣ ਲਈ, ਧੋਖਾ ਦੇਣ ਲਈ। ਜਦਕਿ ਉਸਦੀ ਰਾਜਨੀਤੀ ਲੋਕ-ਹਿਤਾਂ ਅਤੇ ਲੋਕਤਾ ਦੇ ਹੱਕ ਵਿਚ ਹੈ। ਉਸਦੀ ਤਾਂਘ ਹੈ ਕਿ

*ਸ਼ਬਦ ਮਹਾਨ ਬਣ ਜਾਣ*
*ਮਨੁੱਖਤਾ ਲਈ ਬਲੀਦਾਨ ਬਣ ਜਾਣ*
*ਦੰਭੀਆਂ ਲਈ ਤੀਰ ਕਮਾਣ ਬਣ ਜਾਣ*
*ਕਾਮੇ ਲਈ ਭੁੱਖ ਦਾ ਸਾਮਾਨ ਬਣ ਜਾਣ*
*ਤੇ ਇਹ ਸ਼ਬਦ--ਭਵਿੱਖ ਦੇ ਚੜ੍ਹਦੇ ਸੂਰਜ ਦਾ ਅਰਮਾਨ ਬਣ ਜਾਣ*

ਆਪਣੀ ਜਨਮ ਭੂਮੀ ਭਾਰਤ ਅਤੇ ਕਰਮ ਭੂਮੀ ਕੈਨੇਡਾ ਦੋਹਾਂ ਦੇ ਹਾਲਾਤ ਬਾਰੇ ਪੂਰੀ ਤਰ੍ਹਾਂ ਚੇਤੰਨ ਰਹਿੰਦੀ ਹੋਈ ਸਵੈਚ ਬਾਕੀ ਸੰਸਾਰ ਵਿਚ ਹੋ ਵਾਪਰ ਰਹੇ ਬਾਰੇ ਵੀ ਅਵੇਸਲੀ ਨਹੀਂ ਰਹਿੰਦੀ। ਭਾਰਤ ਵਿਚਲਾ ਇਤਿਹਾਸਕ ਕਿਸਾਨੀ ਮੋਰਚਾ (ਲਹਿਰਾਂ ਬਣਕੇ ਆਏ ਲੋਕ), ਫਲਸਤੀਨ ਦਾ ਮਸਲਾ (ਮਾਸੂਮ, ਫਲਸਤੀਨ ਦੀ ਪੁਕਾਰ), ਅਮਰੀਕਾ ਵਿਚ ਕਾਲ਼ੇ ਨਾਗਰਿਕ ਦਾ ਪੁਲਸ ਦੁਆਰਾ ਵਹਿਸ਼ੀ ਕਤਲ(ਚੁੱਪ ਦੀ ਮੌਤ), ਬੇਘਰੇ ਲੋਕ (ਓਟ ਆਸਰਾ), ਪੂੰਜੀਵਾਦੀ ਵਿਵਸਥਾ ਦੀ ਚਮਕ ਦਮਕ ਤੇ ਹਕੀਕਤ (ਵੱਡੀ ਦੁਕਾਨ), ਕਨੇਡਾ ਵਿਚ ਮੂਲ ਨਿਵਾਸੀਆਂ ਨਾਲ ਕੀਤੇ ਗਏ ਛੜਯੰਤਰ ਤੇ ਧੱਕੇ (ਜੜ੍ਹਾਂ), ਵਰਗੇ ਮੁੱਦੇ ਪਰਮਿੰਦਰ ਸਵੈਚ ਦੇ ਸਵੰਦੇਨਸ਼ੀਲ ਆਪੇ ਨੂੰ ਝੂਣਦੇ ਹੋਏ ਉਸਦੀ ਕਵਿਤਾ ਦੀ ਵਸਤ ਬਣਦੇ ਹਨ। 'ਜੜ੍ਹਾਂ' ਨਾਂ ਦੀ ਕਵਿਤਾ ਦੀਆਂ ਪੰਕਤੀਆਂ ਗੋਰੇ ਬਸਤੀਵਾਦੀਆਂ ਵੱਲੋਂ ਮੂਲ ਨਿਵਾਸੀਆਂ ਨਾਲ ਕੀਤੀ ਗਈ ਬੇਈਮਾਨੀ ਦਾ ਸੱਚ ਇੰਝ ਬਿਆਨ ਕਰਦੀਆਂ ਹਨ:

*ਨਿੱਕੇ ਨਿੱਕੇ ਵਪਾਰਾਂ ਦੇ ਬਹਾਨੇ/ ਤੁਸੀਂ ਆਏ*
*ਲੂੰਬੜਚਾਲਾਂ ਤੋਂ ਬੇਖਬਰ/ ਅਸੀਂ ਕਲਾਵੇ 'ਚ ਲੈ*
*ਹਿੱਕ ਨਾਲ ਲਾ ਲਿਆ, ਸੋਚਿਆ*
*ਇਹ ਧਰਤੀ ਸਾਡੀ ਇਕੱਲਿਆਂ ਦੀ ਨਹੀਂ...*
*ਸਾਨੂੰ ਨਹੀਂ ਸੀ ਪਤਾ ਕਿ/ ਜੱਫੀਆਂ ਦੇ ਰੂਪ ਵਿਚ*
*ਸਿੱਕਿਆਂ ਦੇ ਢੇਰ 'ਤੇ ਬੈਠਾਂ ਫਨੀਅਰ*

*ਸਾਡੇ ਗਲ਼ ਨੂੰ ਇੰਝ ਲਿਪਟੇਗਾ*
*ਸੜ੍ਹਾਕ ਜਾਵੇਗਾ ਸਾਡਾ/ ਪੂਰੇ ਦਾ ਪੂਰਾ ਖ਼ੂਨ*

ਅਤੇ 'ਵੱਡੀ ਦੁਕਾਨ' ਵਿਚ ਪਦਾਰਥਕ ਬਹੁਲਤਾ ਦੇ ਸਮਵਿੱਥ ਖੋਖਲੀ ਹੋ ਰਹੀ ਜ਼ਿੰਦਗੀ ਦੇ ਰੂਪ ਵਿਚ ਇਸ ਸਮੇਂ ਅਮਰੀਕਾ ਦੀ ਸਰਦਾਰੀ ਵਿਚ ਛਾਲ਼ਾਂ ਮਾਰਦੀ ਪੂੰਜੀਵਾਦੀ ਵਿਵਸਥਾ ਦਾ ਚਿੱਤਰ ਉਭਰਦਾ ਹੈ। ਇਸ ਵੱਡੀ ਦੁਕਾਨ ਵੱਲ ਦੁਨੀਆਂ ਦੌੜ ਰਹੀ ਹੈ, ਖਰੀਦਣ ਲਈ ਢੇਰਾਂ ਦੇ ਢੇਰ ਕਪੜੇ, ਗਹਿਣੇ, ਬਰੈਂਡਿਡ ਕਾਰਾਂ, ਫੋਨ ਤੇ ਕਿੰਨਾ ਹੀ ਨਿਕ-ਸੁਕ।

*ਸਿਰ ਤੋਂ ਪੈਰਾਂ ਤਕ/ ਬੂਹਿਆਂ ਤੋਂ ਖੂੰਜਿਆਂ ਤਕ*
*ਤੂੜੇ ਪਏ ਹਾਂ ਚੀਜ਼ਾਂ ਨਾਲ*
*ਸਕੂਨ ਲਈ ਬਚਦੀ ਨਹੀਂ/ ਇਕ ਇੰਚ ਵੀ ਥਾਂ ...*

ਅਤੇ ਜ਼ਿੰਦਗੀ ਤਾਂ ਬਸ ਘਰ ਤੋਂ ਕੰਮ, ਕੰਮ ਤੋਂ ਬਾਜ਼ਾਰ, ਬਾਜ਼ਾਰ ਤੋਂ ਬਿਸਤਰਾ ਬਣ ਕੇ ਰਹਿ ਗਈ ਹੈ।

ਪੁਸਤਕ ਵਿਚ ਸ਼ਾਮਲ ਜਿਨ੍ਹਾਂ ਕਵਿਤਾਵਾਂ ਵਿਚ ਔਰਤ ਦੀ ਸਥਿਤੀ ਵਿਸ਼ਾ ਬਣੀ ਹੈ, ਉਨ੍ਹਾਂ ਵਿਚ ਸਵੈਚ ਨੇ, ਵਿਸ਼ੇਸ਼ ਤੌਰ 'ਤੇ ਭਾਰਤੀ ਸਮਾਜ ਦੇ ਇਤਿਹਾਸਕ ਪ੍ਰਸੰਗ ਵਿਚ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਰੇਖਾਂਕਤ ਕਰਨ ਦੇ ਨਾਲ ਨਾਲ ਨਵੇਂ ਯੁਗ ਦੀ ਚੇਤੰਨ ਬੁੱਧ ਔਰਤ ਦਾ ਬਿੰਬ ਉਭਾਰਿਆ ਹੈ। 'ਕਿੰਨੀ ਕੁ ਔਰਤ'ਨਾਂ ਦੀ ਕਵਿਤਾ ਉਸ ਵਿਡੰਬਨਾ ਵਾਲੀ ਸਥਿਤੀ ਨੂੰ ਸਾਹਮਣੇ ਲਿਆਉਂਦੀ ਹੈ ਜਿਸ ਵਿਚ ਧਨ, ਗਿਆਨ, ਸ਼ਕਤੀ ਦੀ ਪ੍ਰਾਪਤੀ ਲਈ ਲਕਸ਼ਮੀ, ਸਰਸਵਤੀ ਤੇ ਦੁਰਗਾ ਦੀ ਪੂਜਾ ਕੀਤੀ ਜਾਂਦੀ ਹੈ। ਪਰ ਅੱਜ ਦੀ ਚੇਤੰਨ ਔਰਤ ਪੱਥਰ ਦੀ ਦੇਵੀ ਵਜੋਂ ਆਪਣੀ ਪੂਜਾ ਨਹੀਂ ਲੋੜਦੀ। ਸਵੈਚ ਦੀ ਸਮਝ ਵਾਲੀ ਔਰਤ ਦਾ ਤਾਂ ਕਹਿਣਾ ਹੈ,

*ਹੁਣ ਮੈਂ ਦੇਵੀ ਨਹੀਂ ਬਣਨਾ*
*ਤੇ ਨਾ ਹੀ ਕੰਜਕ*
*ਮੈਂ ਤਾਂ ਔਰਤ ਹਾਂ*
*ਔਰਤ ਹੀ ਬਣਨਾ ਹੈ, ਪੱਥਰ ਨਹੀਂ...*

ਵੈਸੇ ਪਰਮਿੰਦਰ ਸਵੈਚ ਦੇ ਸਰੋਕਾਰਾਂ ਦਾ ਘੇਰਾ ਸਿਰਫ ਔਰਤ ਦੀ ਇਕ ਜੀਵ ਵਜੋਂ ਹੋਂਦ ਨੂੰ ਸਵੀਕਾਰ ਕਰਾਉਣ ਦੇ ਸੰਘਰਸ਼ ਤਕ ਸੀਮਤ ਨਹੀਂ। ਉਹ ਔਰਤ ਮਰਦ ਸਭਨਾਂ ਦੇ ਹੱਕ ਵਿਚ ਜੂਝਣ ਵਾਲੀ ਵੀਰਾਂਗਣਾ ਹੈ। ਜਨਵਾਦੀ ਐਕਟਿਵਿਸਟ ਹੋਣ ਦੇ ਨਾਤੇ ਉਹ ਅਵੱਸ਼ ਮਹਿਲਾਂ ਮੁਨਾਰਿਆਂ, ਮਹਿੰਗੀਆਂ ਕਾਰਾਂ ਜਾਂ ਐਸ਼ੋ ਇਸ਼ਰਤ ਦੀ ਤਲਾਸ਼ ਵਿਚ 'ਬਿਹਬਲ ਨਹੀਂ' ਹੁੰਦੀ ਹੋਵੇਗੀ, ਪਰ ਇਕ ਸੰਵੇਦਨਸ਼ੀਲ ਕਵਿਤਰੀ ਵਜੋਂ ਰੰਗਾਂ, ਸੁਰਾਂ ਤੇ ਵੰਨ ਸੁਵੰਨੇ ਸ਼ਬਦਾਂ ਦੀ ਚਾਹਤ ਤੋਂ ਇਨਕਾਰੀ ਹੋਣਾ ਉਸ ਲਈ ਵੀ ਸੰਭਵ ਨਹੀਂ। **-ਰਘਬੀਰ ਸਿੰਘ**

## ਪ੍ਰਾਪਤ ਪੁਸਤਕਾਂ

**ਰੌਲ਼ਿਆਂ ਵੇਲੇ** (ਨਾਵਲ) ਬਲਬੀਰ ਪਰਵਾਨਾ
ਪੰਨੇ 188, ਮੁੱਲ 300 ਰੁਪਏ, ਲੋਕਗੀਤ ਪ੍ਰਕਾਸ਼ਨ, ਮੁਹਾਲੀ

**ਲੂਣ ਦਾ ਜਜ਼ੀਰਾ** (ਨਾਵਲ) ਜਸਬੀਰ ਭੁੱਲਰ
ਪੰਨੇ 128, ਮੁੱਲ: 300 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

**ਕਰਮਾਂ ਵਾਲੀ ਧੀ** (ਨਾਵਲ) ਗੁਰਚਰਨ ਸੱਗੂ
ਪੰਨੇ 248, ਮੁੱਲ 600 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

**ਗੁੱਡ-ਲੱਕ** (ਨਾਵਲ) ਬੂਟਾ ਸਿੰਘ ਚੌਹਾਨ
ਪੰਨੇ 156, ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

**ਗੁੱਡੋ** (ਨਾਵਲ) ਕੇਸਰਾ ਰਾਮ
ਪੰਨੇ 218, ਮੁੱਲ 450 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**70% ਪ੍ਰੇਮ ਕਥਾ** (ਨਾਵਲ) ਜਸਵੀਰ ਸਿੰਘ ਰਾਣਾ
ਪੰਨੇ 336, ਮੁੱਲ 450 ਰੁਪਏ, ਬੁੱਕ ਹਾਈਵੇਅ, ਪਿੰਡ ਆਹਨ ਖੇੜੀ (ਮਾਲੇਰਕੋਟਲਾ)
**ਤੀਲ੍ਹਾ** (ਨਾਵਲ) ਰਿਪੁਦਮਨ ਸਿੰਘ ਰੂਪ
ਪੰਨੇ 130, ਮੁੱਲ 295 ਰੁਪਏ, ਲੋਕਗੀਤ ਪ੍ਰਕਾਸ਼ਨ, ਮੁਹਾਲੀ
**ਗਲਾਬੀ ਸੁੰਡੀ** (ਨਾਵਲ) ਸੁਰਜੀਤ ਬਰਾੜ
ਪੰਨੇ 268, ਮੁੱਲ 375 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਗਰੀਨ ਕਾਰਡ** (ਨਾਵਲ) ਸਾਧੂ ਸਿੰਘ ਸੰਘਾ
ਪੰਨੇ 176, ਮੁੱਲ 300 ਰੁਪਏ, ਨਵਰੰਗ ਪਬਲੀਕੇਸ਼ਨ, ਚੱਕ ਅੰਮ੍ਰਿਤਸਰੀਆ, ਸਮਾਣਾ
**ਅਲਵਿਦਾ!... ਕਦੀ ਵੀ ਨਹੀਂ** (ਨਾਵਲ) ਲਾਜ ਨੀਲਮ ਸੈਣੀ
ਪੰਨੇ 224, ਮੁੱਲ 250 ਰੁਪਏ, ਪ੍ਰਿਥਮ ਪ੍ਰਕਾਸ਼ਨ, ਪਟਿਆਲਾ
**ਘੱਗਰ ਕੰਢੇ ਦੇ ਕਜ਼ਾਕ** (ਨਾਵਲ) ਹਰਜੀਤ ਕੌਰ ਵਿਰਕ
ਪੰਨੇ 152, ਮੁੱਲ 250 ਰੁਪਏ, ਬੁੱਕ ਹਾਈਵੇਅ, ਪਿੰਡ ਆਹਨ ਖੇੜੀ (ਮਾਲੇਰਕੋਟਲਾ)
**ਕਰਮਾਂ ਸੰਦੜਾ ਖੇਤ** (ਨਾਵਲ) ਹਰਬੰਸ ਸਿੰਘ ਅਖਾੜਾ
ਪੰਨੇ 140, ਮੁੱਲ 120 ਰੁਪਏ, ਗੋਰਕੀ ਪ੍ਰਕਾਸ਼ਨ, ਲੁਧਿਆਣਾ
**ਚੁਰਸਤਾ** (ਨਾਵਲ) ਲਵੀ ਸੱਜਾਦ
ਪੰਨੇ 116, ਮੁੱਲ 150 ਰੁਪਏ, ਪ੍ਰਿਥਮ ਪ੍ਰਕਾਸ਼ਨ, ਪਟਿਆਲਾ
**ਨੰਗੇਜ ਤੇ ਹੋਰ ਚਰਚਿਤ ਕਹਾਣੀਆਂ** (ਕਹਾਣੀ ਸੰਗ੍ਰਹਿ) ਜਤਿੰਦਰ ਸਿੰਘ ਹਾਂਸ
ਪੰਨੇ 150, ਮੁੱਲ 300 ਰੁਪਏ, ਊੜਾ ਪਬਲੀਕੇਸ਼ਨ, ਮੋਗਾ
**ਰੌਂਗ ਨੰਬਰ** (ਕਹਾਣੀ ਸੰਗ੍ਰਹਿ) ਪਵਿੱਤਰ ਕੌਰ ਮਾਟੀ
ਪੰਨੇ 136, ਮੁੱਲ 280 ਰੁਪਏ, ਊੜਾ ਪਬਲੀਕੇਸ਼ਨ, ਮੋਗਾ
**ਦਸਤਾਵੇਜ਼** (ਕਹਾਣੀ ਸੰਗ੍ਰਹਿ) ਕੁਲਵੰਤ ਕੌਰ ਨਾਰੰਗ
ਪੰਨੇ 96, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਤੰਦ-ਤਾਣੀ** (ਕਵਿਤਾ) ਮਦਨ ਵੀਰਾ
ਪੰਨੇ 92, ਮੁੱਲ 150 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਬਿਸਾਤ** (ਕਵਿਤਾ) ਅਰਤਿੰਦਰ ਕੌਰ ਸੰਧੂ
ਪੰਨੇ 108, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਵਿਦਰੋਹੀ ਬੋਲ - ਨਕਸਲਬਾੜੀ ਲਹਿਰ ਦੀ ਚੋਣਵੀ ਕਵਿਤਾ** (ਕਵਿਤਾ) ਸੰਪਾਦਕ ਮੇਘਾ ਸਿੰਘ
ਪੰਨੇ 464, ਮੁੱਲ 599 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
**ਖ਼ਲਾਅ ਹੁਣ ਵੀ ਹੈ** (ਕਵਿਤਾ) ਗੁਰਪਿਆਰ ਹਰੀ ਨੌ
ਪੰਨੇ 80, ਮੁੱਲ 150 ਰੁਪਏ, ਪ੍ਰਿਥਮ ਪ੍ਰਕਾਸ਼ਨ, ਪਟਿਆਲਾ
**ਬਰਫ 'ਚ ਉੱਗੇ ਅਮਲਤਾਸ** (ਵਾਰਤਕ) ਗੁਰਿੰਦਰਜੀਤ
ਪੰਨੇ 256, ਮੁੱਲ 300 ਰੁਪਏ, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ
**ਅਣਗੌਲਿਆ ਆਜ਼ਾਦੀ ਘੁਲਾਟੀਆ ਗਿਆਨੀ ਗੁਰਦਿੱਤ ਸਿੰਘ ਦਲੇਰ** (ਜੀਵਨੀ) ਡਾ. ਗੁਰਦੇਵ ਸਿੰਘ ਸਿੱਧੂ
ਪੰਨੇ 220, ਮੁੱਲ 148 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਪੰਜਾਬ ਤੇ ਪਰਵਾਸ** (ਵਾਰਤਕ) ਸੰਪਾਦਕ ਗੁਰਪ੍ਰੀਤ ਸਿੰਘ ਤੂਰ, ਅਮਰਜੀਤ ਸਿੰਘ ਭੁੱਲਰ, ਬਲਵੰਤ ਸਿੰਘ ਸੰਧੂ
ਪੰਨੇ 248, ਮੁੱਲ 325 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ
**ਜਿਗਰੀ** (ਤੈਲਗੂ ਨਾਵਲ) ਪੀ. ਅਸ਼ੋਕ ਕੁਮਾਰ, ਅਨੁਵਾਦ: ਤਰਸੇਮ
ਪੰਨੇ 104, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਬੁਖਾਰੀ** (ਬੰਗਲਾ ਨਾਵਲ) ਸ਼ਯਾਮਲ ਭੱਟਾਚਾਰੀਆ, ਅਨੁਵਾਦ: ਪ੍ਰੋਮਿਲਾ ਅਰੋੜਾ
ਪੰਨੇ 220, ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜਨਵਰੀ, 2025

## ਕੈਨੇਡਾ ਵਸਦੇ ਗਪਲਕਾਰ ਮੇਜਰ ਮਾਂਗਟ ਦਾ ਨਵਾਂ ਕਹਾਣੀ ਸੰਗ੍ਰਹਿ 'ਬਲੈਕ ਆਈਸ'




ਮੇਜਰ ਮਾਂਗਟ ਦੀਆਂ ਕਹਾਣੀਆਂ ਪਰਵਾਸੀ ਜੀਵਨ ਦਾ ਯਥਾਰਥ ਪੇਸ਼ ਕਰਦੀਆਂ ਹਨ। ਪਰਵਾਸੀ ਸਰੋਕਾਰਾਂ ਦਾ ਤੇਜ਼ੀ ਨਾਲ ਬਦਲ ਰਿਹਾ ਧਰਾਤਲ ਇਨ੍ਹਾਂ ਕਹਾਣੀਆਂ ਦਾ ਹਿੱਸਾ ਬਣਿਆ ਹੈ। ਪਰਵਾਸੀ ਗਲਪ ਪੰਜਾਬੀ ਮਨੁੱਖ ਦੀਆਂ ਗੁੰਝਲਾਂ, ਸਭਿਆਚਾਰ ਦੀਆਂ ਸਮੱਸਿਆਵਾਂ, ਪੀੜ੍ਹੀ ਪਾੜਾ ਅਤੇ ਬਜ਼ੁਰਗਾਂ ਦੀ ਬੇਗਾਨਗੀ ਵਰਗੇ ਵਿਸ਼ਿਆਂ ਦੁਆਲੇ ਕੇਂਦਰਤ ਰਿਹਾ ਹੈ। ਮੇਜਰ ਮਾਂਗਟ ਨੇ ਇਨ੍ਹਾਂ ਵਿਸ਼ਿਆਂ ਵਿਚ ਕੌਮਾਂਤਰੀ ਰਾਜਨੀਤੀ, ਮਨੁੱਖੀ ਪਛਾਣ, ਪੁਰਾਣੀ ਤੇ ਨਵੀਂ ਪੀੜ੍ਹੀ ਦੇ ਟਕਰਾਓ ਨੂੰ ਨਵੇਂ ਜ਼ਾਵੀਏ ਤੋਂ ਪੇਸ਼ ਕੀਤਾ ਹੈ।

ਪੰਨੇ 160 ਸੁੰਦਰ ਦਿੱਖ ਮੁੱਲ 350 ਰੁਪਏ

**ਗਰੇਸ਼ੀਅਸ ਬੁੱਕਸ, ਪਟਿਆਲਾ**

**SIRJANA** Literary Punjabi Quarterly Chandigarh
No. 215 ISSN 2455-1058 January-March 2025
Registered with the Registrar of Newspapers for India vide R.N. 10215/65

**ਕੈਨੇਡਾ ਵਸਦੇ ਸਮਰੱਥ ਪ੍ਰੌਢ ਲੇਖਕ ਜਰਨੈਲ ਸਿੰਘ ਸੇਖਾ ਦਾ ਢਾਹਾਂ ਇਨਾਮ 2024 ਦੀ ਛੋਟੀ ਸੂਚੀ ਵਿਚ ਸ਼ਾਮਲ ਨਵਾਂ ਨਾਵਲ**




ਜਰਨੈਲ ਸਿੰਘ ਸੇਖਾ ਦਾ ਪੰਜਵਾਂ ਨਾਵਲ ਪੰਜਾਬੀ ਔਰਤ ਦੀ ਹੋਣੀ ਨੂੰ ਵੱਖ ਵੱਖ ਧਰਾਤਲਾਂ ਦੇ ਸੰਦਰਭ ਵਿਚ ਪੇਸ਼ ਕਰਦਾ ਹੈ। ਇਸਦੀ ਕੇਂਦਰੀ ਸੁਰ ਪੰਜਾਬੀ ਔਰਤ ਦੇ ਅਤੀਤ ਤੇ ਵਰਤਮਾਨ ਦੇ ਯਥਾਰਥਕ ਵੇਰਵਿਆਂ ਤੇ ਸਥਿਤੀਆਂ 'ਚੋਂ ਭਵਿੱਖ ਦੀ ਰਾਹ ਤਲਾਸ਼ਣ ਵੱਲ ਅਗਰਸਰ ਹੈ। ਆਵਾਸ ਤੇ ਪਰਵਾਸ ਵਿਚ ਪੰਜਾਬੀ ਔਰਤ ਦੀ ਹੋਣੀ ਦੀ ਬਾਤ ਪਾਉਂਦੇ ਇਸ ਨਾਵਲ ਵਿਚੋਂ ਜਗੀਰੂ ਕਦਰਾਂ-ਕੀਮਤਾਂ ਵਿਰੁੱਧ ਉਭਰਦੀ ਨਾਬਰੀ ਦੀ ਆਵਾਜ਼ ਬਹੁਤ ਸਪਸ਼ਟ ਹੈ।

ਪੰਨੇ 247 ਸੁੰਦਰ ਦਿੱਖ ਮੁੱਲ 250 ਰੁਪਏ

**ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ**